SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938

11ਵਾਂ ਸਾਲ
ਹਫਤਾਵਾਰੀ

# ਦੇਸ਼ ਦੁਆਬਾ

VOL -11 ISSUE -41
January 18, 2023
Postal Address
Desh Doaba
5101 Doe Hollow Pl., Antelope, CA-95843
www.deshdoaba.com
www.ambedkartimes.com

Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ
Call : Dharminder Singh
Cell : 530-870-6600
Email: myfuturetruck@gmail.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ / ਵਿਵੇਕ ਭਾਟੀਆ



ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਦਾ 138ਵਾਂ ਜਨਮ ਦਿਨ 22 ਜਨਵਰੀ 2023 ਪਿਟਸਬਰਗ ਅਤੇ 29 ਜਨਵਰੀ 2023 ਬੇ-ਏਰੀਆ ਵਿਖੇ ਮਨਾਇਆ। ਹੋਰ ਜਾਣਕਾਰੀ ਲਈ ਦੇਖੋ ਸਫਾ 2 ਅਤੇ 30 ਤੇ।

## ਬਾਇਡਨ ਸਰਕਾਰ ਵੱਲੋਂ ਵੀਜ਼ਾ ਤੇ ਗ੍ਰੀਨ ਕਾਰਡ ਸਹੂਲਤਾਂ ਵਧਾਉਣ ਦਾ ਐਲਾਨ

**ਵਾਸ਼ਿੰਗਟਨ (ਬਿਊਰੋ)–** ਬਾਇਡਨ ਪ੍ਰਸ਼ਾਸਨ ਨੇ ਗ੍ਰੀਨ ਕਾਰਡ ਬਿਨੈਕਾਰਾਂ ਦੀਆਂ ਕੁਝ ਨਾਜ਼ੁਕ ਸ਼੍ਰੇਣੀਆਂ ਅਤੇ ਵੀਜ਼ਾ ਦੀਆਂ ਕੁਝ ਸ਼੍ਰੇਣੀਆਂ ਤੱਕ ਪ੍ਰੀਮੀਅਮ ਪਹੁੰਚ ਵਧਾਉਣ ਦੀਆਂ ਯੋਜਨਾਵਾਂ ਦਾ ਐਲਾਨ ਕੀਤਾ ਹੈ। ਇਨ੍ਹਾਂ ਵਿੱਚ ਵਿਦੇਸ਼ੀ ਵਿਦਿਆਰਥੀਆਂ ਦੀ ਸਿਖਲਾਈ ਨਾਲ ਸਬੰਧਤ ਵੀਜ਼ੇ ਵੀ ਸ਼ਾਮਲ ਹਨ। ਦਰਅਸਲ, ਗ੍ਰੀਨ ਕਾਰਡਾਂ ਲਈ EB-1 ਅਤੇ EB-2 ਅਰਜ਼ੀਆਂ ਦੀ ਪ੍ਰੀਮੀਅਮ ਪ੍ਰੋਸੈਸਿੰਗ ਦੇ ਨਾਲ, ਇਹਨਾਂ ਸ਼੍ਰੇਣੀਆਂ ਨੂੰ ਪੜਾਅਵਾਰ ਢੰਗ ਨਾਲ ਵਧਾਇਆ ਜਾਵੇਗਾ। ਯੂਐਸ ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਿਜ਼ ਨੇ ਕਿਹਾ ਕਿ ਇਹ ਪਹਿਲਾਂ ਦਾਇਰ ਕੀਤੇ ਗਏ ਸਾਰੇ ਫਾਰਮ I-140 ਪਟੀਸ਼ਨਾਂ ਤੋਂ ਇਲਾਵਾ ਹੋਵੇਗੀ, ਜੋ ਕਿ E13 ਮਲਟੀਨੈਸ਼ਨਲ ਐਗਜ਼ੀ-ਕਿਊਟਿਵ ਅਤੇ ਮੈਨੇਜਰ ਵਰਗੀਕਰਣ ਦੇ ਤਹਿਤ ਦਾਇਰ ਕੀਤੀਆਂ ਗਈਆਂ ਸਨ। USCIS ਨੇ ਕਿਹਾ ਕਿ ਇਹ ਕੁਸ਼ਲਤਾ ਵਧਾਉਣ ਅਤੇ ਸਮੁੱਚੀ ਕਾਨੂੰਨੀ ਇਮੀਗ੍ਰੇਸ਼ਨ ਪ੍ਰਣਾਲੀ 'ਤੇ ਬੋਝ ਨੂੰ ਘਟਾਉਣ ਦੀਆਂ ਕੋਸ਼ਿਸ਼ਾਂ ਦਾ ਹਿੱਸਾ ਹੈ। USCIS ਨੇ ਮਾਰਚ ਵਿੱਚ ਕਿਹਾ ਸੀ ਕਿ ਅਸੀਂ ਕੁਝ F-1 ਵਿਦਿਆਰਥੀਆਂ ਲਈ ਪ੍ਰੀਮੀਅਮ ਪ੍ਰੋਸੈਸਿੰਗ ਦਾ ਵਿਸਤਾਰ ਕਰਾਂਗੇ, ਜਿਸ ਵਿੱਚ ਵਿਕਲਪਿਕ ਪ੍ਰੈਕਟੀਕਲ ਟਰੇਨਿੰਗ (OPT) ਅਤੇ STEM OPT ਐਕਸਟੈਂਸ਼ਨ ਦੀ ਮੰਗ ਕਰਨ ਵਾਲੇ F-1 ਵਿਦਿਆਰਥੀ ਸ਼ਾਮਲ ਹਨ। ਜਿਨ੍ਹਾਂ ਕੋਲ ਫਾਰਮ I-765 ਰੁਜ਼ਗਾਰ ਅਧਿਕਾਰ ਲਈ ਬਕਾਇਆ ਅਰਜ਼ੀਆਂ ਹਨ। "ਅਪਰੈਲ ਵਿੱਚ, ਅਸੀਂ STEM OPT ਐਕਸਟੈਂਸ਼ਨ ਦੀ ਮੰਗ ਕਰਨ ਵਾਲੇ F-1 ਵਿਦਿਆਰਥੀਆਂ ਲਈ ਅਤੇ F-1 ਵਿਦਿਆਰਥੀਆਂ ਲਈ ਪ੍ਰੀਮੀਅਮ ਪ੍ਰੋਸੈਸਿੰਗ ਦਾ ਵਿਸਤਾਰ ਕਰਾਂਗੇ ਜੋ ਇੱਕ ਸ਼ੁਰੂਆਤੀ ਫਾਰਮ I-765 ਭਰ ਰਹੇ ਹਨ," ਉਸਨੇ ਅੱਗੇ ਕਿਹਾ। ਮੰਨਿਆ ਜਾਂਦਾ ਹੈ ਕਿ ਯੂ ਐਸ ਸੀ ਆਈ ਐਸ ਨੇ ਇਹ ਫੈਸਲੇ ਏਸ਼ੀਅਨ ਅਮਰੀਕਨ ਐਂਡ ਪੈਸੀਫਿਕ ਆਈਲੈਂਡਰਜ਼ (ਏ.ਏ.ਪੀ.ਆਈ.) 'ਤੇ ਰਾਸ਼ਟਰਪਤੀ ਸਲਾਹਕਾਰ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਦੇ ਆਧਾਰ 'ਤੇ ਲਏ ਹਨ, ਜਿਸ ਦੀ ਪ੍ਰਧਾਨਗੀ ਪਿਛਲੇ ਸਾਲ ਇਸ ਦੇ ਇੱਕ ਭਾਰਤੀ ਅਮਰੀਕੀ ਮੈਂਬਰ ਅਜੈ ਜੈਨ ਭੁਟੋਰੀਆ ਨੇ ਕੀਤੀ ਸੀ। ਬਿਡੇਨ ਪ੍ਰਸ਼ਾਸਨ ਨੇ ਬਿਨੈਕਾਰਾਂ ਨੂੰ ਆਪਣੀਆਂ ਅਰਜ਼ੀਆਂ ਵਿੱਚ ਤੇਜ਼ੀ ਲਿਆਉਣ ਲਈ 2,500 ਡਾਲਰ ਦੇ ਵਿਚਕਾਰ ਭੁਗਤਾਨ ਕਰਨ ਦਾ ਵਿਕਲਪ ਦਿੱਤਾ ਹੈ।





ਫਿਜ਼ੀ ਅਤੇ ਭਾਰਤੀ ਭਾਈਚਾਰੇ ਦੀ ਨਾਮਵਰ ਸ਼ਖਸੀਅਤ ਸ੍ਰੀ ਸੁਖਰਾਜ ਸਿੰਘ ਚੋਪੜਾ ਜੀ ਦੇ ਅਕਾਲ ਚਲਾਣੇ 'ਤੇ ਅਦਾਰਾ 'ਦੇਸ਼ ਦੁਆਬਾ' ਚੋਪੜਾ ਪਰਿਵਾਰ ਨਾਲ ਦਿਲੀ ਦੁੱਖ ਪ੍ਰਗਟ ਕਰਦਿਆਂ ਉਹਨਾਂ ਦੀ ਆਤਮਕ ਸ਼ਾਂਤੀ ਲਈ ਅਰਦਾਸ ਕਰਦਾ ਹੈ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ ਲਈ ਤਾਕਤ ਦੇਣ ਦੀ ਅਰਜ਼ੋਈ ਕਰਦਾ ਹੈ।

## ਪੰਜਾਬ ਸਰਕਾਰ ਵੱਲੋਂ ਜ਼ੀਰਾ ਸ਼ਰਾਬ ਫੈਕਟਰੀ ਬੰਦ ਕਰਨ ਦੇ ਹੁਕਮ

**ਫ਼ਿਰੋਜ਼ਪੁਰ–** ਫ਼ਿਰੋਜ਼ਪੁਰ ਜ਼ਿਲ੍ਹੇ ਦੀ ਸਬ-ਡਵੀਜ਼ਨ ਜ਼ੀਰਾ ਅਧੀਨ ਪੈਂਦੇ ਪਿੰਡ ਮਨਸੂਰਵਾਲ ਕਲਾਂ ਸਥਿਤ ਮਾਲਬਰੋਜ਼ ਸ਼ਰਾਬ ਫੈਕਟਰੀ ਖ਼ਿਲਾਫ਼ ਚੱਲ ਰਹੇ ਲੋਕ ਰੋਹ ਅੱਗੇ ਝੁਕਦਿਆਂ ਪੰਜਾਬ ਸਰਕਾਰ ਨੂੰ ਸ਼ਰਾਬ ਫੈਕਟਰੀ ਤੁਰੰਤ ਪ੍ਰਭਾਵ ਨਾਲ ਬੰਦ ਕਰਨ ਦੇ ਆਦੇਸ਼ ਜਾਰੀ ਕਰਨੇ ਪਏ ਹਨ। ਮੁੱਖ ਮੰਤਰੀ ਵਲੋਂ ਸ਼ਰਾਬ ਫੈਕਟਰੀ ਨੂੰ ਬੰਦ ਕਰਨ ਦੇ ਆਦੇਸ਼ ਉਸ ਸਮੇਂ ਜਾਰੀ ਕੀਤੇ ਗਏ ਹਨ, ਜਦੋਂ ਪੰਜਾਬ ਤੇ ਹਰਿਆਣਾ ਹਾਈਕੋਰਟ ਵਲੋਂ ਜਸਟਿਸ (ਰਿਟਾ.) ਆਰ.ਕੇ. ਨਹਿਰੂ ਦੀ ਅਗਵਾਈ 'ਚ ਗਠਿਤ ਉੱਚ-ਪੱਧਰੀ ਕਮੇਟੀ ਮੌਕੇ 'ਤੇ ਇਲਾਕੇ ਦੇ ਲੋਕਾਂ, ਕਿਸਾਨਾਂ ਤੇ ਸ਼ਰਾਬ ਫੈਕਟਰੀ ਦੇ ਨੁਮਾਇੰਦਿਆਂ ਦੇ ਬਿਆਨ ਕਲਮਬੱਧ ਕਰ ਰਹੀ ਸੀ। ਜ਼ੀਰਾ ਸ਼ਰਾਬ ਫੈਕਟਰੀ ਬੰਦ ਕਰਨ ਦੇ ਪੰਜਾਬ ਸਰਕਾਰ ਦੇ ਫ਼ੈਸਲੇ ਨੂੰ ਜਿੱਥੇ ਇਲਾਕੇ ਦੇ ਲੋਕ ਤੇ ਧਰਨਾਕਾਰੀ ਕਿਸਾਨ ਵੱਡੀ ਜਿੱਤ ਦੱਸ ਰਹੇ ਹਨ ਉਥੇ ਇਸ ਫੈਕਟਰੀ 'ਚ ਕੰਮ ਕਰਦੇ ਹਜ਼ਾਰਾਂ ਲੋਕ ਬੇਰੁਜ਼ਗਾਰ ਹੋ ਜਾਣ ਕਾਰਨ ਮਾਨ ਸਰਕਾਰ ਨੂੰ ਕੋਸ ਰਹੇ ਹਨ। ਦੱਸ ਦੇਈਏ ਕਿ 23 ਜੁਲਾਈ, 2022 ਨੂੰ ਮਹੀਆਂਵਾਲਾ ਗੁਰਦੁਆਰਾ ਸਾਹਿਬ 'ਚ ਬੋਰ ਕਰਨ ਮੌਕੇ ਧਰਤੀ ਹੇਠੋਂ ਨਿਕਲੇ ਕੈਮੀਕਲ ਯੁਕਤ ਤੇ ਬਦਬੂ ਮਾਰਦੇ ਪਾਣੀ ਨੂੰ ਲੈ ਕੇ ਇਲਾਕੇ ਦੇ ਲੋਕਾਂ ਵਲੋਂ ਉਕਤ ਸ਼ਰਾਬ ਫੈਕਟਰੀ ਦੇ ਪ੍ਰਬੰਧਕਾਂ 'ਤੇ ਪਾਣੀ ਪ੍ਰਦੂਸ਼ਿਤ ਕਰਨ ਦੇ ਦੋਸ਼ ਲਗਾਏ ਗਏ ਸਨ, ਜਿਸ ਤੋਂ ਬਾਅਦ ਇਲਾਕੇ ਦੇ ਲੋਕਾਂ ਵਲੋਂ ਉਸ ਸਮੇਂ ਤੋਂ ਹੀ ਫੈਕਟਰੀ ਬੰਦ ਕਰਵਾਉਣ ਲਈ ਫੈਕਟਰੀ ਦੇ ਮੂਹਰੇ ਲਗਾਤਾਰ ਧਰਨਾ ਦਿੱਤਾ ਜਾ ਰਿਹਾ ਸੀ।



Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PLEASE CONTACT US FOR MORE INFORMATION
PHONE: 209-855-6938, FAX: 209-762-6540
121 E 11th St. Tracy, CA 95376

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

MAJESTIC HOMES
RAMESH SUMAN
Broker Realtor
RCS-D TM
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM - 4:00 PM & Sunday closed
Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
Sandeep Jony Bagga
6930 65TH STREET # 115 SACRAMENTO CA 95823

ਸੋਹੰ

# SRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355

ਸਗਲ ਭਵਨ ਕੇ ਨਾਇਕਾ ਇਕੁ ਛਿਨੁ ਦਰਸੁ ਦਿਖਾਇ ਜੀ



**January 22, 2023**
**Babu Mangu Ram Mugowalia**
**138th Birth Anniversary**

Sri Guru Ravidass Sabha Pittsburg (CA) will be celebrating 138th birth anniversary of Great freedom fighter and founder of the Ad Dharm Mandal Punjab Babu Mangu Ram Mugowalia Ji on January 22nd, 2023. He supported and carried on Babasaheb's work in Punjab. He was a member of the Gaddar Party, a revolutionary organization fighting for India's Independence and his contributions to our community are incredible.

**January 29, 2023**
**Sukhmani Sahib Path and**
**Langar Sewa**
**by Bhai Ashok Kumar Chauhan**

Sukhmani Sahib Path and Langar Sewa will be hosted by Bhai Ashok Kumar Chauhan and family for Chardi Kala of their family. May Baba ji bless Chauhan family.

## Parkash Utsav of Satguru Ravidass Ji February 3-4-5, 2023

ਸਗਲ ਭਵਨ ਕੇ ਨਾਇਕਾ ਇਕੁ ਛਿਨੁ ਦਰਸੁ ਦਿਖਾਇ ਜੀ

Sri Guru Ravidass Sabha (CA) Pittsburg is celebrating the 646th Parkash Utsav of SATGURU RAVIDASS JI on Sunday, February 5, 2023 at the temple as per program noted below:

**ARAMBH SHRI AKHAND PATH**
**February 3, 2023 (Friday) 9:30 AM**
**Nishan Sahib Hoisting Ceremony**

**PARBHAT PHERI - February 4, 2023**
**(Saturday) at 7:00 AM.**

**Nishan Sahib Hoisting Ceremony**
**February 4, 2023 (Saturday)**
**at 11:00 AM.**
**(Nishan Sahib Chola sewa by Bhai Balbir Bagha and Bibi Manjit Bagha)**

**BHOG SHRI AKHAND PATH**
**February 5, 2023 (Sunday) 9:30 AM,**
**KIRTAN DIWAN -**
**After Bhog Ceremony until 2:00 PM**

Sangat will perform Langer and Path Sewa for this program. Jatha of Giani Balwinder Singh ji's and other Kirtankars will enhance this Kirtan Diwan along with distinguished Speakers and community leaders well versed with life and teachings of Satguru Ravidass ji.

Sangat will perform Langer and Path Sewa for this program. Jatha of **Giani Balwinder Singh ji's, Dhadi Jatha** of **Bhai Sukhwinder Singh 'Bilge-wale'** and other Kirtankars will enhance the Kirtan Diwan.

We need volunteers to help with this event. For STALLS or any SEWA, please contact **Vinod Kumar (President) 408- 718-2506, Kulwant Banga (Chairperson) 925-698-3059.** We need your help and support.

**"NANAK NAM CHARDI KALA TERE BHANE SARBAT DA BHALA"**

**www.sriguru````ravidasstemple.com**

## Sangat Sewadars

| Chairperson | President | General Secretary | Treasurer |
|---|---|---|---|
| Kulwant Kaur Banga | Vinod Kumar | Dharam Pal Chonkria | Sunita Bangar |
| (925) 698-3059 | (408) 718-2506 | (925) 334-2877 | (415) 233-3319 |

# ਹਰ ਵਰਗ ਤੱਕ ਪਹੁੰਚਣ ਭਾਜਪਾ ਵਰਕਰ- ਮੋਦੀ

**ਨਵੀਂ ਦਿੱਲੀ–** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਭਾਰਤੀ ਜਨਤਾ ਪਾਰਟੀ ਵਰਕਰਾਂ ਨੂੰ ਸਿੱਖਾਂ, ਬੋਹਰਾ ਤੇ ਪਸਮਾਂਦਾ ਜਿਹੇ ਘੱਟ ਗਿਣਤੀ ਭਾਈਚਾਰਿਆਂ ਸਮੇਤ ਸਮਾਜ ਦੇ ਹਰ ਵਰਗ ਤੱਕ ਪਹੁੰਚਣ ਅਤੇ ਚੋਣਾਂ ਸਬੰਧੀ ਕਿਸੇ ਲਾਹੇ ਦੀ ਇੱਛਾ ਰੱਖੇ ਬਿਨਾਂ ਉਨ੍ਹਾਂ ਲਈ ਕੰਮ ਕਰਨ ਦਾ ਸੱਦਾ ਦਿੱਤਾ।




ਭਾਜਪਾ ਦੀ ਕੌਮੀ ਕਾਰਜਕਾਰਨੀ ਦੀ ਦੋ ਰੋਜ਼ਾ ਮੀਟਿੰਗ ਦੇ ਸਮਾਪਤੀ ਸੈਸ਼ਨ ਨੂੰ ਸੰਬੋਧਨ ਕਰਦਿਆਂ ਮੋਦੀ ਨੇ ਕਿਹਾ ਕਿ 2024 ਦੀਆਂ ਚੋਣਾਂ 'ਚ ਤਕਰੀਬਨ 400 ਦਿਨ ਬਚੇ ਹਨ ਤੇ ਇਸ ਲਈ ਪਾਰਟੀ ਦੇ ਸਾਰੇ ਆਗੂ ਤੇ ਵਰਕਰ ਪੂਰੀ ਸ਼ਿੱਦਤ ਨਾਲ ਸਮਾਜ ਦੇ ਹਰ ਵਰਗ ਦੀ ਸੇਵਾ 'ਚ ਜੁੱਟ ਜਾਣ। ਮੀਟਿੰਗ 'ਚ ਸ਼ਾਮਲ ਆਗੂਆਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਨੇ ਉਨ੍ਹਾਂ ਨੂੰ ਵੱਖ ਵੱਖ ਖੇਤਰਾਂ ਦੇ ਪੇਸ਼ੇਵਰਾਂ ਨੂੰ ਮਿਲਣ ਅਤੇ ਉਨ੍ਹਾਂ ਨਾਲ ਜੁੜਨ ਲਈ ਯੂਨੀਵਰਸਿਟੀਆਂ ਤੇ ਚਰਚਾਂ ਜਿਹੀਆਂ ਥਾਵਾਂ ਦਾ ਦੌਰਨ ਕਰਨ ਨੂੰ ਕਿਹਾ ਹੈ। ਪ੍ਰਧਾਨ ਮੰਤਰੀ ਨੇ ਕਿਹਾ, 'ਭਾਰਤ ਲਈ ਸਭ ਤੋਂ ਵਧੀਆ ਸਮਾਂ ਆਉਣ ਵਾਲਾ ਹੈ। ਇਸ ਲਈ ਅਜਿਹੇ 'ਚ ਦੇਸ਼ ਦੇ ਵਿਕਾਸ 'ਚ ਯੋਗਦਾਨ ਪਾਉਣ ਲਈ ਸਾਰਿਆਂ ਨੂੰ ਸਖਤ ਮਿਹਨਤ ਕਰਨੀ ਚਾਹੀਦੀ ਹੈ।'

ਉਨ੍ਹਾਂ ਭਾਜਪਾ ਕਾਰਕੁਨਾਂ ਨੂੰ ਇਹ ਸੱਦਾ ਵੀ ਦਿੱਤਾ ਕਿ ਉਹ 'ਅੰਮ੍ਰਿਤ ਕਾਲ' ਨੂੰ 'ਕਰਤੱਵ ਕਾਲ' 'ਚ ਬਦਲਣ ਲਈ ਆਪਣੀ ਪੂਰੀ ਤਾਕਤ ਲਗਾ ਦੇਣ ਤਾਂ ਜੋ ਦੇਸ਼ ਨੂੰ ਤੇਜ਼ੀ ਨਾਲ ਅੱਗੇ ਲਿਜਾਇਆ ਜਾ ਸਕੇ। ਸੂਤਰਾਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਨੇ ਪਾਰਟੀ ਨੂੰ ਆਤਮ ਵਿਸ਼ਵਾਸ ਦੀ ਭਾਵਨਾ ਪ੍ਰਤੀ ਵੀ ਚੌਕਸ ਕੀਤਾ ਅਤੇ 1998 'ਚ ਮੱਧ ਪ੍ਰਦੇਸ਼ 'ਚ ਭਾਜਪਾ ਦੀ ਹਾਰ ਦੀ ਮਿਸਾਲ ਦਿੰਦਿਆਂ ਕਿਹਾ ਕਿ ਕਿਵੇਂ ਦਿਗਵਿਜੈ ਸਿੰਘ ਦੀ ਅਗਵਾਈ ਹੇਠਲੀ ਕਾਂਗਰਸ ਤੋਂ ਭਾਜਪਾ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ ਸੀ। ਪ੍ਰਧਾਨ ਮੰਤਰੀ ਨੇ ਇਹ ਵੀ ਕਿਹਾ ਕਿ ਭਾਜਪਾ ਹੁਣ ਸਿਰਫ਼ ਸਿਆਸੀ ਅੰਦੋਲਨ ਨਹੀਂ ਹੈ ਬਲਕਿ ਇਹ ਇੱਕ ਸਮਾਜਕ ਅੰਦੋਲਨ 'ਚ ਬਦਲ ਗਈ ਹੈ।

ਉਨ੍ਹਾਂ ਪਾਰਟੀ ਵਰਕਰਾਂ ਨੂੰ 18 ਤੋਂ 25 ਸਾਲ ਦੀ ਉਮਰ ਵਰਗ ਦੇ ਨੌਜਵਾਨਾਂ ਨੂੰ ਜਾਗਰੂਕ ਕਰਨ ਦਾ ਸੱਦਾ ਵੀ ਦਿੱਤਾ। ਮਹਾਰਾਸ਼ਟਰ ਦੇ ਉਪ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨੇ ਮੀਡੀਆ ਨੂੰ ਪ੍ਰਧਾਨ ਮੰਤਰੀ ਦੇ ਸੰਬੋਧਨ ਦੀ ਜਾਣਕਾਰੀ ਦਿੱਤੀ।

# ਸ਼ਾਹਬਾਜ਼ ਸ਼ਰੀਫ਼ ਵੱਲੋਂ ਦੁਵੱਲੇ ਮਸਲਿਆਂ ਦੇ ਹੱਲ ਲਈ ਭਾਰਤ ਨੂੰ ਵਾਰਤਾ ਦਾ ਸੱਦਾ

**ਇਸਲਾਮਾਬਾਦ–** ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ਼ ਨੇ ਕਸ਼ਮੀਰ ਸਮੇਤ ਵੱਖ ਵੱਖ ਭਖਦੇ ਮਸਲਿਆਂ ਦੇ ਹੱਲ ਲਈ ਆਪਣੇ ਭਾਰਤੀ ਹਮਰੁਤਬਾ ਨਰਿੰਦਰ ਮੋਦੀ ਨੂੰ ਗੱਲਬਾਤ ਦਾ ਸੱਦਾ ਦਿੰਦਿਆਂ ਕਿਹਾ ਕਿ ਯੂਏਈ ਪਰਮਾਣੂ ਸ਼ਕਤੀ ਵਾਲੇ ਦੋ ਗੁਆਂਢੀਆਂ ਵਿਚਾਲੇ ਗੱਲਬਾਤ ਦੀ ਬਹਾਲੀ 'ਚ ਅਹਿਮ ਭੂਮਿਕਾ ਨਿਭਾ ਸਕਦਾ ਹੈ। ਸ਼ਰੀਫ ਨੇ ਦੁਬਈ 'ਚ ਇੱਕ ਨਿਊਜ਼ ਚੈਨਲ ਨਾਲ ਗੱਲਬਾਤ ਦੌਰਾਨ ਇਹ ਟਿੱਪਣੀ ਕੀਤੀ। ਜ਼ਿਕਰਯੋਗ ਹੈ ਕਿ ਕਸ਼ਮੀਰ ਮਸਲੇ ਤੇ ਸਰਹੱਦ ਪਾਰੋਂ ਹੋਣ ਵਾਲੇ ਅਤਿਵਾਦ ਕਾਰਨ ਭਾਰਤ ਤੇ ਪਾਕਿਸਤਾਨ ਦੇ ਰਿਸ਼ਤੇ ਤਣਾਅ ਭਰੇ ਰਹੇ ਹਨ। ਭਾਰਤ ਕਸ਼ਮੀਰ ਮਸਲੇ 'ਤੇ ਕਿਸੇ ਵੀ ਤੀਜੀ ਧਿਰ ਦੀ ਸਾਲਸੀ ਪਹਿਲਾਂ ਹੀ ਖਾਰਜ ਕਰ ਚੁੱਕਾ ਹੈ। ਸ਼ਰੀਫ ਨੇ ਕਿਹਾ, 'ਭਾਰਤੀ ਲੀਡਰਸ਼ਿਪ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਮੇਰਾ ਸੁਨੇਹਾ ਹੈ ਕਿ ਆਓ, ਅਸੀਂ ਗੱਲਬਾਤ ਦੀ ਮੇਜ਼ 'ਤੇ ਬੈਠੀਏ ਅਤੇ ਕਸ਼ਮੀਰ ਸਮੇਤ ਹੋਰ ਦੁਵੱਲੇ ਮਸਲਿਆਂ ਦੇ ਹੱਲ ਲਈ ਗੰਭੀਰ ਗੱਲਬਾਤ ਕਰੀਏ।' ਉਨ੍ਹਾਂ ਕਿਹਾ ਕਿ ਪਾਕਿਸਤਾਨ ਤੇ ਭਾਰਤ ਗੁਆਂਢੀ ਮੁਲਕ ਹਨ ਅਤੇ ਇਨ੍ਹਾਂ ਇੱਕ-ਦੂਜੇ ਦੇ ਨਾਲ ਹੀ ਰਹਿਣਾ ਹੈ। ਉਨ੍ਹਾਂ ਕਿਹਾ, 'ਇਹ ਸਾਡੇ 'ਤੇ ਹੈ ਕਿ ਅਸੀਂ ਅਮਨ-ਅਮਾਨ ਨਾਲ ਰਹੀਏ, ਪ੍ਰਗਤੀ ਕਰੀਏ ਜਾਂ ਆਪਸ 'ਚ ਲੜੀਏ ਅਤੇ ਸਮਾਂ ਤੇ ਸਰੋਤਾਂ ਨੂੰ ਬਰਬਾਦ ਕਰੀਏ। ਭਾਰਤ ਨਾਲ ਅਸੀਂ ਤਿੰਨ ਜੰਗਾਂ ਲੜੀਆਂ ਹਨ ਅਤੇ ਇਸ ਨਾਲ ਲੋਕਾਂ ਨੂੰ ਦੁੱਖ, ਗਰੀਬੀ ਤੇ ਬੇਰੁਜ਼ਗਾਰੀ 'ਚ ਵਾਧਾ ਹੀ ਹੋਇਆ ਹੈ।' ਸ਼ਰੀਫ਼ ਨੇ ਕਿਹਾ, 'ਅਸੀਂ ਸਬਕ ਸਿੱਖ ਲਿਆ ਹੈ ਅਤੇ ਅਸੀਂ ਅਮਨ ਅਮਾਨ ਨਾਲ ਰਹਿਣਾ ਚਾਹੁੰਦੇ ਹਾਂ ਬਸ਼ਰਤੇ ਅਸੀਂ ਆਪਣੀਆਂ ਅਸਲ ਸਮੱਸਿਆਵਾਂ ਨੂੰ ਹੱਲ ਕਰ ਸਕੀਏ।



# ਵਿਸ਼ਵ ਆਰਥਿਕ ਫੋਰਮ: ਦੁਨੀਆ 'ਚ ਇਸ ਵਰ੍ਹੇ ਮੰਦੀ ਆਉਣ ਦੇ ਆਸਾਰ

**ਡਾਵੋਸ (ਬਿਊਰੋ)–** ਵਿਸ਼ਵ ਆਰਥਿਕ ਮੰਚ (ਡਬਲਿਊਈਐੱਫ) ਨੇ ਸੋਮਵਾਰ ਨੂੰ ਆਪਣੇ ਚੀਫ਼ ਇਕੋਨ-ਾਮਿਸਟਸ ਆਊਟਲੁੱਕ ਸਰਵੇਅ 'ਚ ਕਿਹਾ ਹੈ ਕਿ ਮੌਜੂਦਾ ਵਰ੍ਹੇ 2023 'ਚ ਆਲਮੀ ਮੰਦੀ ਆਉਣ ਦਾ ਖ਼ਦਸ਼ਾ ਹੈ। ਉਂਜ ਇਸ ਦੌਰਾਨ ਖੁਰਾਕ, ਊਰਜਾ ਅਤੇ ਮਹਿੰਗਾਈ ਦਰ ਦਾ ਦਬਾਅ ਸਿਖਰ 'ਤੇ ਪਹੁੰਚ ਸਕਦਾ ਹੈ। ਰਿਪੋਰਟ 'ਚ ਕਿਹਾ ਗਿਆ ਹੈ ਕਿ ਬੰਗਲਾਦੇਸ਼ ਅਤੇ ਭਾਰਤ ਸਮੇਤ ਦੱਖਣ ਏਸ਼ਿਆਈ ਖ਼ਿੱਤੇ ਦੇ ਕੁਝ ਅਰ-ਥਚਾਰਿਆਂ ਨੂੰ ਆਲਮੀ ਰੁਝਾਨਾਂ ਤੋਂ ਫਾਇਦਾ ਮਿਲ ਸਕਦਾ ਹੈ। ਇਨ੍ਹਾਂ ਰੁਝਾਨਾਂ 'ਚ ਮੈਨੂਫੈਕਚਰਿੰਗ ਸਪਲਾਈ ਚੇਨਾਂ ਦਾ ਚੀਨ ਤੋਂ ਦੂਰ ਜਾਣਾ ਸ਼ਾਮਲ ਹੈ। ਡਬਲਿਊਈਐੱਫ ਨੇ ਕਿਹਾ ਕਿ ਆਲਮੀ ਪੱਧਰ 'ਤੇ ਕਾਰੋਬਾਰਾਂ ਨੂੰ ਆਰਥਿਕ ਚੁਣੌਤੀਆਂ ਦਾ ਮੁਕਾਬਲਾ ਕਰਨ ਲਈ ਲਾਗਤ 'ਚ ਵੱਡੀ ਕਟੌਤੀ ਕਰਨੀ ਪਵੇਗੀ। ਮੁੱਖ ਆਰਥਿਕ ਮਾਹਿਰ ਮਹਿੰਗਾਈ ਦਰ ਅਤੇ ਮਜ਼ਬੂਤ ਬੈਲੇਂਸ ਸ਼ੀਟ ਨੂੰ ਲੈ ਕੇ ਆਸਵੰਦ ਹਨ। ਵਿਸ਼ਵ ਆਰਥਿਕ ਮੰਚ 'ਚ ਸ਼ਾਮਲ ਪ੍ਰਮੁੱਖ ਆਰਥਿਕ ਮਾਹਿਰਾਂ ਦਾ ਮੰਨਣਾ ਹੈ ਕਿ ਅਮਰੀਕਾ ਅਤੇ ਯੂਰੋਪ 'ਚ ਅੱਗੇ ਹੋਰ ਸਖ਼ਤੀ ਦੇਖਣ ਨੂੰ ਮਿਲ ਸਕਦੀ ਹੈ। ਕਰੀਬ ਦੋ ਤਿਹਾਈ ਮੁੱਖ ਆਰਥਿਕ ਮਾਹਿਰਾਂ ਦਾ ਮੰਨਣਾ ਹੈ ਕਿ 2023 'ਚ ਆਲਮੀ ਮੰਦੀ ਆਉਣ ਦਾ ਖ਼ਦਸ਼ਾ ਹੈ। ਇਨ੍ਹਾਂ 'ਚੋਂ 18 ਫ਼ੀਸਦ ਨੇ ਤਿੱਖੀ ਸੰਭਾਵਨਾ ਜਤਾਈ ਹੈ। ਇਹ ਅੰਕੜਾ ਸਤੰਬਰ 2022 'ਚ ਕੀਤੇ ਗਏ ਪਿਛਲੇ ਸਰਵੇਖਣ ਦੇ ਮੁਕਾਬਲੇ 'ਚ ਦੁਗਣੇ ਤੋਂ ਵੀ ਜ਼ਿਆਦਾ ਹੈ। ਸਰਵੇਖਣ 'ਚ ਸ਼ਾਮਲ ਇਕ ਤਿਹਾਈ ਲੋਕਾਂ ਨੇ ਕਿਹਾ ਕਿ ਮੌਜੂਦਾ ਵਰ੍ਹੇ ਮੰਦੀ ਆਉਣ ਦੀ ਕੋਈ ਸੰਭਾਵਨਾ ਨਹੀਂ ਹੈ। ਉਂਜ ਉਨ੍ਹਾਂ ਇਸ 'ਤੇ ਪੂਰੀ ਸਹਿਮਤੀ ਜਤਾਈ ਕਿ 2023 'ਚ ਵਿਕਾਸ ਦੀਆਂ ਸੰਭਾਵਨਾਵਾਂ ਘਟ ਹਨ। ਅਮਰੀਕਾ ਬਾਰੇ 91 ਫ਼ੀਸਦ ਲੋਕਾਂ ਨੇ ਮੰਦੀ ਆਉਣ ਦਾ ਖ਼ਦਸ਼ਾ ਪ੍ਰਗਟਾਇਆ। ਚੀਨ ਦੀ ਵਿਕਾਸ ਦਰ ਨੂੰ ਲੈ ਕੇ ਪ੍ਰਮੁੱਖ ਆਰਥਿਕ ਮਾਹਿਰ ਵੰਡੇ ਹੋਏ ਨਜ਼ਰ ਆਏ। ਕੁਝ ਦਾ ਮੰਨਣਾ ਹੈ ਕਿ ਉਥੇ ਮਜ਼ਬੂਤ ਵਿਕਾਸ ਦਰ ਰਹੇਗੀ ਜਦਕਿ ਕੁਝ ਨੇ ਇਹ ਕਮਜ਼ੋਰ ਰਹਿਣ ਦਾ ਦਾਅਵਾ ਕੀਤਾ।

# ਭਾਰਤ ਜੋੜੋ ਯਾਤਰਾ ਹਿਮਾਚਲ ਪ੍ਰਦੇਸ਼ 'ਚ ਦਾਖ਼ਲ, ਰਾਹੁਲ ਨੇ ਭਾਜਪਾ ਤੇ ਆਰਐੱਸਐੱਸ ਦੀ ਆਲੋਚਨਾ ਕੀਤੀ

**ਸ਼ਿਮਲਾ–** ਕਾਂਗਰਸ ਦੀ 'ਭਾਰਤ ਜੋੜੋ ਯਾਤਰਾ' ਅੱਜ ਸਵੇਰੇ ਹਿਮਾਚਲ ਪ੍ਰਦੇਸ਼ ਵਿਚ ਦਾਖਲ ਹੋਈ ਤਾਂ ਪਾਰਟੀ ਦੇ ਸੀਨੀਅਰ ਆਗੂ ਰਾਹੁਲ ਗਾਂਧੀ ਨੇ ਭਾਜਪਾ ਅਤੇ ਆਰਐੱਸਐੱਸ 'ਤੇ ਨਿਸ਼ਾਨਾ ਲਾਉਂਦਿਆਂ ਦੇਸ਼ ਵਿਚ ਨਫ਼ਰਤ, ਹਿੰਸਾ ਅਤੇ ਡਰ ਫੈਲਾਉਣ ਦਾ ਦੋਸ਼ ਲਾਇਆ। ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ, ਉਪ ਮੁੱਖ ਮੰਤਰੀ ਮੁਕੇਸ਼ ਅਗਨੀਹੋਤਰੀ, ਪਾਰਟੀ ਦੀ ਸੂਬਾ ਪ੍ਰਧਾਨ ਪ੍ਰਤਿਭਾ ਸਿੰਘ, ਸੂਬਾਈ ਮੰਤਰੀਆਂ ਅਤੇ ਪਾਰਟੀ ਵਿਧਾਇਕਾਂ ਸਮੇਤ ਸੈਂਕੜੇ ਕਾਂਗਰਸੀ ਵਰਕਰਾਂ ਨੇ ਕੜਾਕੇ ਦੀ ਠੰਢ ਦੌਰਾਨ ਇੰਦੌਰਾ ਨੇੜੇ ਮਾਨਸੇਰ ਟੌਲ ਪਲਾਜ਼ਾ 'ਤੇ ਯਾਤਰਾ ਦਾ ਸਵਾਗਤ ਕੀਤਾ।






# ਕੈਨੇਡਾ ਰਾਹੀਂ ਅਮਰੀਕਾ ਜਾਂਦਿਆਂ ਠੰਢ ਨਾਲ ਮਰਨ ਵਾਲੇ ਪਰਿਵਾਰ ਨਾਲ ਕੀ ਬੀਤੀ

ਗੁਜਰਾਤ ਪੁਲਿਸ ਨੇ ਗੁਜਰਾਤੀ ਪਰਿਵਾਰ ਨੂੰ ਗ਼ੈਰ-ਕਾਨੂੰਨੀ ਤਰੀਕੇ ਨਾਲ ਕੈਨੇਡਾ ਰਾਹੀਂ ਅਮਰੀਕਾ ਭੇਜਣ ਦੇ ਇਲਜ਼ਾਮ ਵਿੱਚ ਦੋ ਏਜੰਟਾਂ ਅਤੇ ਇੱਕ ਇਮਾਰਤ ਉਸਾਰੀ ਸਮੱਗਰੀ ਵਪਾਰੀ ਨੂੰ ਗ੍ਰਿਫ਼ਤਾਰ ਕੀਤਾ ਹੈ। ਗੁਜਰਾਤ ਪੁਲਿਸ ਮਾਮਲੇ ਨੂੰ ਸੁਲਝਾਉਣ ਲਈ ਯੂਐੱਸਏ ਹੋਮਲੈਂਡ ਸਕਿਓਰਿਟੀ ਅਤੇ ਕੈਨੇਡੀਅਨ ਪੁਲਿਸ ਨਾਲ ਮਿਲ ਕੇ ਕੰਮ ਕਰ ਰਹੀ ਹੈ। ਜਨਵਰੀ-2022 ਵਿੱਚ, ਗੁਜਰਾਤ ਦੇ ਕਲੋਲ ਬਲਾਕ ਦੇ ਡਿੰਗੁਚਾ ਪਿੰਡ ਦੇ ਇੱਕ ਚਾਰ ਮੈਂਬਰਾਂ ਦੇ ਪਰਿਵਾਰ ਦੀ ਕੈਨੇਡਾ ਦੇ ਰਸਤੇ ਗ਼ੈਰ-ਕਾਨੂੰਨੀ ਢੰਗ ਨਾਲ ਅਮਰੀਕਾ ਵਿੱਚ ਦਾਖ਼ਲ ਹੋਣ ਦੀ ਕੋਸ਼ਿਸ਼ ਦੌਰਾਨ ਬਰਫ਼ ਵਿੱਚ ਜੰਮ ਕੇ ਮੌਤ ਹੋ ਗਈ ਸੀ। ਗੁਜਰਾਤੀ ਪਰਿਵਾਰ ਦੀ ਮੌਤ ਦੇ ਮਾਮਲੇ ਵਿੱਚ ਗੁਜਰਾਤ ਪੁਲਿਸ ਨੇ ਤਿੰਨ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਹ ਉਹ ਲੋਕ ਹਨ, ਜਿਨ੍ਹਾਂ ਨੇ ਇੱਕ ਗੁਜਰਾਤੀ ਪਰਿਵਾਰ ਨੂੰ ਪੈਸੇ ਦੇ ਬਦਲੇ ਗ਼ੈਰ-ਕਾਨੂੰਨੀ ਢੰਗ ਨਾਲ ਅਮਰੀਕਾ ਵਿੱਚ ਦਾਖ਼ਲ ਹੋਣ ਵਿੱਚ ਮਦਦ ਕੀਤੀ ਸੀ। ਪੁਲਿਸ ਮੁਤਾਬਕ ਇਸ ਮਾਮਲੇ ਵਿੱਚ ਦੋ ਏਜੰਟਾਂ ਅਤੇ ਇੱਕ ਉਸਾਰੀ ਸਮੱਗਰੀ ਵਪਾਰੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਡਿੰਗੁਚਾ ਪਿੰਡ ਦਾ ਇੱਕ ਗੁਜਰਾਤੀ ਪਰਿਵਾਰ, ਪੈਦਲ ਚੱਲ ਕੇ ਅਮਰੀਕਾ ਦਾਖ਼ਲ ਹੋਣ ਦੀ ਕੋਸ਼ਿਸ਼ ਦੌਰਾਨ -35 ਡਿਗਰੀ ਸੈਲਸੀਅਸ ਤਾਪਮਾਨ ਵਿੱਚ ਜੰਮ ਕੇ ਮਰ ਗਿਆ ਸੀ। ਗੁਜਰਾਤ ਪੁਲਿਸ ਦਾ ਕਹਿਣਾ ਹੈ ਕਿ ਗ੍ਰਿਫ਼ਤਾਰ ਕੀਤੇ ਗਏ ਲੋਕ ਵਿਦੇਸ਼ ਜਾਣ ਦੇ ਚਾਹਵਾਨ ਲੋਕਾਂ ਤੋਂ 75 ਲੱਖ ਤੋਂ 1 ਕਰੋੜ ਰੁਪਏ ਤੱਕ ਵਸੂਲਦੇ ਸਨ।



ਗੁਜਰਾਤ ਪੁਲਿਸ ਦੇ ਨਾਲ-ਨਾਲ ਯੂਐੱਸਏ ਹੋਮਲੈਂਡ ਸਕਿਓਰਿਟੀ ਅਤੇ ਕੈਨੇਡੀਅਨ ਪੁਲਿਸ ਵੀ ਮਾਮਲੇ ਨੂੰ ਸੁਲਝਾਉਣ ਲਈ ਕੰਮ ਕਰ ਰਹੀ ਸੀ। ਜਾਂਚ ਏਜੰਸੀਆਂ ਨੂੰ 'ਵੀ.ਡੀ.' ਨਾਂ ਦੇ ਵਿਅਕਤੀ ਤੋਂ ਮਦਦ ਮਿਲੀ ਹੈ, ਜਿਸ ਨੇ ਮਨੁੱਖੀ ਤਸਕਰੀ ਦੀ ਯੋਜਨਾ ਦੇ ਢੰਗ-ਤਰੀਕੇ ਸਾਂਝੇ ਕੀਤੇ ਹਨ। ਗੁਜਰਾਤ ਪੁਲਿਸ ਨੂੰ ਉਮੀਦ ਹੈ ਕਿ ਆਉਣ ਵਾਲੇ ਸਮੇਂ ਵਿੱਚ ਕੁਝ ਹੋਰ ਏਜੰਟਾਂ ਅਤੇ ਉਪ-ਏਜੰਟਾਂ ਨੂੰ ਗ੍ਰਿਫ਼ਤਾਰ ਕੀਤਾ ਜਾਵੇਗਾ।

ਜਨਵਰੀ 2022 ਵਿੱਚ, ਗੁਜਰਾਤ ਦੇ ਡਿੰਗੁਚਾ ਪਿੰਡ ਦਾ ਇੱਕ ਚਾਰ ਮੈਂਬਰੀ ਪਰਿਵਾਰ ਕੈਨੇਡਾ ਰਾਹੀਂ ਗ਼ੈਰ-ਕਾਨੂੰਨੀ ਢੰਗ ਨਾਲ ਅਮਰੀਕਾ ਵਿੱਚ ਦਾਖ਼ਲ ਹੋਣ ਦੀ ਕੋਸ਼ਿਸ਼ ਕਰ ਰਿਹਾ ਸੀ ਅਤੇ ਉਨ੍ਹਾਂ ਦੀ ਮੌਤ ਹੋ ਗਈ ਸੀ। ਇਸ ਵਿੱਚ ਪਤੀ, ਪਤਨੀ ਅਤੇ ਉਨ੍ਹਾਂ ਦੇ ਦੋ ਬੱਚੇ ਸਨ। ਘਟਨਾ ਇੱਕ ਕੌਮਾਂਤਰੀ ਮਾਮਲਾ ਬਣ ਗਿਆ ਸੀ ਅਤੇ ਕੌਮੀ ਤੇ ਕੌਮਾਂਤਰੀ ਮੀਡੀਆ ਆਊਟਲੇਟਾਂ ਵਿੱਚ ਚਰਚਾ ਦਾ ਵਿਸ਼ਾ ਬਣ ਗਈ। ਬੀਬੀਸੀ ਗੁਜਰਾਤ ਨਾਲ ਗੱਲ ਕਰਦੇ ਹੋਏ, ਗੁਜਰਾਤ ਪੁਲਿਸ ਦੇ ਡਾਇਰੈਕਟਰ ਜਨਰਲ (ਡੀਜੀਪੀ), ਆਸ਼ੀਸ਼ ਭਾਟੀਆ ਨੇ ਕਿਹਾ, "ਗੁਜਰਾਤ ਪੁਲਿਸ ਡਿੰਗੁਚਾ ਪਰਿਵਾਰ ਦੀ ਮੌਤ ਦੀ ਜਾਂਚ ਕਰ ਰਹੀ ਸੀ।" "ਇਸ ਦੌਰਾਨ ਅਪਰਾਧਿਕ ਜਾਂਚ ਵਿਭਾਗ (ਸੀਆਈਡੀ) ਅਤੇ ਅਪਰਾਧ ਸ਼ਾਖਾ ਦੀ ਟੀਮ ਨੇ ਜਾਅਲੀ ਆਧਾਰ ਕਾਰਡ ਤੋਂ ਪਾਸਪੋਰਟ ਅਤੇ ਪੈਨ ਕਾਰਡ ਤਿਆਰ ਕਰਨ ਵਾਲੇ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ।" "ਸਾਨੂੰ ਅਮਰੀਕਾ ਅਤੇ ਕੈਨੇਡੀਅਨ ਦੂਤਾਵਾਸਾਂ ਅਤੇ ਯੂਐੱਸ ਹੋਮਲੈਂਡ ਸਕਿਓਰਿਟੀ ਤੋਂ ਵੀ ਮਹੱਤਵਪੂਰਨ ਜਾਣਕਾਰੀ ਮਿਲੀ ਸੀ। ਮਿਲੀ ਜਾਣਕਾਰੀ ਦੇ ਆਧਾਰ 'ਤੇ, ਕ੍ਰਾਈਮ ਬ੍ਰਾਂਚ ਅਤੇ ਸੀਆਈਡੀ ਨੇ ਜਾਂਚ ਕੀਤੀ।" 9 ਮਹੀਨਿਆਂ ਤੱਕ ਮਾਮਲੇ ਦੀ ਜਾਂਚ ਕਰਨ ਤੋਂ ਬਾਅਦ ਗੁਜਰਾਤ ਪੁਲਿਸ ਨੇ ਇੱਕ ਰੈਕੇਟ ਵਿੱਚ ਸ਼ਾਮਲ ਦੋ ਏਜੰਟਾਂ ਨੂੰ ਗ੍ਰਿਫ਼ਤਾਰ ਕੀਤਾ ਹੈ।

ਏਜੰਟਾਂ ਨੇ ਕਥਿਤ ਤੌਰ 'ਤੇ ਡਿੰਗੁਚਾ ਪਰਿਵਾਰ ਨੂੰ ਵਿਜ਼ਟਰ ਵੀਜ਼ੇ 'ਤੇ ਭੇਜਿਆ ਸੀ ਅਤੇ ਉਥੋਂ ਉਨ੍ਹਾਂ ਨੂੰ ਗ਼ੈਰ-ਕਾਨੂੰਨੀ ਢੰਗ ਨਾਲ ਅਮਰੀਕਾ ਭੇਜ ਦਿੱਤਾ ਗਿਆ ਸੀ। ਗੁਜਰਾਤ ਪੁਲਿਸ ਇਸ ਮਾਮਲੇ ਵਿੱਚ ਸ਼ਾਮਲ ਹੋਰ ਲੋਕਾਂ ਦਾ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਹੋਮਲੈਂਡ ਸਕਿਓਰਿਟੀ, ਜੋ ਕਿ ਅਮਰੀਕਾ ਵਿੱਚ ਅੰਦਰੂਨੀ ਸੁਰੱਖਿਆ ਲਈ ਜ਼ਿੰਮੇਵਾਰ ਹੈ, ਨੇ ਮਾਮਲੇ ਦੀ ਜਾਂਚ ਲਈ ਗੁਜਰਾਤ ਪੁਲਿਸ ਅਤੇ ਕੈਨੇਡੀਅਨ ਪੁਲਿਸ ਨਾਲ ਕੰਮ ਕੀਤਾ। ਹੋਮਲੈਂਡ ਸਕਿਓਰਿਟੀ ਅਤੇ ਕੈਨੇਡੀਅਨ ਪੁਲਿਸ ਈਮੇਲਾਂ ਅਤੇ ਵੀਡੀਓ ਕਾਨਫਰੰਸਿੰਗ ਰਾਹੀਂ ਗੁਜਰਾਤ ਪੁਲਿਸ ਨਾਲ ਲਗਾਤਾਰ ਸੰਪਰਕ ਵਿੱਚ ਸਨ। ਦੋਵਾਂ ਏਜੰਸੀਆਂ ਦੇ ਅਧਿਕਾਰੀ ਜਾਂਚ ਲਈ ਗੁਜਰਾਤ ਵੀ ਗਏ ਸਨ। ਗੁਜਰਾਤ ਪੁਲਿਸ ਨੇ ਡਿੰਗੁਚਾ ਮਾਮਲੇ ਨੂੰ ਹੱਲ ਕਰਨ ਲਈ ਤਕਨੀਕੀ ਅਤੇ ਮਨੁੱਖੀ ਖ਼ੁਫ਼ੀਆ ਜਾਣਕਾਰੀ ਦੀ ਵਰਤੋਂ ਕੀਤੀ। ਪੁਲਿਸ ਨੇ ਨਿਗਰਾਨੀ ਦੇ ਤਰੀਕਿਆਂ ਦੀ ਵੀ ਵਰਤੋਂ ਕੀਤੀ ਜਿਸ ਨਾਲ ਇੱਕ ਵਿਅਕਤੀ ਦਾ ਪਤਾ ਲਗਾਉਣ ਵਿੱਚ ਮਦਦ ਮਿਲੀ, ਜੋ ਆਪਣੇ ਆਪ ਨੂੰ ਇਨ੍ਹਾਂ ਏਜੰਟਾਂ ਤੋਂ ਬਚਾਉਣ ਵਿੱਚ ਕਾਮਯਾਬ ਰਿਹਾ। ਉਸ ਨੇ ਪੁਲਿਸ ਨੂੰ ਅਹਿਮ ਜਾਣਕਾਰੀ ਦਿੱਤੀ, ਜਿਸ ਨਾਲ ਮਾਮਲੇ 'ਚ ਅਹਿਮ ਸੁਰਾਗ ਮਿਲਣ 'ਚ ਮਦਦ ਮਿਲੀ।



ਅਹਿਮਦਾਬਾਦ ਕ੍ਰਾਈਮ ਬ੍ਰਾਂਚ ਦੇ ਡਿਪਟੀ ਕਮਿਸ਼ਨਰ ਆਫ ਪੁਲਿਸ (ਡੀਸੀਪੀ) ਚੈਤੰਨਿਆ ਮੰਡਲਿਕ ਨੇ ਬੀਬੀਸੀ ਨੂੰ ਦੱਸਿਆ, "ਜਾਂਚ ਦੌਰਾਨ ਸਾਨੂੰ ਇੱਕ ਡੁਪਲੀਕੇਟ ਆਧਾਰ ਕਾਰਡ ਮਿਲਿਆ ਅਤੇ ਇਸ ਦੀ ਵਰਤੋਂ ਪੈਨ ਕਾਰਡ ਬਣਾਉਣ ਲਈ ਕੀਤੀ ਜਾਂਦੀ ਸੀ। ਵਿਸਤ੍ਰਿਤ ਜਾਂਚ ਨੇ ਸਾਨੂੰ ਹਰੀਸ਼ ਪਟੇਲ ਨਾਮ ਦੇ ਵਿਅਕਤੀ ਤੱਕ ਪਹੁੰਚਾਇਆ।" ਜਾਂਚ 'ਚ ਸਾਹਮਣੇ ਆਇਆ ਹੈ ਕਿ ਡੁਪਲੀਕੇਟ ਆਧਾਰ ਕਾਰਡ ਦੀ ਮਦਦ ਨਾਲ ਹਰੀਸ਼ ਪਟੇਲ ਉਨ੍ਹਾਂ ਲੋਕਾਂ ਲਈ ਭਾਰਤੀ ਪਾਸਪੋਰਟ ਤਿਆਰ ਕਰਦਾ ਸੀ ਜੋ ਗ਼ੈਰ-ਕਾਨੂੰਨੀ ਤਰੀਕੇ ਨਾਲ ਅਮਰੀਕਾ ਜਾਣਾ ਚਾਹੁੰਦੇ ਹਨ। ਸੀਆਈਡੀ ਅਤੇ ਕ੍ਰਾਈਮ ਬ੍ਰਾਂਚ ਨੇ ਹਰੀਸ਼ ਪਟੇਲ ਕੋਲੋਂ ਅਜਿਹੇ 87 ਪਾਸਪੋਰਟ ਬਰਾਮਦ ਕੀਤੇ ਹਨ। ਉਨ੍ਹਾਂ ਦੇ ਅਜਿਹੇ ਏਜੰਟਾਂ ਨਾਲ ਸਬੰਧ ਹਨ ਜੋ ਮੈਕਸੀਕੋ ਅਤੇ ਕੈਨੇਡਾ ਤੋਂ ਮਨੁੱਖੀ ਤਸਕਰੀ ਦਾ ਕਾਰੋਬਾਰ ਚਲਾਉਂਦੇ ਹਨ ਇਹ ਸਭ ਆਪਸੀ ਮਿਲੀਭੁਗਤ ਨਾਲ ਕੰਮ ਕਰਦੇ ਸਨ।

ਮੰਡਲਿਕ ਨੇ ਅੱਗੇ ਕਿਹਾ, "ਸਾਨੂੰ ਅਮਰੀਕਾ ਅਤੇ ਕੈਨੇਡਾ ਤੋਂ ਇਨਪੁਟ ਮਿਲੇ ਹਨ। ਜਾਣਕਾਰੀ ਦੇ ਆਧਾਰ 'ਤੇ, ਅਸੀਂ ਪੰਜ ਏਜੰਟਾਂ ਨੂੰ ਸ਼ਾਰਟ-ਲਿਸਟ ਕੀਤਾ ਹੈ ਜੋ ਲੋਕਾਂ ਨੂੰ ਗ਼ੈਰ-ਕਾਨੂੰਨੀ ਢੰਗ ਨਾਲ ਕੈਨੇਡਾ ਰਾਹੀਂ ਅਮਰੀਕਾ ਭੇਜਦੇ ਸਨ। ਮਨੁੱਖੀ ਅਤੇ ਤਕਨੀਕੀ ਬੁੱਧੀ ਨਾਲ, ਅਸੀਂ ਉਨ੍ਹਾਂ ਦੀ ਹਰਕਤ 'ਤੇ ਨਜ਼ਰ ਰੱਖੀ।" "ਵਿਦਿਆਰਥੀਆਂ ਅਤੇ ਹੋਰਾਂ ਨੂੰ ਗ਼ੈਰ-ਕਾਨੂੰਨੀ ਢੰਗ ਨਾਲ ਵਿਦੇਸ਼ ਭੇਜਣ ਦਾ ਇਕ ਵਧੀਆ ਰੈਕੇਟ ਚੱਲ ਰਿਹਾ ਹੈ, ਪਰ ਕਿਉਂਕਿ ਜ਼ਿਆਦਾਤਰ ਲੋਕਾਂ ਨੇ ਗ਼ੈਰ-ਕਾਨੂੰਨੀ ਰਸਤੇ ਅਪਣਾਏ ਸਨ, ਸਾਨੂੰ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਤੋਂ ਕੋਈ ਮਦਦ ਨਹੀਂ ਮਿਲੀ।" "ਇੱਕ ਵਿਅਕਤੀ ਜੋ ਇਨ੍ਹਾਂ ਏਜੰਟਾਂ ਦੇ ਚੁੰਗਲ 'ਚ ਫਸਣ ਤੋਂ ਬਚਿਆ, ਉਸ ਨੇ ਸਾਡੇ ਨਾਲ ਸੰਪਰਕ ਕੀਤਾ। ਉਸ ਨੇ ਸਾਨੂੰ ਦੱਸਿਆ ਕਿ ਫੈਨਿਲ ਪਟੇਲ ਨਾਮ ਦਾ ਇੱਕ ਏਜੰਟ ਇੱਕ ਵਿਅਕਤੀ ਨੂੰ ਗ਼ੈਰ-ਕਾਨੂੰਨੀ ਢੰਗ ਨਾਲ ਅਮਰੀਕਾ ਭੇਜਣ ਲਈ 66-75 ਲੱਖ ਰੁਪਏ ਵਸੂਲਦਾ ਹੈ।" "ਸਾਡੇ ਕੋਲ ਫੈਨਿਲ ਪਟੇਲ ਦੀ ਜਾਣਕਾਰੀ ਸੀ। ਇਸ ਤੋਂ ਇਲਾਵਾ, ਯੂਐੱਸਏ ਏਜੰਸੀਆਂ ਵੱਲੋਂ ਪ੍ਰਦਾਨ ਕੀਤੀ ਗਈ ਜਾਣਕਾਰੀ ਵੀ ਫੈਨਿਲ ਦੇ ਪ੍ਰੋਫਾਈਲ ਨਾਲ ਮੇਲ ਖਾਂਦੀ ਹੈ।"

**ਪੈਸੇ ਦੀ ਖ਼ਾਤਰ ਜੋਖ਼ਮ ਭਰਿਆ ਰਾਹ ਚੁਣਿਆ**

ਜਗਦੀਸ਼ ਪਟੇਲ, ਵੈਸ਼ਾਲੀ ਪਟੇਲ ਅਤੇ ਉਨ੍ਹਾਂ ਦੇ ਦੋ ਬੱਚਿਆਂ ਸਣੇ, ਸੱਤ ਹੋਰ ਲੋਕ ਕੈਨੇਡਾ ਦੇ ਰਸਤੇ ਅਮਰੀਕਾ ਲਈ ਰਵਾਨਾ ਹੋਏ ਸਨ। ਫੈਨਿਲ ਪਟੇਲ ਅਤੇ ਬਿੱਟੂ ਨਾਂ ਦਾ ਵਿਅਕਤੀ ਉਨ੍ਹਾਂ ਨੂੰ ਵੈਨਕੂਵਰ ਲੈ ਗਿਆ ਤਾਂ ਜੋ ਪਰਿਵਾਰ ਕੈਨੇਡਾ-ਅਮਰੀਕਾ ਸਰਹੱਦ ਪਾਰ ਕਰ ਸਕੇ। ਸਾਰੇ 13 ਲੋਕਾਂ ਨੇ ਸਰਹੱਦ 'ਤੇ ਪਹੁੰਚਣ ਲਈ 2500 ਕਿਲੋਮੀਟਰ ਤੋਂ ਵੱਧ ਦਾ ਸਫ਼ਰ ਤੈਅ ਕੀਤਾ। ਅਮਰੀਕਾ ਵਿਚ ਦਾਖ਼ਲ ਹੋਣ ਵਾਲੇ ਸਾਰੇ

**(ਬਾਕੀ ਸਫਾ 28 'ਤੇ)**

SKY TRANSPORT SOLUTIONS

STRIVE FOR MORE

WE PROVIDE ALL TRUCKING RELATED PERMITS AND SERVICES

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

121 E 11th St. Tracy, CA 95376

# ਪ੍ਰਵਾਸੀਆਂ ਲਈ ਫਾਸਟ ਟਰੈਕ ਅਦਾਲਤਾਂ ਸਥਾਪਤ ਹੋਣਗੀਆਂ-ਧਾਲੀਵਾਲ

**ਚੰਡੀਗੜ੍ਹ–** ਮੁੱਖ ਮੰਤਰੀ ਭਗਵੰਤ ਮਾਨ ਦੀ ਦੁਨੀਆਂ ਭਰ ਵਿੱਚ ਵਸਦੇ ਪ੍ਰਵਾਸੀ ਪੰਜਾਬੀਆਂ ਦੀਆਂ ਸਾਰੀਆਂ ਜਾਇਜ ਸ਼ਿਕਾਇਤਾਂ ਦਾ ਨਿਪਟਾਰਾ ਕਰਨ ਦੀ ਵਚਨਬੱਧਤਾ ਦੇ ਨਾਲ ਪ੍ਰਵਾਸੀ ਭਾਰਤੀ ਮਾਮਲੇ ਵਿਭਾਗ ਨੇ ਵਿਸ਼ੇਸ਼ ਤੌਰ 'ਤੇ ਪ੍ਰਵਾਸੀ ਭਾਰਤੀਆਂ ਨਾਲ ਸਬੰਧਤ ਕੇਸਾਂ ਲਈ ਹੋਰ ਫਾਸਟ ਟਰੈਕ ਅਦਾਲਤਾਂ ਸਥਾਪਤ ਕਰਨ ਸਬੰਧੀ ਕਾਰਵਾਈ ਆਰੰਭ ਦਿੱਤੀ ਹੈ। ਪ੍ਰਵਾਸੀ ਭਾਰਤੀ ਮਾਮਲਿਆਂ ਬਾਰੇ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਇਸ ਸਬੰਧੀ ਕਾਨੂੰਨੀ ਅਤੇ ਹੋਰ ਰੂਪ-ਰੇਖਾ ਉਲੀਕਣ ਬਾਰੇ ਜਲਦ ਹੀ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਚੀਫ਼ ਜਸਟਿਸ ਨੂੰ ਮਿਲਣਗੇ। ਪੰਜਾਬ ਭਰ 'ਚ ਆਯੋਜਿਤ 'ਪ੍ਰਵਾਸੀ ਪੰਜਾਬੀਆਂ ਨਾਲ ਮਿਲਣੀ' ਪ੍ਰੋਗਰਾਮ ਦੌਰਾਨ ਆਈਆਂ ਸ਼ਿਕਾਇਤਾਂ ਦੀ ਸਥਿਤੀ ਸਬੰਧੀ ਅੱਜ ਇੱਥੇ ਪੰਜਾਬ ਭਵਨ ਵਿਖੇ ਐਨ.ਆਰ.ਆਈਜ਼ ਮਾਮਲੇ ਵਿਭਾਗ ਦੇ ਅਧਿਕਾਰੀਆਂ, ਏ. ਡੀ. ਜੀ. ਪੀ. ਐਨ. ਆਰ. ਆਈ., ਕਮਿਸ਼ਨਰ ਐਨ.ਆਰ.ਆਈ. ਸਭਾ ਨਾਲ ਮੀਟਿੰਗ ਕਰਦਿਆਂ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਉਹ ਐਨਆਰਆਈਜ਼ ਫਾਸਟ ਟਰੈਕ ਅਦਾਲਤਾਂ ਦੀ ਸਥਾਪਨਾ ਲਈ ਪ੍ਰਕਿਰਿਆ ਨੂੰ ਤੇਜ਼ ਕਰਨ ਲਈ ਕਾਨੂੰਨੀ ਰੂਪ-ਰੇਖਾ ਤਿਆਰ ਸਬੰਧੀ ਜਲਦੀ ਹੀ ਚੀਫ਼ ਜਸਟਿਸ ਨਾਲ ਮੀਟਿੰਗ ਕਰਨਗੇ।



ਕੈਬਨਿਟ ਮੰਤਰੀ ਨੇ ਪ੍ਰਵਾਸੀ ਭਾਰਤੀਆਂ ਨੂੰ ਲੋੜੀਂਦੀ ਕਾਨੂੰਨੀ ਸਹਾਇਤਾ ਪ੍ਰਦਾਨ ਕਰਨ ਲਈ ਕਾਨੂੰਨੀ ਸਲਾਹਕਾਰ ਤਾਇਨਾਤ ਕਰਨ ਦੇ ਨਿਰਦੇਸ਼ ਵੀ ਦਿੱਤੇ। ਉਨ੍ਹਾਂ ਸਬੰਧਤ ਡਿਪਟੀ ਕਮਿਸ਼ਨਰਾਂ ਨੂੰ ਇਨ੍ਹਾਂ 'ਮਿਲਣੀ ਪ੍ਰੋਗਰਾਮਾਂ' ਦੌਰਾਨ ਆਈਆਂ ਲਗਭਗ 50 ਫੀਸਦੀ ਸ਼ਿਕਾਇਤਾਂ ਨੂੰ ਪ੍ਰਵਾਸੀ ਭਾਰਤੀਆਂ ਦੇ ਕੇਸਾਂ ਲਈ ਵਿਸ਼ੇਸ਼ ਤੌਰ 'ਤੇ ਨਿਯੁਕਤ ਕੀਤੇ ਗਏ ਨੋਡਲ ਅਫਸਰਾਂ ਰਾਹੀਂ ਹੱਲ ਕਰਨ ਦੇ ਆਦੇਸ਼ ਦਿੱਤੇ।

ਪ੍ਰਵਾਸੀ ਭਾਰਤੀਆਂ ਦੀ ਭਲਾਈ ਲਈ ਪੰਜਾਬ ਸਰਕਾਰ ਵੱਲੋਂ ਹਰ ਕਦਮ ਚੁੱਕਣ ਦੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਕੁਲਦੀਪ ਸਿੰਘ ਧਾਲੀਵਾਲ ਨੇ ਵਿਭਾਗ ਦੇ ਅਧਿਕਾਰੀਆਂ ਨੂੰ ਸਬੰਧਤ ਡਿਪਟੀ ਕਮਿਸ਼ਨਰ, ਨੋਡਲ ਅਫ਼ਸਰ, ਤਹਿਸੀਲਦਾਰਾਂ ਅਤੇ ਸਟੇਸ਼ਨ ਹਾਊਸ ਅਫ਼ਸਰਾਂ (ਐਸ.ਐਚ.ਓਜ਼) ਨੂੰ ਅਰਧ ਸਰਕਾਰੀ (ਡੀ.ਓ.) ਪੱਤਰ ਜਾਰੀ ਕਰਨ ਲਈ ਵੀ ਕਿਹਾ ਤਾਂ ਜੋ ਪੰਜਾਬੀ ਪ੍ਰਵਾਸੀ ਭਾਰਤੀਆਂ ਦੇ ਸਾਰੇ ਮੁੱਦਿਆਂ ਨੂੰ ਸੁਲਝਾਉਣ ਲਈ ਹਰ ਲੋੜੀਂਦੀ ਮਦਦ ਅਤੇ ਲੌਜਿਸਟਿਕ ਸਹਾਇਤਾ ਪ੍ਰਦਾਨ ਕੀਤੀ ਜਾ ਸਕੇ। ਉਨ੍ਹਾਂ ਨੇ ਅਧਿਕਾਰੀਆਂ ਨੂੰ ਸਬੰਧਤ ਐਨ.ਆਰ.ਆਈਜ਼ ਨੋਡਲ ਅਫ਼ਸਰਾਂ ਬਾਰੇ ਉਨ੍ਹਾਂ ਦੇ ਸੰਪਰਕ ਵੇਰਵਿਆਂ ਨਾਲ ਜ਼ਿਲ੍ਹਾ ਵਾਰ ਜਾਣਕਾਰੀ ਦੇਣ ਲਈ ਵੀ ਕਿਹਾ। ਕੈਬਨਿਟ ਮੰਤਰੀ ਨੇ ਅੱਗੇ ਕਿਹਾ ਕਿ ਵੱਖ-ਵੱਖ ਪੱਧਰਾਂ 'ਤੇ ਪ੍ਰਵਾਸੀ ਭਾਰਤੀਆਂ ਦੇ ਮਸਲਿਆਂ ਦੇ ਹੱਲ ਲਈ ਕਾਨੂੰਨੀ ਮਾਹਿਰਾਂ ਦਾ ਪੈਨਲ ਵੀ ਗਠਿਤ ਕੀਤਾ ਜਾਵੇਗਾ। ਉਨ੍ਹਾਂ 'ਐਨ.ਆਰ.ਆਈਜ਼ ਮਿਲਣੀ ਪ੍ਰੋਗਰਾਮ' ਦੌਰਾਨ ਹੱਲ ਕੀਤੇ ਗਏ ਕੇਸਾਂ ਬਾਰੇ ਅਧਿਕਾਰੀਆਂ ਤੋਂ ਰਿਪੋਰਟ ਵੀ ਤਲਬ ਕੀਤੀ।

# ਕੈਬਨਿਟ ਮੰਤਰੀ ਪੰਜਾਬ ਸ੍ਰੀ ਲਾਲ ਚੰਦ ਕਟਾਰੂਚੱਕ ਨੇ ਵਿਧਾਨ ਸਭਾ ਹਲਕਾ ਭੋਆ ਦੇ ਵੱਖ ਵੱਖ ਪਿੰਡਾਂ ਅੰਦਰ ਦੋਰਾ ਕਰਕੇ ਵੰਡੀਆ ਵਿਕਾਸ ਗ੍ਰਾਂਟਾਂ

**ਪਠਾਨਕੋਟ, 16 ਜਨਵਰੀ (ਰਾਜਿੰਦਰ ਸਿੰਘ ਰਾਜਨ)** ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਅਤੇ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਪੰਜਾਬ ਸ੍ਰੀ ਲਾਲ ਚੰਦ ਕਟਾਰੂਚੱਕ ਵੱਲੋਂ ਜਿਲ੍ਹਾ ਪਠਾਨਕੋਟ ਦੇ ਵਿਧਾਨ ਸਭਾ ਹਲਕਾ ਭੋਆ ਦੇ ਵੱਖ ਵੱਖ ਪਿੰਡਾਂ ਦਾ ਦੋਰਾ ਕੀਤਾ, ਕੈਬਨਿਟ ਮੰਤਰੀ ਪੰਜਾਬ ਵੱਲੋਂ ਪਿੰਡ ਧੁਪਛੜੀ, ਸੇਖੂਪੁਰ ਅਤੇ ਪਿੰਡ ਮੰਜੀਰੀ ਦਾ ਦੋਰਾ ਕੀਤਾ ਗਿਆ। ਇਸ ਦੋਰੇ ਦੋਰਾਨ ਕੈਬਨਿਟ ਮੰਤਰੀ ਪੰਜਾਬ ਸ੍ਰੀ ਲਾਲ ਚੰਦ ਕਟਾਰੂਚੱਕ ਨੇ ਪਿੰਡ ਵਾਸੀਆਂ ਨੂੰ ਵਿਕਾਸ ਕਾਰਜਾਂ ਲਈ ਗ੍ਰਾਂਟਾਂ ਵੰਡੀਆਂ ਅਤ ਪਿੰਡ ਸੇਖੂਪੁਰ ਦੇ ਵਾਸੀਆਂ ਨੂੰ ਸੰਚਾਰੂ ਢੰਗ ਨਾਲ ਪੀਣ ਦੇ ਪਾਣੀ ਦੀ ਸਪਲਾਈ ਲਈ ਖਰਚ ਕੀਤੇ ਜਾ ਰਹੇ 11 ਲੱਖ ਰੁਪਏ ਦੇ ਕੰਮਾ ਦਾ ਸੁਭਅਰੰਭ ਕੀਤਾ। ਇਸ ਮੋਕੇ ਤੇ ਉਨ੍ਹਾਂ ਦੇ ਨਾਲ ਸਰਵ੍ਰਸੀ ਸੂਬੇਦਾਰ ਕੁਲਵੰਤ ਸਿੰਘ ਬਲਾਕ ਪ੍ਰਧਾਨ, ਦੇਵਲ ਸਿੰਘ, ਰੂਪ ਸਿੰਘ, ਕੰਸ ਰਾਜ ਬੈਂਸ ਐਸ.ਡੀ.ਓ, ਜਤਿੰਦਰ ਕੁਮਾਰ ਬੈਂਸ ਜੇ.ਈ, ਗੁਰਬਚਨ ਲਾਲ, ਕੁਲਦੀਪ ਸਿੰਘ, ਸੁਰਿੰਦਰ ਸਾਹ ਬਲਾਕ ਪ੍ਰਧਾਨ, ਰੂਪ ਸਿੰਘ, ਲਵਲੀ, ਹੈਰੀ, ਸੋਹਣ ਸਿੰਘ, ਸਰਪੰਚ ਗਨੇਸ ਰਾਜ, ਹੰਸ ਰਾਜ, ਦਲੀਪ ਚੰਦ ਸਰਪੰਚ ਮੰਜੀਰੀ, ਰਾਕੇਸ ਮੰਜੀਰੀ ਅਤੇ ਹੋਰ ਪਾਰਟੀ ਕਾਰਜ ਕਰਤਾ ਸਨ।



ਜਿਕਰਯੋਗ ਹੈ ਕਿ ਸਭ ਤੋਂ ਪਹਿਲਾ ਸ੍ਰੀ ਲਾਲ ਚੰਦ ਕਟਾਰੂਚੱਕ ਪਿੰਡ ਧੁਪਛੜੀ ਵਿਖੇ ਗ਼ਪਹੁੰਚੇ ਜਿੱਥੇ ਪਿੰਡ ਵਾਸੀਆਂ ਵੱਲੋਂ ਕੈਬਨਿਟ ਮੰਤਰੀ ਪੰਜਾਬ ਦਾ ਨਿਘਾ ਸਵਾਗਤ ਕੀਤਾ ਗਿਆ, ਜਿਥੇ ਕੈਬਨਿਟ ਮੰਤਰੀ ਪੰਜਾਬ ਸ੍ਰੀ ਲਾਲ ਚੰਦ ਨੇ 2 ਲੱਖ ਰੁਪਏ ਦੀ ਰਾਸੀ ਵਿਕਾਸ ਕਾਰਜ ਲਈ ਸਰਪੰਚ ਨੂੰ ਚੈਕ ਭੇਂਟ ਕੀਤਾ। ਇਸ ਤੋਂ ਬਾਅਦ ਪਿੰਡ ਸੇਖੁਪਰ ਪਿੰਡ ਸੇਖੁਪੁਰ ਦੇ ਵਾਸੀਆਂ ਨੂੰ ਸੰਚਾਰੂ ਢੰਗ ਨਾਲ ਪੀਣ ਦੇ ਪਾਣੀ ਦੀ ਸਪਲਾਈ ਲਈ ਖਰਚ ਕੀਤੇ ਜਾ ਰਹੇ 11 ਲੱਖ ਰੁਪਏ ਦੇ ਕੰਮਾ ਦਾ ਸੁਭਅਰੰਭ ਕੀਤਾ। ਜਿਕਰਯੋਗ ਹੈ ਕਿ ਇਸ ਤੋਂ ਪਹਿਲਾ ਪਿੰਡ ਸੇਖੁਪੁਰ ਨੂੰ ਮੰਜੀਰੀ ਪਿੰਡ ਤੋਂ ਵਾਟਰ ਸਪਲਾਈ ਦਿੱਤੀ ਜਾਂਦੀ ਸੀ ਪਰ ਲੋਕਾਂ ਨੂੰ ਪੂਰਨ ਤੋਰ ਤੇ ਪਾਣੀ ਦੀ ਸਪਲਾਈ ਨਹੀਂ ਹੁੰਦੀ ਸੀ ਹੁਣ ਸਿੱਧੇ ਤੋਰ ਤੇ ਸੇਖੁਪੁਰ ਨੂੰ ਮੰਜੀਰੀ ਵਾਟਰ ਸਪਲਾਈ ਤੋਂ ਪਾਣੀ ਦੀ ਸਪਲਾਈ ਦਿੱਤੀ ਜਾਵੇਗੀ। ਪਿੰਡ ਅੰਦਰ ਆ ਰਹੀ ਪਾਣੀ ਦੀ ਸਮੱਸਆ ਦਾ ਹੱਲ ਹੋਵੇਗਾ ਅਤੇ ਲੋਕਾਂ ਨੂੰ ਪੀਣ ਲਈ ਵਧੀਆ ਸਾਫ ਪਾਣੀ ਮਿਲ ਸਕੇਗਾ। ਇਸ ਤੋਂ ਇਲਾਵਾ ਮੰਜੀਰੀ ਵਿਖੇ ਦੋਰੇ ਦੋਰਾਨ ਕੈਬਨਿਟ ਮੰਤਰੀ ਪੰਜਾਬ ਸ੍ਰੀ ਲਾਲ ਚੰਦ ਕਟਾਰੂਚੱਕ ਨੇ ਜਿੱਥੇ। ਲੋਕਾਂ ਨਾਲ ਗੱਲਬਾਤ ਕਰਕੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣੀਆਂ ਅਤੇ ਪਿੰਡ ਦੀ ਪੰਚਾਇਤ ਨੂੰ ਵਿਕਾਸ ਕਾਰਜਾਂ ਲਈ 4 ਲੱਖ ਰੁਪਏ ਦੀ ਗ੍ਰਾਂਟ ਦਿੱਤੀ।

ਵੱਖ ਵੱਖ ਪਿੰਡਾਂ ਦੇ ਦੋਰੇ ਦੋਰਾਨ ਸੰਬੋਧਤ ਕਰਦਿਆਂ ਸ੍ਰੀ ਲਾਲ ਚੰਦ ਕਟਾਰੂਚੱਕ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਅਤੇ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਪੰਜਾਬ ਨੇ ਕਿਹਾ ਕਿ ਸ. ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਦੀ ਸਰਕਾਰ ਪਿੰਡਾਂ ਦੇ ਲੋਕਾਂ ਦੀਆਂ ਮੁੱਢਲੀਆਂ ਲੋੜਾਂ ਨੂੰ ਪੂਰਾ ਕਰਨ ਦੇ ਲਈ ਉਪਰਾਲੇ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਸਾਫ ਪੀਣ ਵਾਲਾ ਪਾਣੀ ਸਭ ਨੂੰ ਮਿਲੇ ਅਤੇ ਲੋਕ ਪੂਰੀ ਤਰ੍ਹਾਂ ਨਾਲ ਤੰਦਰੁਸਤ ਰਹਿਣ। ਉਨ੍ਹਾਂ ਕਿਹਾ ਕਿ ਪੰਜਾਬ ਅੰਦਰ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਲੋਕ ਹਿੱਤ ਨੂੰ ਧਿਆਨ ਚੋਂ ਰੱਖ ਕੇ ਵੱਡੇ ਵੱਡੇ ਵਿਕਾਸ ਕਾਰਜ ਕੀਤੇ ਜਾ ਰਹੇ ਹਨ, ਪਿੰਡ ਅੰਦਰ ਲੋਕਾਂ ਨੂੰ ਪੀਣ ਲਈ ਸਾਫ ਪਾਣੀ ਮਿਲੇ ਇਸ ਲਈ ਪੰਜਾਬ ਸਰਕਾਰ ਦੇ ਉਪਰਾਲਿਆਂ ਸਦਕਾ ਹੀ ਪਿੰਡਾਂ ਅੰਦਰ ਜਿੱਥੇ ਪੀਣ ਵਾਲੇ ਪਾਣੀ ਦੀ ਸਮੱਸਿਆ ਬਹੁਤ ਹੀ ਜਿਆਦਾ ਗੰਭੀਰ ਸੀ ਉੱਥੇ ਵਾਟਰ ਸਪਲਾਈ ਲਗਾ ਕੇ ਲੋਕਾਂ ਨੂੰ ਰਾਹਤ ਪਹੁੰਚਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਰੁਜਗਾਰ ਦੇਣਾਂ, ਚੰਗੇ ਸਕੂਲਾਂ ਦਾ ਨਿਰਮਾਣ ਕਰਨਾ, ਲੋਕਾਂ ਨੂੰ ਵਧੀਆ ਸਿਹਤ ਸੁਵਿਧਾਵਾਂ ਦੇਣਾ, ਮੁਫਤ ਬਿਜਲੀ ਸਪਲਾਈ ਦੇਣਾ ਆਦਿ ਵਿਸੇਸ ਜਰੂਰਤਾਂ ਨੂੰ ਧਿਆਨ ਵਿੱਚ ਰੱਖਕੇ ਕਾਰਜ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਵਧੀਆਂ ਸਿਹਤ ਸੁਵਿਧਾਵਾਂ ਦੇਣ ਦੇ ਉਦੇਸ ਨਾਲ ਸਰਕਾਰ ਵੱਲੋਂ ਲੋਕਾਂ ਲਈ ਆਮ ਆਦਮੀ ਕਲੀਨਿਕ ਖੋਲੇ ਗਏ। ਜਿਲ੍ਹਾ ਪਠਾਨਕੋਟ ਵਿੱਚ ਵੀ 15 ਅਗਸਤ ਨੂੰ ਦੋ ਆਮ ਆਦਮੀ ਕਲੀਨਿਕ ਖੋਲੇ ਗਏ ਸਨ ਅਤੇ ਹੁਣ 26 ਜਨਵਰੀ ਨੂੰ ਵੀ ਲੋਕਾਂ ਨੂੰ ਵਧੀਆ ਸਿਹਤ ਸੁਵਿਧਾਵਾਂ ਮਿਲਣ ਇਸ ਤੇ ਮੁੱਖ ਵਿਚਾਰ ਕੀਤਾ ਜਾ ਰਿਹਾ ਹੈ। ਕਰੀਬ 10-12 ਆਮ ਆਦਮੀ ਕਲੀਨਿਕ ਹੋਰ ਖੋਲੇ ਜਾਣੇ ਹਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਕਲੀਨਿਕਾਂ ਅੰਦਰ ਲੋਕਾਂ ਨੂੰ 70 ਤਰ੍ਹਾਂ ਦੀਆਂ ਦਵਾਈਆਂ ਫ੍ਰੀ ਅਤੇ 40 ਤਰ੍ਹਾਂ ਦੇ ਟੈਸਟ ਵੀ ਫ੍ਰੀ ਵਿੱਚ ਕਰਵਾਉਂਣ ਦੀ ਸੁਵਿਧਾ ਦਿੱਤੀ ਜਾ ਰਹੀ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਅੰਦਰ ਸਰਕਾਰ ਵੱਲੋ ਲੋਕਾਂ ਲਈ ਰੁਜਗਾਰ ਪੈਦਾ ਕੀਤਾ ਗਿਆ ਜਿਸ ਅਧੀਨ ਹੁਣ ਤੱਕ ਕਰੀਬ 22 ਹਜਾਰ ਨੋਜਵਾਨਾਂ ਨੂੰ ਸਰਕਾਰੀ ਨੋਕਰੀਆਂ ਦਿੱਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਕੱਲ ਲੋਹੜੀ ਦੇ ਮੋਕੇ ਤੇ ਪੰਜਾਬ ਸਰਕਾਰ ਵੱਲੋਂ ਇਹ ਫੈਂਸਲਾ ਲਿਆ ਗਿਆ ਹੈ ਕਿ ਕਰੀਬ 6 ਹਜਾਰ ਹੋਰ ਕੱਚੇ ਮੁਲਾਜਮਾਂ ਨੂੰ ਆਉਂਣ ਵਾਲੇ ਦਿਨ੍ਹਾਂ ਵਿੱਚ ਪੱਕਿਆ ਕੀਤਾ ਜਾਵੈਗਾ ਪਹਿਲਾ ਵੀ ਸਰਕਾਰ ਵੱਲੋਂ 8700 ਸਿੱਖਿਆ ਪ੍ਰੋਵਾਈਡਰਾਂ ਨੂੰ ਪੱਕਿਆਂ ਕੀਤਾ ਗਿਆ ਹੈ।

ਉਨ੍ਹਾਂ ਕਿਹਾ ਕਿ ਲੋਕਾਂ ਦੀਆਂ ਸਮੱਸਿਆਵਾਂ ਨੂੰ ਧਿਆਨ ਚੋਂ ਰੱਖਦਿਆਂ ਵਿਧਾਨ ਸਭਾ ਹਲਕਾ ਭੋਆ ਅੰਦਰ 80 ਕਿਲੋਮੀਟਰ ਸੜਕਾਂ ਦੀ ਮਨਜੂਰੀ ਲਿਆਂਦੀ ਗਈ ਹੈ ਆਉਂਣ ਵਾਲੇ ਦੋ ਮਹੀਨਿਆਂ ਅੰਦਰ ਸੀਜਨ ਸੁਰੂ ਹੁੰਦਿਆਂ ਹੀ ਭੋਆ ਹਲਕੇ ਦੀਆਂ ਸੜਕਾਂ ਦੀ ਨੁਹਾਰ ਬਦਲੀ ਜਾਵੈਗੀ। ਉਨ੍ਹਾਂ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਵਿਕਾਸ ਕਾਰਜਾਂ ਵਿੱਚ ਕਮੀ ਨਹੀਂ ਆਉਂਣ ਦਿੱਤੀ ਜਾਵੈਗੀ ਜੋ ਕੋਈ ਵੀ ਸਮੱਸਿਆ ਹੈ ਸਾਡੇ ਧਿਆਨ ਚੋਂ ਲਿਆਂਦੀ ਜਾਵੈ ਉਨ੍ਹਾਂ ਸਮੱਸਿਆਵਾਂ ਨੂੰ ਹੱਲ ਵੀ ਕੀਤਾ ਜਾਵੇਗਾ ਅਤੇ ਵਿਕਾਸ ਵੀ ਕਰਵਾਇਆ ਜਾਵੇਗਾ।

# ਪੰਜਾਬ 'ਚ ਸ਼ਰਾਬੀਆਂ ਦੀਆਂ ਪੌਂਬਾਰਾ, ਰੇਟ ਘਟੇ



**ਚੰਡੀਗੜ੍ਹ–** ਪੰਜਾਬ 'ਚ ਸ਼ਰਾਬ ਦੇ ਨਵੇਂ ਰੇਟਾਂ ਦੀ ਸੂਚੀ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਹੈ। ਵਾਇਰਲ ਹੋਈ ਇਸ ਸੂਚੀ ਦੇ ਮੁਤਾਬਕ ਸ਼ਰਾਬ ਦੇ ਰੇਟ ਕਾਫ਼ੀ ਘਟੇ ਹਨ। ਸੂਤਰਾਂ ਮੁਤਾਬਕ ਪੰਜਾਬ ਸਰਕਾਰ ਵੱਲੋਂ ਬੀਤੇ ਦਿਨੀਂ ਕੀਤੀਆਂ ਗਈਆਂ ਮੀਟਿੰਗਾਂ 'ਚ ਹੀ ਇਹ ਰੇਟ ਫਿਕਸ ਕੀਤੇ ਗਏ ਸਨ, ਜਿਨ੍ਹਾਂ ਦੀ ਸੂਚੀ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਗਈ ਹੈ। ਦੱਸਿਆ ਜਾ ਰਿਹਾ ਹੈ ਕਿ ਇਸ ਸੂਚੀ ਬਾਰੇ ਅਜੇ ਤੱਕ ਕੋਈ ਅਧਿਕਾਰਤ ਪੁਸ਼ਟੀ ਨਹੀਂ ਹੋਈ ਹੈ। ਇਹ ਵੀ ਕਿਹਾ ਜਾ ਰਿਹਾ ਹੈ ਕਿ ਵਾਇਰਲ ਹੋਈ ਇਸ ਸੂਚੀ 'ਤੇ ਅੱਜ ਸ਼ਾਮ ਜਾਂ ਭਲਕੇ ਤੱਕ ਮੋਹਰ ਲੱਗ ਸਕਦੀ ਹੈ। ਸੂਤਰਾਂ ਮੁਤਾਬਕ ਪੰਜਾਬ ਸਰਕਾਰ ਦੀ ਮੋਹਰ ਲੱਗਦੇ ਸਾਰ ਹੀ ਇਹ ਨਵੀਂ ਸੂਚੀ ਲਾਗੂ ਕਰ ਦਿੱਤੀ ਜਾਵੇਗੀ। ਸਾਹਮਣੇ ਆਈ ਸੂਚੀ 'ਚ ਵੱਖ-ਵੱਖ ਕੰਪਨੀਆਂ ਦੀ ਸ਼ਰਾਬ ਅਤੇ ਬੀਅਰ ਦੇ ਰੇਟਾਂ 'ਚ ਵੱਡਾ ਫ਼ਰਕ ਦੇਖਣ ਨੂੰ ਮਿਲ ਰਿਹਾ ਹੈ।

# ਪੀਐਮ ਮੋਦੀ ਦੀ ਗੋਲਡ ਮੂਰਤੀ ਦੇ ਸੋਸ਼ਲ ਮੀਡੀਆ 'ਤੇ ਚਰਚੇ




**ਮੁੰਬਈ–** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇਕ ਵਾਰ ਫਿਰ ਚਰਚਾਵਾਂ ਵਿਚ ਆ ਗਏ ਹਨ। ਉਨ੍ਹਾਂ ਦੀ ਸੋਨੇ ਦੀ ਮੂਰਤੀ ਇਨ੍ਹੀਂ ਦਿਨੀਂ ਕਾਫੀ ਚਰਚਾ ਵਿਚ ਹੈ। ਇਕ ਸ਼ਖ਼ਸ ਨੇ ਪ੍ਰਧਾਨ ਮੰਤਰੀ ਦੇ ਵੀਡੀਓ ਸਾਂਝੀ ਕਰਦਿਆਂ ਲਿਖਿਆ ਕਿ ਇਹ ਮੋਮ ਦੀ ਮੂਰਤੀ ਨਹੀਂ ਹੈ, ਇਹ ਬਾਂਬੇ ਗੋਲਡ ਪ੍ਰਦਰਸ਼ਨੀ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸੋਨੇ ਦੀ ਮੂਰਤੀ ਹੈ।

ਦੱਸ ਦੇਈਏ ਕਿ ਬਾਂਬੇ ਗੋਲਡ ਪ੍ਰਦਰਸ਼ਨੀ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਇਕ ਸੋਨੇ ਦੀ ਮੂਰਤੀ ਪ੍ਰਦਰਸ਼ਿਤ ਕੀਤੀ ਗਈ ਹੈ। ਇਸ ਮੂਰਤੀ ਦਾ ਵਜ਼ਨ 156 ਗ੍ਰਾਮ ਹੈ। ਇੰਨੇ ਘੱਟ ਗ੍ਰਾਮ ਸੋਨੇ ਵਿਚ ਇੰਨੀ ਖੂਬਸੂਰਤੀ ਨਾਲ ਇਸ ਮੂਰਤੀ ਨੂੰ ਬਣਾਇਆ ਗਿਆ ਹੈ। ਮਾਹਰਾਂ ਦਾ ਕਹਿਣਾ ਹੈ ਕਿ ਇੰਨੇ ਘੱਟ ਸੋਨੇ ਵਿਚ ਇੰਨੀ ਖੂਬਸੂਰਤ ਮੂਰਤੀ ਬਣਾਉਣ ਵਾਲੇ ਕਲਾਕਾਰ ਦੀ ਕਲਾਕਾਰੀ ਨੂੰ ਸਲਾਮ ਹੈ। ਇਕ ਯੂਜ਼ਰਜ ਨੇ ਟਵਿੱਟਰ 'ਤੇ ਪ੍ਰਧਾਨ ਮੰਤਰੀ ਮੋਦੀ ਦੀ ਸੋਨੇ ਦੀ ਮੂਰਤੀ ਨੂੰ ਸਾਂਝਾ ਕਰਦਿਆਂ ਲਿਖਿਆ ਕਿ ਕਿਹਾ ਜਾਂਦਾ ਹੈ ਕਿ ਪ੍ਰਧਾਨ ਮੰਤਰੀ ਮੋਦੀ ਨੇ ਲੋਕਪ੍ਰਿਯਤਾ ਵਿਚ ਅਮਿਤਾਭ ਅਤੇ ਰਜਨੀਕਾਂਤ ਨੂੰ ਵੀ ਪਿੱਛੇ ਛੱਡ ਦਿੱਤਾ ਹੈ ਪਰ ਹੁਣ ਇਹ ਸਾਬਤ ਹੋ ਗਿਆ ਹੈ। ਇਹ ਬਾਂਬੇ ਗੋਲਡ ਪ੍ਰਦਰਸ਼ਨੀ ਵਿਚ ਮੋਮ ਦੀ ਨਹੀਂ ਸਗੋਂ ਸੋਨੇ ਦੀ ਮੂਰਤੀ ਹੈ।

# ਨੇਪਾਲ ਯੇਤੀ ਜਹਾਜ਼ ਕਰੈਸ਼, ਹੁਣ ਤੱਕ 45 ਲਾਸ਼ਾਂ ਮਿਲੀਆਂ



**ਪੋਖਰਾ–** ਨੇਪਾਲ ਵਿਚ ਯੇਤੀ ਏਅਰਲਾਈਨਜ਼ ਦਾ ਏਟੀਆਰ-72 ਜਹਾਜ਼ ਪੋਖਰਾ ਨੇੜੇ ਕਰੈਸ਼ ਹੋ ਗਿਆ ਹੈ। ਕਾਠਮੰਡੂ ਤੋਂ ਪੋਖਰਾ ਜਾ ਰਿਹਾ ਯੇਤੀ ਏਅਰਲਾਈਨ ਦਾ ਏਟੀਆਰ 72 ਜਹਾਜ਼ ਐਤਵਾਰ ਸਵੇਰੇ ਕਾਸਕੀ ਜ਼ਿਲ੍ਹੇ ਦੇ ਪੋਖਰਾ ਵਿੱਚ ਹਾਦਸਾਗ੍ਰਸਤ ਹੋ ਗਿਆ। ਜਹਾਜ਼ 'ਚ ਕੁੱਲ 72 ਯਾਤਰੀ ਅਤੇ ਚਾਲਕ ਦਲ ਦੇ ਚਾਰ ਮੈਂਬਰ ਸਵਾਰ ਸਨ। ਯੇਤੀ ਏਅਰਲਾਈਨਜ਼ ਦੇ ਬੁਲਾਰੇ ਸੁਦਰਸ਼ਨ ਬਰਤੌਲਾ ਨੇ ਮੀਡੀਆ ਨੂੰ ਦੱਸਿਆ ਕਿ ਪੁਰਾਣੇ ਹਵਾਈ ਅੱਡੇ ਅਤੇ ਪੋਖਰਾ ਅੰਤਰਰਾਸ਼ਟਰੀ ਹਵਾਈ ਅੱਡੇ ਦੇ ਵਿਚਕਾਰ ਹਾਦਸਾਗ੍ਰਸਤ ਹੋਏ ਜਹਾਜ਼ ਵਿੱਚ ਕੁੱਲ 72 ਯਾਤਰੀ ਅਤੇ ਚਾਲਕ ਦਲ ਦੇ ਚਾਰ ਮੈਂਬਰ ਸਵਾਰ ਸਨ। ਅਜੇ ਤੱਕ 45 ਲਾਸ਼ਾਂ ਮਿਲੀਆਂ ਹਨ। ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਪੋਸਟ ਕੀਤੀਆਂ ਗਈਆਂ ਤਸਵੀਰਾਂ ਅਤੇ ਵੀਡੀਓਜ਼ 'ਚ ਹਾਦਸੇ ਵਾਲੀ ਥਾਂ ਤੋਂ ਧੂੰਏਂ ਦੇ ਗੁਬਾਰ ਉੱਠਦੇ ਦਿਖਾਈ ਦੇ ਰਹੇ ਹਨ।

ਦੇਸ਼ ਦੁਆਬਾ

# ਪ੍ਰਾਧੀਨਤਾ ਪਾਪ ਹੈ ਜਾਨ ਲਿਓ ਰੇ ਮੀਤ॥

ਸੱਚੇ ਪਾਤਸ਼ਾਹ ਸਾਹਿਬ ਸ੍ਰੀ ਸਤਿਗੁਰੂ ਰਵਿਦਾਸ ਜੀ ਦੀ ਪਾਵਨ ਬਾਣੀ ਅਤੇ ਉਨ੍ਹਾਂ ਦਾ ਜੀਵਨ ਅਤੇ ਸਿੱਖਿਆਵਾਂ ਜਿਸ ਖ਼ਾਸ ਨੁਕਤੇ ਦੇ ਉੱਤੇ ਕੇਂਦਰਿਤ ਹਨ, ਉਹ ਹੈ ਇਨਸਾਨ ਦੇ ਅੰਦਰ ਸਵੈ-ਮਾਣ, ਸਵੈ-ਨਿਰਭਰਤਾ ਅਤੇ ਕਿਰਤ ਦੇ ਮਾਧਿਅਮ ਰਾਹੀਂ ਇੱਕ ਅਜਿਹੇ ਰਾਜ ਦਾ ਨਿਰਮਾਣ ਕਰਨਾ ਹੈ ਜਿਸ ਵਿੱਚ ਕੋਈ ਵੀ ਕਿਸੇ ਕਿਸਮ ਦੀ ਨੀਚ-ਊਚ, ਭੇਦ ਭਾਵ ਨਾ ਹੋਵੇ ਜਿਵੇਂ ਕਿ ਉਨ੍ਹਾਂ ਨੇ ਆਪਣੇ ਪਾਵਨ ਸ਼ਬਦ 'ਬੇਗਮਪੁਰਾ ਸਹਰ ਕੋ ਨਾਉ' ਵਿੱਚ ਵਿਆਖਿਆਨ ਕੀਤਾ ਹੈ। ਸ੍ਰੀ ਗੁਰੂ ਰਵਿਦਾਸ ਜੀ ਨੇ ਆਪਣੇ ਜੀਵਨ ਕਾਲ ਦੇ ਦੌਰਾਨ ਭਾਰਤ ਦੇ ਬਿਪਰਵਾਦੀ ਕੇਂਦਰ ਕਾਂਸ਼ੀ ਵਿਖੇ ਵੱਡੇ-ਵੱਡੇ ਬਿਪਰਾਂ ਨੂੰ ਇਸ ਗੱਲ ਦਾ ਅਹਿਸਾਸ ਚੰਗੀ ਤਰ੍ਹਾਂ ਕਰਵਾ ਦਿੱਤਾ ਸੀ ਕਿ ਵਡਿਆਈ, ਨਾ ਬਰਾਬਰਤਾ ਵਿੱਚ ਨਹੀਂ ਹੈ, ਸਗੋਂ ਬਰਾਬਰਤਾ ਦਾ ਹੀ ਦੂਸਰਾ ਨਾਂ ਵਡਿਆਈ ਹੈ। ਗੁਰੂ ਜੀ ਨੇ ਬਰਾਬਰਤਾ ਦਾ ਨਾਹਰਾ ਬੁਲੰਦ ਕਰਦੇ ਹੋਏ ਕਾਂਸ਼ੀ ਵਿਖੇ ਇੱਕ ਨਵੀਂ ਤਰ੍ਹਾਂ ਦੀ ਸ਼ਾਂਤੀ ਲਹਿਰ ਦਾ ਆਗਾਜ਼ ਕਰਕੇ ਭਾਰਤ ਦੀ ਮੂਲਨਿਵਾਸੀ ਕੌਮ ਨੂੰ ਉਤਸ਼ਾਹਿਤ ਕੀਤਾ। ਗੁਰੂ ਰਵਿਦਾਸ ਜੀ ਦੀ ਪਾਵਨ ਬਾਣੀ॥

ਪ੍ਰਾਧੀਨਤਾ ਪਾਪ ਹੈ ਜਾਨ ਲਿਓ ਰੇ ਮੀਤ॥ ਇਸ ਗੱਲ ਦੀ ਗਵਾਹ ਹੈ ਕਿ ਜਦ ਤੱਕ ਇਨਸਾਨ ਗੁਲਾਮੀ ਦੀਆਂ ਜੰਜ਼ੀਰਾਂ ਤੋਂ ਬਾਹਰ ਨਹੀਂ ਆ ਜਾਂਦਾ, ਉਦੋਂ ਤੱਕ ਉਸ ਦੀ ਕਿਸੇ ਵੀ ਤਰ੍ਹਾਂ ਕਿਸੇ ਵੀ ਪੱਧਰ ਤੇ ਬਰਾਬਰਤਾ ਦੀ ਗੱਲ ਕਰਨਾ ਤੱਥਾਂ ਤੋਂ ਦੂਰ ਹੋਣਾ ਹੈ। ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਨੇ ਗੁਲਾਮੀ ਤੋਂ ਛੁਟਕਾਰਾ ਦਵਾਉਣ ਲਈ ਜਿਸ ਮਾਰਗ ਨੂੰ ਚੁਣਿਆ ਉਹ ਸੀ ਕਿਰਤ, ਸਵੈ-ਆਤਮ ਵਿਸ਼ਵਾਸ ਅਤੇ ਨਿਡਰਤਾ। ਉਨ੍ਹਾਂ ਦਾ ਬਰਾਬਰਤਾ ਨੂੰ ਹਾਸਿਲ ਕਰਨ ਦਾ ਸਿਧਾਂਤ ਆਪਣੇ ਆਪ ਵਿੱਚ ਅਲੱਗ ਕਿਸਮ ਦੀ ਮਿਸਾਲ ਪੇਸ਼ ਕਰਦਾ ਹੈ। ਉਹ ਚਾਹੁੰਦੇ ਸਨ ਜਿਸ ਜਾਤ ਪਾਤ ਸਿਧਾਂਤ ਨੇ ਭਾਰਤ ਦੇ ਮੂਲਨਿਵਾਸੀ ਵਰਗ ਨੂੰ ਗੁਲਾਮੀ ਦੀਆਂ ਕਾਲ-ਕੋਠੜੀਆਂ ਵਿੱਚ ਸਦੀਆਂ ਤੋਂ ਬੰਦ ਕੀਤਾ ਹੈ, ਉਸ ਨੂੰ ਜਿਸ ਤਰੀਕੇ ਨਾਲ ਗੁਲਾਮੀ ਤੋਂ ਮੁਕਤ ਕਰਵਾਉਣਾ ਹੈ, ਉਹ ਤਰੀਕਾ ਸੱਚਾ ਤੇ ਸੁੱਚਾ ਹੀ ਨਹੀਂ ਹੋਣਾ ਚਾਹੀਦਾ, ਬਲਕਿ ਅਪਰਾਧੀਆਂ ਨੂੰ ਵੀ ਉਨ੍ਹਾਂ ਦੇ ਅਪਰਾਧ ਤੋਂ ਅਜ਼ਾਦ ਕਰਵਾ ਕੇ ਬਰਾਬਰਤਾ ਦੇ ਸਮਾਜ ਵਿੱਚ ਉਨ੍ਹਾਂ ਦਾ ਯੋਗਦਾਨ ਹਾਸਿਲ ਕਰੇ। ਗੁਰੂ ਜੀ ਦਾ ਜਾਤ ਪਾਤ ਨੂੰ ਖਤਮ ਕਰਨ ਦਾ ਸਿਧਾਂਤ ਜ਼ਾਤ ਅਭਿਮਾਨੀਆਂ ਨੂੰ ਭਗਤੀ ਦੇ ਮਾਧਿਅਮ ਰਾਹੀਂ ਸੋਝੀ ਦੇ ਕੇ ਇੱਕ ਵਿਸ਼ਾਲ ਅਤੇ ਨਿਰਮਾਣ ਦਾ ਮੌਕਾ ਦਿੰਦਾ ਹੈ। ਸ੍ਰੀ ਗੁਰੂ ਰਵਿਦਾਸ ਜੀ ਦੇ ਇਹ ਸ਼ਬਦ ॥ ਜੋ ਹਮ ਸਹਰੀ ਸੋ ਮੀਤ ਹਮਾਰਾ॥ ਦੀ ਗਵਾਹੀ ਭਰਦੇ ਹਨ। ਉਨ੍ਹਾਂ ਦੇ ਸ਼ਹਿਰ ਵਿੱਚ ਜੋ ਸ਼ਖਸ ਉਨ੍ਹਾਂ ਦੇ ਇਸ ਸਿਧਾਂਤ ਨੂੰ ਅਪਨਾਉਂਦਾ ਗੁਰੂ ਰਵਿਦਾਸ ਜੀ ਉਸ ਨੂੰ ਆਪਣਾ ਮਿੱਤਰ ਸਮਝਦੇ ਹਨ ਅਤੇ ਉਨ੍ਹਾਂ ਦੀ ਮਿੱਤਰਤਾ ਦਾ ਹੱਕਦਾਰ ਉਹੀ ਬਣ ਸਕਦਾ ਹੈ, ਜਿਸ ਨੇ ਜਾਤੀ ਪਾਤੀ ਘਿਨਾਉਣੀ ਵੰਡ ਨੂੰ ਤਿਆਗ ਕੇ ਬਰਾਬਰਤਾ ਦਾ ਸਿਧਾਂਤ ਅਪਨਾ ਲਿਆ ਹੈ। ਮਹਾਨ ਦੇਸ਼ ਭਗਤ ਗਦਰੀ ਬਾਬਾ ਬਾਬੂ ਮੰਗੂ ਰਾਮ ਮੁਗੋਵਾਲੀਆ ਜੀ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੇ ਜੀਵਨ ਅਤੇ ਉਨ੍ਹਾਂ ਦੀਆਂ ਪਾਵਨ ਸਿੱਖਿਆਵਾਂ ਤੋਂ ਸਬਕ ਸਿਖਦੇ ਹੋਏ ਜਿਸ ਆਦਿ ਧਰਮ ਲਹਿਰ ਦੀ ਉਸਾਰੀ ਕਰਦੇ ਹਨ, ਉਸ ਦੀ ਸ਼ੁਰੂਆਤ ਅਤੇ ਅੰਤ ਦਾ ਰਸਤਾ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੇ ਦਰਸਾਏ ਬਰਾਬਰਤਾ ਦੇ ਸਿਧਾਂਤਾਂ ਵਿੱਚੋਂ ਹੀ ਹੋ ਕੇ ਜਾਂਦਾ ਹੈ। ਬਾਬਾ ਮੁਗੋਵਾਲੀਆ ਜੀ ਨੇ ਆਦਿ ਧਰਮ ਦੀ ਲਹਿਰ ਦਾ ਪ੍ਰਤੀਕ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੀ ਪਾਵਨ ਬਾਣੀ ਨੂੰ ਅਪਨਾਇਆ, ਜਿਸ ਵਿੱਚੋਂ ਸੋਹੰ ਦਾ ਚਿੰਨ੍ਹ ਚੁਣ ਕੇ ਬ੍ਰਾਹਮਣਵਾਦੀ ਕਾਣੀ ਵੰਡ ਦੇ ਖਾਤਮੇ ਦਾ ਬਿਗਲ ਵਜਾਇਆ।

ਉਨ੍ਹਾਂ ਦੀ ਆਦਿ ਧਰਮ ਦੀ ਲਹਿਰ ਜਿੱਥੇ ਅੰਗਰੇਜ਼ ਸਰਕਾਰ ਤੋਂ ਵੱਖਰੇ ਧਰਮ ਦੀ ਮੰਗ ਕਰਦੇ ਹੋਏ ਦਲਿਤ ਮੁਕਤੀ ਦਾ ਆਦੀ ਬਾਣ ਛੱਡਦੀ ਹੈ। ਸ੍ਰੀ ਗੁਰੂ ਰਵਿਦਾਸ ਜੀ ਦੀ ਬਾਣੀ ਅਤੇ ਜੀਵਨ ਸਿੱਖਿਆਵਾਂ ਨੂੰ ਅਪਨਾਉਂਦੇ ਹੋਏ ਦਲਿਤ ਸ਼ਕਤੀ ਕਰਨ ਦਾ ਨਵਾਂ, ਅਨੋਖਾ ਤੇ ਸਵੈ-ਮਾਨ ਭਰਿਆ ਮਾਰਗ ਦਿਖਾਉਂਦੀ। ਅੱਜ ਭਾਵੇਂ ਆਦਿ ਧਰਮ ਦੀ ਲਹਿਰ ਅਪਨੇ ਜਲਾਓ 'ਚ ਨਹੀਂ ਹੈ, ਪ੍ਰੰਤੂ ਜਿਸ ਕਦਰ ਪੰਜਾਬ ਦੇ ਤਕਰੀਬਨ ਹਰ ਪਿੰਡ ਕਸਬੇ ਸ਼ਹਿਰ ਅੰਦਰ ਸ੍ਰੀ ਗੁਰੂ ਰਵਿਦਾਸ ਜੀ ਨੂੰ ਮੰਨਣ ਵਾਲੇ ਡੇਰਿਆਂ ਅੰਦਰ ਸ੍ਰੀ ਗੁਰੂ ਰਵਿਦਾਸ ਨਾਮਲੇਵਾ ਸੰਗਤਾਂ ਦਾ ਸੰਗ ਜੁੜਦਾ ਹੈ। ਉਹ ਜਿੱਥੇ ਆਦਿ ਧਰਮ ਦੀ ਲਹਿਰ ਦੀ ਵਿਰਾਸਤ ਦੀ ਤਸਵੀਰ ਪੇਸ਼ ਕਰਦਾ ਹੈ, ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੀ ਪਾਵਨ ਬਾਣੀ ਵਿਚਲੇ ਬਰਾਬਰਤਾ ਦੇ ਸਿਧਾਂਤ ਦੀ ਮੂੰਹ ਬੋਲਦੀ ਤਸਵੀਰ ਹੈ। ਸੱਚੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੇ 646ਵੇਂ ਪਾਵਨ ਆਗਮਨ ਪੁਰਬ 5 ਫਰਵਰੀ ਨੂੰ ਮਨਾਏ ਜਾਣ ਦੀਆਂ ਪੂਰੀ ਦੁਨੀਆਂ ਵਿਚ ਤਿਆਰੀਆਂ ਹੋ ਰਹੀਆਂ ਹਨ। ਆਓ ਆਪਾ ਰਲ-ਮਿਲ ਕੇ ਗੁਰੂ ਸਾਹਿਬ ਦਾ ਸਾਂਝੀਵਾਲਤਾ ਦਾ ਸੰਦੇਸ਼ ਘਰ-ਘਰ ਤੱਕ ਪਹੁੰਚਾਈਏ। "ਅਦਾਰਾ ਅੰਬੇਦਕਰ ਟਾਈਮਜ਼" ਤੇ "ਦੇਸ਼ ਦੁਆਬਾ" ਦੇ ਮਾਣਯੋਗ ਪਾਠਕਾਂ, ਇਸ਼ਤਿਹਾਰ ਦਾਤਾ ਅਤੇ ਹੋਰ ਸਨੇਹੀਆਂ ਨੂੰ ਇਸ ਸ਼ੁਭ ਦਿਹਾੜੇ ਤੇ ਬਹੁਤ ਬਹੁਤ ਵਧਾਈਆਂ ਦਿੰਦਾ ਹੈ ਅਤੇ ਆਸ ਕਰਦਾ ਹੈ ਕਿ ਉਨ੍ਹਾਂ ਦਾ ਸਹਿਯੋਗ ਅਦਾਰੇ ਨੂੰ ਹਮੇਸ਼ਾਂ ਪ੍ਰਾਪਤ ਹੁੰਦਾ ਰਹੇਗਾ ਅਤੇ ਅਦਾਰਾ ਗੁਰੂ ਸਾਹਿਬਾਨ ਜੀ ਦੇ ਅਸ਼ੀਰਵਾਦ ਨਾਲ ਬਹੁਜਨ ਦੇ ਹਿੱਤਾਂ ਲਈ ਅਵਾਜ਼ ਬੁਲੰਦ ਕਰਦਾ ਰਹੇਗਾ।

**– ਪ੍ਰੇਮ ਕੁਮਾਰ ਚੁੰਬਰ**

# ਮੁਕਤਸਰ ਦਾ ਯੁੱਧ ਜਾਂ ਮਾਘੀ ਦਾ ਤੀਰਥ ਇਸ਼ਨਾਨ?

ਮੁਕਤਾ ਸੰਸਕ੍ਰਿਤ ਦਾ ਸ਼ਬਦ ਹੈ ਜਿਸ ਦਾ ਅਰਥ ਹੈ ਅਜ਼ਾਦ, ਨਿਰਬੰਧ, ਬੰਧਨ ਰਹਿਤ, ਭੇਦ ਅਤੇ ਭਰਮ ਦੀ ਗਠ ਜਿਸ ਦੇ ਦਿਲ ਵਿੱਚ ਨਹੀਂ ਜੋ ਸਦਾ ਮੁਕਤੀਦਾਤੇ ਨੂੰ ਸਿਮਰਦਾ, ਉਹ ਮੁਕਤਾ ਹੈ-ਜਿਹ ਘਟਿ ਸਿਮਰਨ ਰਾਮ ਕੋ ਸੋ ਨਰ ਮੁਕਤਾ ਜਾਨੁ (੧੪੨੮) ਭਾ। ਕਾਨ੍ਹ ਸਿੰਘ ਨ੍ਹਾਭਾ ਜੀ ਲਿਖਦੇ ਹਨ ਕਿ ਗੁਰਮਤਿ ਅਨੁਸਾਰ ਮੁਕਤੀ ਹੈ ਕਿ ਗੁਰਮੁਖਾਂ ਦੀ ਸੰਗਤ ਦੁਆਰਾ ਨਾਮ ਤੱਤ ਦੇ ਅਭਿਆਸ ਦੇ ਸਾਧਨ ਨੂੰ ਜਾਣ ਕੇ ਸਿਰਜਣਹਾਰ ਨਾਲ ਲਿਵ ਦਾ ਜੋੜਨਾ, ਹਉਮੈ ਤਿਆਗ ਪਰਉਪਕਾਰ ਕਰਨਾ, ਅੰਤਸ਼ਕਰਣ ਨੂੰ ਅਵਿਦਿਆ ਅਤੇ ਭਰਮਜਾਲ ਤੋਂ, ਸਰੀਰ ਨੂੰ ਅਪਵਿੱਤਰਤਾ (ਮੰਦੀਆਂ ਵਾਸ਼ਨਾਂ) ਤੋਂ ਪਾਕ ਰੱਖਣਾ ਭਾਵ ਨਾਮ, ਦਾਨ, ਇਸ਼ਨਾਨ ਦਾ ਸੇਵਨ ਕਰਨਾ-ਮੁਕਤਿ ਦੁਆਰਾ ਸੋਈ ਪਾਏ ਜਿ ਵਿਚਹੁ ਆਪੁ ਗਵਾਇ (੧੨੭੬) ਕਹੁ ਨਾਨਕ ਗੁਰਿ ਖੋਲੇ ਕਪਾਟ॥ ਮੁਕਤੁ ਭਏ ਬਿਨਸੇ ਭ੍ਰਮਥਾਟ (੧੯੮) ਘਰ-ਪਰਵਾਰ ਗ੍ਰਿਹਸਤ ਵਿੱਚ ਰਹਿੰਦਿਆਂ ਹੀ ਦੁਨੀਆਂ ਦੀ ਮੋਹ ਮਾਇਆ, ਵਹਿਮ-ਭਰਮ, ਕਰਮ-ਕਾਂਢ, ਸਗਨ-ਅਪਸਗਨ, ਛੂਆ-ਛਾਤ, ਜਾਤ-ਪਾਤ ਅਤੇ ਦੇਸ਼-ਕਾਲ ਆਦਿ ਦੇ ਬੰਧਨਾਂ ਤੋਂ ਮੁਕਤ ਹੋਣਾ ਹੈ-ਹਸੰਦਿਆਂ ਖੇਲੰਦਿਆਂ ਪਹਿਨੰਦਿਆਂ ਖਾਵੰਦਿਆਂ ਵਿਚੇ ਹੋਵੇ ਮੁਕਤਿ (੫੨੨)

**ਮੁਕਤਸਰ ਦੀ ਜੰਗ-** ਜੰਗ ਫ਼ਾਰਸੀ ਦਾ ਲਫਜ਼ ਹੈ ਜਿਸ ਦਾ ਅਰਥ ਹੈ ਯੁੱਧ ਲੜਾਈ।ਆਮ ਤੌਰ ਤੇ ਜੰਗਾਂ ਜ਼ਰ-ਜ਼ੋਰੂ-ਜ਼ਮੀਨ ਖਾਤਿਰ ਹਨ ਪਰ ਗੁਰੂ ਜੀ ਨੂੰ ਜ਼ੋਰ ਤੇ ਜ਼ੁਲਮ ਦੇ ਖਿ਼ਲਫ ਲੜਾਈਆਂ ਲੜਨੀਆਂ ਪਈਆਂ।ਹਰ ਪਾਸਿਉਂ ਲਤਾੜੇ ਹੋਏ ਲੋਕਾਂ ਨੂੰ ਸਵੈਮਾਨਤਾ ਭਾਵ ਸਿਰ ਉਚਾ ਕਰਕੇ ਤੁਰਨ-ਫਿਰਨ ਦੀ ਅਜ਼ਾਦੀ ਆਦਿ ਲਈ ਧਰਮ ਜੁੱਧ ਕੀਤੇ। ਦਸ਼ਮੇਸ਼ ਜੀ ਨੇ-ਚੂੰਕਾਰ ਅਜ਼ ਹਮਾ ਹੀਲਤੇ ਦਰ ਗੁਜ਼ਸ਼ਤ॥ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ (ਜ਼ਫ਼ਰਨਾਮਾਂ) ਭਾਵ ਜਦ ਅਮਨ-ਅਮਾਨ, ਸੁਖ-ਸ਼ਾਂਤੀ, ਆਪਸੀ ਗਲ-ਬਾਤ ਦੇ ਸਾਰੇ ਹੀਲੇ-ਚਾਰੇ ਖਤਮ ਹੋ ਜਾਣ ਵਿਰੋਧੀ ਹੇਰਾ-ਫੇਰੀਆਂ ਤੇ ਉੱਤਰ ਆਵੇ ਤਾਂ ਫਿਰ ਤਲਵਾਰ ਪਕੜਨੀ ਜਾਇਜ਼ ਹੈ। ਲਾਲਾ ਦੌਲਤ ਰਾਇ ਵੀ ਲਿਖਦੇ ਹਨ ਕਿ ਗੁਰੂ ਜੀ ਨੇ ਹਿੰਦੂ ਪਹਾੜੀ ਰਾਜਿਆਂ ਅਤੇ ਮੁਗਲਾਂ ਦੀ ਕੋਈ ਥਾਂ ਨਹੀਂ ਮੱਲੀ ਅਤੇ ਨਾਂ ਹੀ ਵਿਰੋਧੀਆਂ ਤੇ ਕੋਈ ਵਧੀਕੀ ਕੀਤੀ ਬਲਕਿ ਉਹ ਤਾਂ ਮਾਰਸ਼ਲ ਸਪਿਰਟ ਪੈਦਾ ਕਰਨ ਵਿੱਚ ਲੱਗੇ ਹੋਏ ਸਨ ਇਸ ਲਈ ਉਨ੍ਹਾਂ ਨੂੰ ਤੰਗ ਪਰੇਸ਼ਾਨ ਕੀਤਾ ਗਿਆ ਤਾਂ ਉਨ੍ਹਾਂ ਮਜ਼ਬੂਰਨ ਤਲਵਾਰ ਪਕੜੀ।ਗੌਰ ਤਲਬ ਹੈ ਕਿ ਜਦ ਮਕਾਰੀ,ਵਿਕਾਰੀ ਤੇ ਹੰਕਾਰੀ ਮੁਗਲਾਂ ਤੇ ਪਹਾੜੀ ਰਾਜਿਆਂ ਨੇ ਗੁਰੂ ਜੀ ਦਾ ਸੰਤ-ਸਿਪਾਹੀ ਰਵੱਈਆ ਫੌਜੀ ਟਰੇਨਿੰਗ ਆਦਿਕ ਚੜ੍ਹਦੀ ਕਲਾ ਵਿੱਚ ਜਾਂਦਾ ਵੇਖਿਆ, ਜਿਨ੍ਹਾਂ ਗਰੀਬ ਲੋਕਾਂ ਨੂੰ ਹਕੂਮਤ ਅਤੇ ਕੱਟੜਪੰਥੀ ਧਾਰਮਿਕ ਆਗੂਆਂ ਨੇ ਦਬਾਇਆ ਹੋਇਆ ਸੀ ਜਿਹੜੇ ਇੱਥੋਂ ਤੱਕ ਡਰੇ ਹੋਏ ਸਨ ਕਿ-ਕੰਮ ਹਮਾਰਾ ਤੋਲਣ ਤੱਕੜੀ।ਨੰਗੀ ਕਰਦ ਕਦੇ ਨਹੀਂ ਪਕੜੀ।ਚਿੜੀ ਉੱਡੇ ਤਉ ਹਮ ਡਰ ਜਾਂਇ।ਦੁਸ਼ਮਣ ਸੇ ਕੈਸੇ ਲੜ ਪਾਂਏ।ਉਹ ਲੋਕ ਜ਼ੁਲਮ-ਜ਼ਬਰ ਦੇ ਵਿਰੁੱਧ ਉੱਠ ਖੜੇ ਹੋਏ ਤਾਂ ਮੁਗਲੀਆ ਹਕੂਮਤ ਤੇ ਪਹਾੜੀ ਰਾਜਿਆਂ ਗੁਰੂ ਜੀ ਨੂੰ ਅਨੰਦਪੁਰ ਛੱਡ ਜਾਣ ਲਈ ਅਤੇ ਹਕੂਮਤ ਦੇ ਅੰਡਰ ਚੱਲਣ ਲਈ ਕਹਿ ਦਿੱਤਾ ਤਾਂ ਗੁਰੂ ਜੀ ਨੇ ਇਨ੍ਹਾਂ ਨੂੰ ਮੂੰਹ ਤੋੜਵਾਂ ਜਵਾਬ ਦਿੱਤਾ ਕਿ ਅਸੀਂ ਕਿਸੇ ਦੀ ਚੱਪਾ ਵੀ ਭੋਇਂ ਨਹੀਂ ਮੱਲੀ ਹੋਈ, ਅਨੰਦਪੁਰ ਸਾਡਾ ਜ਼ਰ ਖਰੀਦ ਹੈ, ਅਸੀਂ ਅਮਨ ਪਸੰਦ ਸ਼ਹਿਰੀ ਅਤੇ ਅਕਾਲ ਪੁਰਖ ਦੇ ਅਧੀਨ ਹਾਂ ਜਿਸ ਦੇ ਅਧੀਨ ਸਾਰਾ ਜਗਤ ਹੈ।ਪਹਿਲਾਂ ਕਿਸੇ ਤੇ ਵਾਰ ਕਰਦੇ ਨਹੀਂ ਪਰ ਜਦ ਦੁਸ਼ਮਣ ਹੋਸ਼ੇ ਹਥਿਆਰਾਂ ਤੇ ਉੱਤਰ ਆਵੇ ਤਾਂ ਅਸੀਂ ਸਵੈਮਾਨ ਲਈ, ਜ਼ਾਲਮਾਂ ਦਾ ਮੂੰਹ ਭੰਨ ਸਕਦੇ ਹਾਂ, ਜਿਸ ਮੂੰਹ ਨੂੰ ਗਰੀਬਾਂ ਤੇ ਮਜ਼ਲੂਮਾਂ ਦਾ ਖੂਨ ਚੂਸਣ ਦੀ ਆਦਿਤ ਪੈ ਚੁੱਕੀ ਹੈ। ਅਸੀਂ ਉਸ ਰਹਿਬਰ ਬਾਬਾ ਨਾਨਕ ਦੇ ਵਾਰਿਸ ਹਾਂ ਜਿਸ ਨੇ ਬਲੰਦ ਬਾਂਗ ਕਿਹਾ ਸੀ-ਰਾਜੇ ਸ਼ੀਹ ਮਕਦਮ ਕੁੱਤੇ॥ ਜਾਇ ਜਗਾਇਨ ਬੈਠੇ ਸੁਤੇ (੧੨੮੮) ਬਾਬਰ ਨੂੰ ਜ਼ਾਬਰ ਕਹਿਣ ਵਾਲੇ ਗੁਰੂ ਦੇ ਅਨੁਯਾਈ ਹਾਂ।



ਜਦ ਜ਼ਾਲਮ ਹਕੂਮਤ ਬਾਜ ਨਾ ਆਈ ਤਾਂ ਪਹਿਲਾਂ ਭੰਗਾਣੀ ਦਾ ਜੁੱਧ ਹੋਇਆ ਜਿਸ ਵਿੱਚ ਵੈਰੀ ਦੇ ਭਾਰੀ ਨੁਕਸਾ ਨਾਲ, ਗੁਰਸਿੱਖਾਂ ਦੇ ਹੌਂਸਲੇ ਹੋਰ ਬੁਲੰਦ ਹੋ ਗਏ ਇਵੇਂ ਇੱਕਾ-ਦੁੱਕਾ ਨਦੌਣ, ਗੁਲ੍ਹੇਰ ਦੇ ਜੰਗਾਂ ਬਾਦ ਅਨੰਦਪੁਰ ਦੀਆਂ ਤਿੰਨ ਲੜਾਈਆਂ ਹੋਈਆਂ, ਵੈਰੀਆਂ ਨੂੰ ਹਰ ਲੜਾਈ ਵਿੱਚ ਮੂੰਹ ਦੀ ਖਾਣੀ ਪਈ।ਆਖਿਰ ਹਕੂਮਤ ਨੇ ਪਹਾੜੀ ਰਾਜਿਆਂ ਦੀਆਂ ਝੂਠੀਆਂ ਚੁਗਲੀਆਂ ਅਤੇ ਸ਼ਾਹੀ ਫੌਜਾਂ ਦੇ ਵਕਾਰ ਨੂੰ ਦੇਖ ਗੁਰੂ ਨੂੰ ਪਕੜਨ ਵਾਸਤੇ ਅਨੰਦਪੁਰ ਨੂੰ ਦੂਰ-ਦੂਰ ਤੱਕ ਘੇਰਾ ਪਾ ਲਿਆ, ਜੋ ਸੱਤ ਮਹੀਨੇ ਤੱਕ ਜਾਰੀ ਰਿਹਾ। ਜਦ ਫੇਰ ਵੀ ਕੋਈ ਕਾਮਜ਼ਾਬੀ ਪ੍ਰਾਪਤ ਨਾਂ ਹੋਈ ਤਾਂ ਬਹਰੋਂ ਰਸਤ-ਪਾਣੀ ਦੇ ਰਸਤੇ ਬੰਦ ਕਰ ਦਿੱਤੇ ਪਰ ਸਿੰਘ ਫਿਰ ਵੀ ਸ਼ੇਰ-ਝੱਪਟ ਦੁਆਰਾ ਰਾਸ਼ਨ-ਪਾਣੀ ਲੈ ਜਾਂਦੇ ਰਹੇ, ਤਾਂ ਮੁਗਲ ਸੈਨਾ ਤੇ ਪਹਾੜੀ ਰਾਜਿਆਂ ਆਪਣੀ ਜਾਨ ਖਲਾਸੀ ਦੀ ਖਾਤਿਰ ਕੁਰਾਨ ਤੇ ਗਊ ਦੀਆਂ ਕਸਮਾਂ ਖਾ, ਵਾਸਤੇ ਪਾ ਗੁਰੂ ਜੀ ਨੂੰ ਕਹਿ ਦਿੱਤਾ ਅਤੇ ਔਰੰਗਜ਼ੇਬ ਤੋਂ ਵੀ ਸ਼ਾਹੀ ਫੁਰਮਾਨ ਜ਼ਾਰੀ ਕਰਵਾ ਲਿਆ ਕਿ ਇੱਕ ਵਾਰ ਤੁਸੀਂ ਅਨੰਦਪੁਰ ਖਾਲੀ ਕਰ ਦਿਉ, ਅਸੀਂ ਤੁਹਾਨੂੰ ਕੁੱਝ ਨਹੀਂ ਕਹਾਂਗੇ, ਸਾਡੀ ਇਜ਼ਤ ਔਰੰਗਜ਼ੇਬ ਦੇ ਦਰਬਾਰ ਬਚ ਜਾਵੇਗੀ। ਜਦ ਇਹ ਪਰਵਾਨਾ ਆਇਆ ਤਾਂ ਗੁਰੂ ਜੀ ਨੇ ਸਿੰਘਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਵੈਰੀ ਬੜਾ ਮਕਾਰ ਹੈ, ਸ਼ਾਮ, ਦਾਮ, ਦੰਡ, ਭੇਦ ਦੀ ਨੀਤੀ ਵਰਤ ਕੇ ਨੁਕਸਾਨ ਕਰਨਾ ਚਾਹੁੰਦਾ ਹੈ।ਇਸ ਲਈ ਇਸ ਤੇ ਵਿਸ਼ਵਾਸ਼ ਕਰਨਾ ਖਤਰੇ ਤੋਂ ਖਾਲੀ ਨਹੀਂ। ਲੰਬੇ ਅਰਸੇ ਤੋਂ ਰਸਤ ਪਾਣੀ ਮੁੱਕ ਜਾਣ, ਸਿੰਘ-ਸਿੰਘਣੀਆਂ ਤੇ ਜੰਗੀ ਜਨਵਰਾਂ ਦੇ ਬੀਮਾਰ ਤੇ ਕਮਜ਼ੋਰ ਹੋ ਜਾਣ ਕਰਕੇ ਕੁਝ ਸਮੇ ਲਈ ਸਿੰਘਾਂ ਗੁਰੂ ਜੀ ਨੂੰ ਸਲਾਹ ਦਿੱਤੀ ਕਿ ਕਿਤੇ ਨਿਵੇਕਲੀ ਥਾਂ ਤੇ ਹੋਰ ਮਜ਼ਬੂਤ ਹੋ ਕੇ ਦੁਸ਼ਮਣ ਦਾ ਮੁਕਾਬਲਾ ਕੀਤਾ ਜਾਵੇ ਪਰ ਗੁਰੂ ਜੀ ਨਾਂ ਮੰਨੇ ਤੇ ਫਿਰ ਕਿਹਾ ਇਨ੍ਹਾਂ ਬੇਈਮਾਨਾਂ ਦਾ ਕੋਈ ਭਰੋਸਾ ਨਹੀ ਕਰਨਾ। ਵੈਰੀਆਂ ਦਾ ਇਮਾਨ ਪਰਖਣ ਲਈ ਗੁਰੂ ਜੀ ਨੇ ਸਿੰਘਾਂ ਨੂੰ ਕਿਹਾ ਕਿ ਕੁਝ ਫਟੇ ਪੁਰਾਣੇ ਕਪੜੇ ਤੇ ਟੁੱਟੇ ਫੁੱਟੇ ਛਿੱਤਰਾਂ ਆਦਿ ਦੀਆਂ ਪੰਡਾਂ ਬੰਨ੍ਹ ਕੇ, ਖੱਚਰਾਂ ਆਦਿ ਤੇ ਲੱਧ ਕੇ ਬਾਹਰ ਭੇਜ ਦਿੱਤੀਆਂ ਜਾਣ। ਜਦ ਐਸਾ ਕੀਤਾ ਗਿਆ, ਤਾਂ ਵੈਰੀ ਸਭ ਕਸਮਾਂ ਛਿੱਕੇ ਟੰਗ, ਪਿਛੇ ਟੁੱਟ ਪਿਆ। ਜਦ ਟੁੱਟੇ ਛਿੱਤਰ ਤੇ ਫਟੇ ਕਪੜੇ ਹੀ ਹੱਥ ਲੱਗੇ ਤਾਂ ਨਮੋਸ਼ੀ ਦੀ ਹਾਲਤ ਵਿੱਚ ਪਿਛੇ ਮੁੜ ਗਿਆ। ਉਧਰ ਗੁਰੂ ਜੀ ਨੇ ਸਿੰਘਾਂ ਨੂੰ ਕੁਝ ਸਮਾਂ ਹੋਰ ਸਬਰ ਨਾਲ ਜ਼ਬਰ ਦਾ ਟਾਕਰਾ ਕਰਨ ਲਈ ਕਿਹਾ, ਅਖੀਰ ਜਦ ਸਿੰਘ, ਜੰਗੀ ਜਾਨਵਰ ਭੁੱਖ, ਬੀਮਾਰੀ ਅਤੇ ਕਮਜੋਰੀ ਨਾਲ ਨਿਢਾਲ ਹੋ ਮਰਨ ਲੱਗੇ, ਤਾਂ ਐਸੇ ਹਲਾਤਾਂ ਵਿੱਚ ਸਿੰਘਾਂ ਦੀ ਬੇਨਤੀ ਮੰਨ, ਕੁਰਾਨ ਤੇ ਗਊ ਦੀਆਂ ਕਸਮਾਂ ਦਾ ਵਾਸਤਾ ਪੈਂਦਾ ਦੇਖ ਅਤੇ ਔਰੰਗਜ਼ੇਬ ਦੇ ਇਹ ਕਹਿਣ ਤੇ ਕਿ ਇੱਕ ਵਾਰ ਤੁਸੀਂ ਅਨੰਦਪੁਰ ਖਾਲੀ ਕਰ ਦਿਓ, ਸਾਡਾ ਸ਼ਾਹੀ ਵਿਕਾਰ ਵੀ ਬਣਿਆ ਰਹੇ ਅਤੇ ਤੁਹਾਡੀ ਵਾ ਵੱਲ ਵੀ ਕੋਈ ਨਹੀਂ ਦੇਖੇਗਾ। ਭਾਵੇਂ ਗੁਰੂ ਜੀ ਔਰੰਗੇ ਤੇ ਪਹਾੜੀਆਂ ਦੀ ਬਦਨੀਤੀ ਜਾਣਦੇ ਸਨ ਪਰ ਅਨੰਦਪੁਰ ਦੀ ਅੰਦਰਲੀ ਹਾਲਤ ਬਹੁਤ ਹੀ ਪਤਲੀ ਪੈ ਜਾਣ ਕਰਕੇ ੬-੭ ਪੋਹ ਦੀ ਰਾਤ ਨੂੰ ਦਸੰਬਰ ਦੇ ਪਹਿਲੇ ਹਫਤੇ ਅਨੰਦਪੁਰ ਨੂੰ ਸਦਾ ਲਈ ਛੱਡ ਕੀਰਤਪੁਰ ਵੱਲ ਚੱਲ ਪਏ। ਵੇਖੋ ਗੁਰੂ ਸੂਰਮੇ ਦਾ ਦਿਲ ਵੈਰੀ ਦਲ ੧੦ ਲੱਖ ਦੀ ਗਿਣਤੀ ਵਿੱਚ, ਇੱਕ ਸਾਧਾਰਣ ਜਿਹੇ ਨਗਰ ਚਮਕੌਰ ਗੜੀ 'ਤੇ ਚੜ੍ਹ ਆਇਆ ਸੀ ਜਿਸ ਵਿੱਚ ਕੁਝ ਗਿਣਤੀ ਦੇ ਹੀ ਸਿੰਘ ਸਨ। ਇਸ ਲੰਬੇ ਘੇਰੇ ਵਿੱਚ ਵੀ ਗੁਰੂ ਸੂਰਮੇ ਨੇ ਦਿਲ ਨਹੀਂ ਛੱਡਿਆ, ਵੈਰੀ ਅੱਗੇ ਹੱਥਿਆਰ ਨਹੀਂ ਸੁੱਟੇ, ਬੜੀ ਵਿਉਂਤਬੰਦੀ ਨਾਲ ਵੈਰੀ ਦਲ ਨੂੰ ਭੜਥੂ ਪਾਈ ਰੱਖਿਆ।



ਅਵਤਾਰ ਸਿੰਘ ਮਿਸ਼ਨਰੀ
510-432-5827

ਸਰਸਾ ਤੇ ਪਿਆ ਪਰਵਾਰ ਵਿਛੋੜਾ- ਅਜੇ ਗੁਰੂ ਜੀ ਸਿੰਘਾਂ ਸਮੇਤ ਕੀਰਤਪੁਰ ਹੀ ਲੰਘੇ ਸਨ ਕਿ ਦਿਨ ਦੇ ਚੜਦੇ ਸਾਰ ਹੀ ਕਹਿਲੂਰੀਏ ਅਜਮੇਰ ਚੰਦ ਤੇ ਸਰਹੰਦ ਦੇ ਨਾਜ਼ਮ ਵਜੀਰ ਖਾਂ ਨੇ ਆਪਣੀਆਂ ਸ਼ਾਹੀ ਫੌਜਾਂ ਲੈ ਹੱਲਾ ਕਰ ਦਿੱਤਾ। ਹੋਰ ਫੌਜੀ ਤੇ ਮੁਲਖੱਈਆ ਅਨੰਦਪੁਰ ਸਾਹਿਬ ਨੂੰ ਲੁੱਟਣ ਜਾ ਪਏ। ਇਧਰ ਜਦ ਵੈਰੀ ਸਾਰੀਆਂ ਕਸਮਾਂ ਤੋੜ ਗਲ ਆ ਪਿਆਂ ਤਾਂ ਸਰਸਾ ਕਿਨਾਰੇ ਸਿੰਘਾਂ ਨੇ ਭੁੱਖੇ ਸ਼ੇਰਾਂ ਵਾਂਗ ਵੈਰੀ ਦੇ ਚੰਗੇ ਆਹੂ ਲਾਹੇ। ਜਿਥੇ ਵੈਰੀ ਦਲ ਦਾ ਭਾਰੀ ਨੁਕਸਾਨ ਹੋਇਆ ਉਥੇ ਗੁਰੂ ਜੀ ਦੇ ਕੁਝ ਜਾਨੋਂ ਪਿਆਰੇ ਸਿੰਘ ਵੀ ਭਾ। ਉਦੇ ਸਿੰਘ ਦੀ ਅਗਵਾਈ ਚ' ਸ਼ਹੀਦ ਹੋ ਗਏ।ਨਿਰਭਉ ਤੇ ਨਿਰਵੈਰ ਗੁਰੂ ਨੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਸਿੰਘਾਂ ਨਾਲ ਰਲ ਕੇ ਕੀਤਾ ਅਤੇ ਅਰਦਾਸਾ ਸੋਧ ਕੇ ਸਰਸਾ ਨਦੀ ਪਾਰ ਕਰਨ ਲਈ ਠਿੱਲ ਪਏ। ਬਰਸਾਤ ਕਾਰਨ ਇਸ ਬਰਸਾਤੀ ਨਦੀ ਦਾ ਵੇਗ ਬਹੁਤ ਤਿੱਖਾ ਸੀ ਸਾਰੇ ਸਿੰਘਾਂ ਕੋਲ ਘੋੜੇ ਵੀ ਨਹੀਂ ਸਨ ਅਤੇ ਹੜ ਅੱਗੇ ਘੋੜਿਆਂ ਦੀ ਵੀ ਪੇਸ਼ ਨਹੀਂ ਸੀ ਜਾ ਰਹੀ।ਇਵੇਂ ਬਹੁਤੇ ਸਿੰਘ ਸਿੰਘਣੀਆਂ ਹੜ ਵਿੱਚ ਰੁੜ੍ਹ ਗਏ। ਕੇਵਲ ਮਾਤਾ ਗੁਜਰੀ ਨਾਲ ਛੋਟੇ ਸਾਹਿਬਜ਼ਾਦੇ, ਗੁਰੂ ਜੀ ਦੇ ਮਹਿਲਾਂ ਨਾਲ ਭਾਈ ਮਨੀ ਸਿੰਘ, ਗੁਰੂ ਜੀ ਨਾਲ ਵੱਡੇ ਸਾਹਿਬਜ਼ਾਦੇ ਅਤੇ ਬਾਕੀ ਬਚੇ ਸਿੰਘ, ਸਰਸਾ ਪਾਰ ਕਰ, ਰੋਪੜ ਵੱਲ ਚੱਲ ਪਏ ਪਰ ਵੈਰੀ ਸ਼ੂਕਦੀ ਸਰਸਾ ਵਿੱਚ ਵੜਨੋਂ ਡਰਦਾ ਰਿਹਾ।ਏਨੇ ਨੂੰ ਗੁਰੂ ਜੀ ਬਹੁਤ ਦੂਰ ਚਲੇ ਗਏ, ਉਧਰ ਜਿਹੜੇ ਸਿੰਘ ਸਰਸਾ ਵਿੱਚ ਰੁੜ੍ਹ ਗਏ ਤੇ ਕਿਤੇ ਦੂਰ ਲਹਿੰਦੇ ਪਾਸੇ ਰੁੜਦੇ ਹੋਏ ਕੁਝ ਕੰਢੇ ਜਾ ਲਗੇ। ਉਧਰ ਪੋਹ ਦੀ ਸਰਦੀ, ਲੰਬੇ ਸਮੇ ਦੀ ਭੁੱਖ, ਕਮਜੋਰੀ, ਸਰਸਾ ਦੇ ਬਰਫਾਨੀ ਤੇ ਤੂਫਾਨੀ ਪਾਣੀ ਨੇ ਉਨ੍ਹਾਂ ਦਾ ਬੁਰਾ ਹਾਲ ਕਰ ਦਿੱਤਾ।ਉਹ ਨਿਢਾਲ ਹੋਏ ਵੈਰੀ ਦੇ ਹੱਥ ਆਉਣ ਨਾਲੋਂ ਜਿਧਰ ਵੀ ਉਨ੍ਹਾਂ ਨੂੰ ਰਾਹ ਮਿਲਿਆ ਚਲੇ ਗਏ।ਇਧਰ ਗੁਰੂ ਜੀ ਨੇ ਵੱਡੇ ਸਾਹਿਬਜ਼ਾਦੇ ਤੇ ੪੦ ਕੁ ਸਿੰਘਾਂ ਨਾਲ ਭਾਈ ਬੁੱਧੀ ਚੰਦ ਦੀ ਕੱਚੀ ਹਵੇਲੀ ਵਿੱਚ ਜਾ ਮੁਕਾਮ ਕੀਤਾ। ਏਨੇ ਨੂੰ ਵੈਰੀ ਦਲ ਦੀ ਤਾਜਾ ਦਮ ਫੌਜ ਗੋਲੀ ਸਿਕੇ ਬਰੂਦ ਤੇ ਅਧੁਨਿਕ ਹਥਿਆਰਾਂ ਨਾਲ ਲੈਸ ਹੋ, ਮਾਰੋ-ਮਾਰ ਕਰਦੀ ਹੋਈ ਕੱਚੀ ਗੜੀ ਦੇ ਦੁਆਲੇ ਇੱਕਠੀ ਹੋ ਗਈ। ਇਸ ਵਿੱਚ ਸੂਬਾ ਸਰਹੰਦ, ਸੂਬਾ ਲਹੌਰ ਅਤੇ ਸੂਬਾ ਕਸ਼ਮੀਰ, ਦਿੱਲੀ ਤੋਂ ਸ਼ਾਹੀ ਫੌਜਾਂ ਅਤੇ ਪਹਾੜੀ ਰਾਜੇ, ਲੁਟੇਰੇ ਗੁਜਰ ਤੇ ਰੰਗੜ ਆਦਿਕ ਮੁਲਖਈਆ ਵੀ ਸ਼ਾਮਲ ਹੋ ਗਿਆ।ਇਤਿਹਾਸਕਾਰ ਲਿਖਦਾ ਹੈ ਕਿ ੧੦ ਲੱਖ ਫੌਜ ਨੇ ਗੜੀ ਨੂੰ ਘੇਰਾ ਪਾ ਲਿਆ, ਔਰੰਗੇ ਦਾ ਹੁਕਮ ਸੀ ਕਿ ਗੁਰੂ ਨੂੰ ਜਿੰਦਾ ਗ੍ਰਿਫਤਾਰ ਕਰਨਾ ਜਾਂ ਸਿਰ ਵੱਢ ਕੇ ਲਿਆਉਣਾ ਹੈ ਪਰ "ਪਾਪੀ ਔਰੰਗਾ ਕੀ ਜਾਣੇ ਮੌਜਾਂ ਦੇ ਮਾਹੀ ਸਰਕਾਰ ਦੀਆਂ ਗੁੱਝੀਆਂ ਰਮਜ਼ਾਂ ਨੂੰ" ਮਹਾਂਨ ਜਰਨੈਲ ਸੂਰਮੇ ਨੇ ਸਿੰਘਾਂ ਦੇ ਛੋਟੇ-ਛੋਟੇ ਜਥੇ ਬਣਾ ਕੇ, ਭੂਤਰੇ ਹੋਏ ਵੈਰੀ ਨਾਲ ਦੋ ਹੱਥ ਕਰਨ ਦੀ ਤਿਆਰੀ ਕੀਤੀ।ਉਸ ਦਿਨ ੮ ਪੋਹ ਦੀ ਰਾਤ ਸੀ, ਵੈਰੀ ਨੇ ਧਾਵਾ ਬੋਲ ਦਿੱਤਾ ਤਾਂ ਸਿੰਘ ਵੀ ਬਾਜਾਂ ਵਾਂਗ ਵੈਰੀ 'ਤੇ ਝਪਟ ਪਏ, ਲੱਖਾਂ ਦੀ ਕਟਾ-ਵੱਢ ਕਰਦੇ ਹੋਏ ਸ਼ਹੀਦੀ ਜ਼ਾਮ ਪੀਂਦੇ ਹੋਏ ਵੇਰੀਆਂ ਦੇ ਸੁਪਨੇ ਚਕਨਾ ਚੂਰ ਕਰ ਗਏ। ਜਿਨ੍ਹਾਂ ਵਿੱਚ ਗੁਰੂ ਜੀ ਦੇ ਵੱਡੇ ਦੋ ਪੁੱਤਰ ਤੇ ਪੰਜਾਂ ਪਿਆਰਿਆਂ ਚੋਂ ਦੋ ਪਿਆਰੇ ਵੀ ਸ਼ਹੀਦੀ ਪਾ ਗਏ,ਬਾਕੀ ਗੜੀ ਅੰਦਰ ਸਿਰਫ ੧੧ ਸਿੰਘ ਬਚੇ-ਭਾਈ ਦਇਆ ਸਿੰਘ ਧਰਮ ਸਿੰਘ, ਮਾਨ ਸਿੰਘ, ਸੰਗਤ ਸਿੰਘ, ਸੰਤ ਸਿੰਘ, ਰਾਮ ਸਿੰਘ, ਕੇਹਰ ਸਿੰਘ, ਸੰਤੋਖ ਸਿੰਘ, ਦੇਵਾ ਸਿੰਘ, ਜਿਊਣ ਸਿੰਘ, ਕਾਠਾ ਸਿੰਘ।

ਵੈਰੀਆਂ ਨੇ ਵੀ ਅੰਦਾਜਾ ਲਾਇਆ ਕਿ ਹੁਣ ਥੋੜੇ ਹੀ ਸਿੰਘ ਗੁਰੂ ਸਮੇਤ ਬਚੇ ਹਨ। ਰਾਤ ਨੂੰ ਤਾਂ ਲੜਾਈ ਦੀ ਲੋੜ ਨਹੀਂ ਸਵੇਰੇ ਹੱਥੋ-ਹੱਥ ਗੁਰੂ ਗੋਬਿੰਦ ਸਿੰਘ ਸਮੇਤ ਸਿੰਘਾਂ ਨੂੰ ਜਿਉਂਦੇ ਫੜ ਲਵਾਂਗੇ, ਇਉਂ ਜਰਨੈਲਾਂ ਨੂੰ ਬੇਫਿਕਰੀ ਹੋ ਗਈ।ਹੁਣ ਗੁਰੂ ਜੀ ਨੇ ਖੁਦ ਮੈਦਾਨੇ ਜੰਗ ਵਿੱਚ ਵੈਰੀ ਦਾ ਮੁਕਾਬਲਾ ਕਰਕੇ ਸ਼ਹੀਦ ਹੋਣ ਦੀ ਤਮੰਨਾ ਕੀਤੀ ਪਰ ਸਿੰਘਾਂ ਪਰਵਾਨ ਨਾਂ ਕੀਤਾ ਤੇ ਕਿਹਾ ਕਿ ਤੁਹਾਡੇ ਸਾਫ ਬਚ ਕੇ ਨਿਕਲ ਜਾਣ ਨਾਲ ਇੱਕ ਤਾਂ ਵੈਰੀਆਂ ਦੇ ਦਿਲ ਟੁੱਟਣਗੇ ਤੇ ਦੂਜਾ ਆਪ ਜੀ ਅਨੇਕਾਂ ਸਿੰਘ ਹੋਰ ਪੈਦਾ ਕਰ ਸਕਦੇ ਹੋ।ਇਉਂ ਸਿੰਘਾਂ ਨੇ ਪੰਜਾਂ ਦੇ ਰੂਪ ਵਿੱਚ ਗੁਰੂ ਜੀ ਨੂੰ ਗੜੀ ਚੋਂ ਚਲੇ ਜਾਣ ਦਾ ਹੁਕਮ ਦੇ ਦਿੱਤਾ।ਗੁਰੂ ਜੀ ਹੁਕਮ ਮੰਨ ਤਿਆਰ ਹੋ ਗਏ ਪਰ ਸਿੰਘ ਗੁਰੂ ਜੀ ਨੂੰ ਇਕੱਲਾ ਵੀ ਨਹੀ ਜਾਣ ਦੇਣਾ ਚਾਹੁੰਦੇ ਸਨ।ਸੋ ਪੰਜਾਂ ਚੋਂ ਭਾਈ ਦਇਆ ਸਿੰਘ, ਧਰਮ ਸਿੰਘ ਅਤੇ ਭਾਈ ਮਾਨ ਸਿੰਘ ਨੂੰ ਨਾਲ ਜਾਣ ਲਈ ਤਿਆਰ ਕੀਤਾ ਗਿਆ।ਗੁਰੂ ਜੀ ਸਾਫ ਬਚ ਕੇ ਤਾਂ ਹੀ ਜਾ ਸਕਦੇ ਸਨ ਕਿ ਜੇ ਗੜੀ ਚੋਂ ਰੁੱਕ-੨ ਗੋਲੀ ਚਲਦੀ ਰਹੇ, ਜੈਕਾਰੇ ਛੁੱਟਦੇ ਤੇ ਧੌਂਸੇ ਵਜਦੇ ਰਹਿਣ।ਬਾਕੀ ਸਿੰਘਾਂ ਚੋਂ ਭਾਈ ਸੰਗਤ ਸਿੰਘ ਜੀ ਦੀ ਸ਼ਕਲ-ਸੂਰਤ ਗੁਰੂ ਜੀ ਨਾਲ ਮਿਲਦੀ ਸੀ, ਵੈਰੀ ਨੂੰ ਭੁਲੇਖਾ ਪਾਉਣ ਲਈ ਗੁਰੂ ਨੇ ਆਪਣਾ ਬਾਣਾ ਤੇ ਕਲਗੀ ਤੋੜਾ ਭਾਈ ਸੰਗਤ ਸਿੰਘ ਜੀ ਦੇ ਸੀਸ ਸਜਾ, ਗੜੀ ਦੇ ਚਹੋਂ ਪਾਸਿਓਂ ਭਾਈ ਦਇਆ ਸਿੰਘ, ਧਰਮ ਸਿੰਘ ਤੇ ਭਾਈ ਮਾਨ ਸਿੰਘ ਸਮੇਤ ਤਾੜੀਆਂ ਵਜਾਉਂਦੇ ਤੇ ਇਹ ਨਾਹਰਾ ਲਾਉਂਦੇ ਹੋਏ ਕਿ "ਪੀਰੇ ਹਿੰਦ ਮੇ ਰਵੱਦ" ਭਾਵ ਹਿੰਦ ਦਾ ਪੀਰ ਗੁਰੂ ਜਾ ਰਿਹਾ ਹੈ। ਜਦ ਨਸ਼ੇ ਚ ਘੂਕ ਸੁੱਤੇ ਵੈਰੀਆਂ ਨੇ ਇਹ ਨਾਹਰਾ ਸੁਣਿਆਂ ਤਾਂ ਉਬੜਵਾਹੇ ਉੱਠ, ਹਨੇਰੇ ਵਿੱਚ ਹੀ ਤਲਵਾਰਾਂ ਚਲਾਉਂਦੇ, ਅਲੀ-ਅਲੀ ਕਰਕੇ ਟੁੱਟ ਪਏ ਅਤੇ ਆਪਸ ਵਿੱਚ ਹੀ ਕਟਾ-ਵੱਧ ਕਰੀ ਗਏ ਕਿਉਂਕਿ ਨਸ਼ੇ ਵਿੱਚ ਮਤਿ ਮਾਰੀ ਜਾਂਦੀ ਹੈ ਗੁਰ ਫੁਰਮਾਨ ਹੈ-ਜਿਤੁ ਪੀਤੇ ਮਤਿ ਦੂਰਿ ਹੋਇ ਬਰਲ ਪਵੇ ਵਿਚਿ ਆਇ॥ਆਪਨਾ ਪਰਾਇਆ ਨਾ ਪਛਾਨਹੀ ਖਸਮੋਂ ਧਕੇ ਖਾਇ (੫੫੪) ਉਧਰ ਗੁਰੂ ਜੀ ਸਿੰਘਾਂ ਨੂੰ ਦੱਸੀ ਤਾਰੇ ਦੀ ਸੇਧ ਮੁਤਾਬਿਕ ਨੰਗੇ ਪੈਰੀਂ ਝਾੜੀਆਂ ਤੇ ਕੰਡਿਆਂ ਚੋਂ ਲੰਘਦੇ ਹੋਏ ਮਾਛੀਵਾੜੇ ਦੇ ਜੰਗਲ ਵਿੱਚ ਜਾ ਪਹੁੰਚੇ, ਏਨੇ ਨੂੰ ਭਾਈ ਦਇਆ ਸਿੰਘ, ਧਰਮ ਸਿੰਘ ਤੇ ਭਾਈ ਮਾਨ ਸਿੰਘ ਵੀ ਪਹੁੰਚ ਗਏ। ਉਨ੍ਹਾਂ ਗੁਰੂ ਜੀ ਦੇ ਪੈਰਾਂ ਚੋਂ ਕੰਢੇ ਕੱਢੇ ਤੇ ਮੁੱਠੀ ਚਾਪੀ ਕੀਤੀ।


ਉਧਰ ਵੈਰੀ ਨੇ ਦਿਨ ਚੜ੍ਹਦੇ ਸਾਰ ਹੀ ਗੜੀ ਤੇ ਧਾਵਾ ਬੋਲ ਦਿੱਤਾ ਤਾਂ ਗੜੀ ਵਿਚਲੇ ਸਿੰਘ ਵੀ ਤਲਵਾਰਾਂ ਸੂਤ ਕੇ ਬਾਹਰ ਆਏ ਅਤੇ ਲੜਦੇ ਹੋਏ ਸ਼ਹੀਦੀਆਂ ਪਾ ਗਏ ਪਰ ਜਿਉਂਦੇ ਜੀ ਵੈਰੀ ਦੇ ਹੱਥ ਨਾ ਆਏ।ਵੈਰੀ ਭਾਈ ਸੰਗਤ ਸਿੰਘ ਜੀ ਨੂੰ ਗੁਰੂ ਗੋਬਿੰਦ ਸਿੰਘ ਸਮਝ ਖੁਸ਼ੀਆਂ ਮਨਾਉਂਣ ਲਗੇ।ਉਧਰ ਭਾਈ ਪੰਜਾਬਾ ਤੇ ਗੁਲਾਬਾ ਜੋ ਉੱਘੇ ਮਸੰਦ ਸਨ ਗੁਰੂ ਜੀ ਨੂੰ ਆਪਨੇ ਘਰ ਲੈ ਗਏ। ਭਾਈ ਨਬੀ ਖਾਂ ਤੇ ਗਨੀ ਖਾਂ ਵੀ ਜੋ ਮਾਛੀਵਾੜੇ ਦੇ ਰਹਿੰਣ ਵਾਲੇ ਅਤੇ ਘੋੜਿਆਂ ਦੇ ਵਾਪਾਰੀ ਸਨ ਨੂੰ ਜਦ ਪਤਾ ਲੱਗਾ ਤਾਂ, ਗੁਰੂ ਦੀ ਪਿਆਰ ਖਿੱਚ ਸਦਕਾ ਆ ਮਿਲੇ ਅਤੇ ਕਾਫੀ ਦਿਨ ਗੁਰੂ ਜੀ ਇਥੇ ਰਹੇ। ਆਖਿਰ ਨੀਤੀ ਵਰਤਦੇ ਗੁਰੂ ਜੀ ਉੱਚ ਦੇ ਪੀਰ ਬਣ, ਇੱਕ ਪਲੰਘ ਉੱਤੇ ਬੈਠ, ਭਾਈ ਨਬੀ ਖਾਂ, ਗਨੀ ਖਾਂ, ਭਾਈ ਧਰਮ ਸਿੰਘ ਤੇ ਭਾਈ ਮਾਨ

(ਬਾਕੀ ਸਫਾ 17 'ਤੇ)

Postal Address of Desh Doaba : 5101 Doe Hollow Pl, Antelope, CA. 95843
The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਲੋਹੜੀ ਮੌਕੇ ਸਜੀ ਗੀਤਕਾਰ ਮੰਗਲ ਹਠੂਰ ਦੀ ਸ਼ਾਨਦਾਰ ਮਹਿਫਲ










**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ ਫਰਿਜਨੋ (ਕੈਲੀਫੋਰਨੀਆ)–** ਅੱਜ ਕੱਲ ਗੀਤਕਾਰ ਮੰਗਲ ਹਠੂਰ ਆਪਣੀ ਕਨੇਡਾ- ਅਮੈਰਿਕਾ ਦੀ ਫੇਰੀ ਤੇ ਹਨ। ਇਸੇ ਕੜੀ ਤਹਿਤ ਉਹਨਾਂ ਦੇ ਚਹੁਣ ਵਾਲੇ ਉਹਨਾਂ ਦੀਆਂ ਮਹਿਫ਼ਲਾਂ ਆਪੋ ਆਪਣੇ ਤਰੀਕੇ ਨਾਲ ਕਰਵਾਕੇ ਓਹਨਾਂ ਦੀ ਸ਼ਾਇਰੀ ਦਾ ਅਨੰਦ ਮਾਣ ਰਹੇ ਹਨ।

ਇਸੇ ਤਰਾਂ ਦੀ ਮਹਿਫ਼ਲ ਫਰਿਜ਼ਨੋ ਵਿਖੇ ਸਜਾਈ ਗਈ। ਫਰਿਜਨੋ ਨਿਵਾਸੀ ਕਰੋਬਾਰੀ ਦਵਿੰਦਰ ਢਿੱਲੋ ਦੇ ਘਰ ਪਰਮਾਤਮਾਂ ਨੇ ਪੁੱਤਰ (ਜਿਗਰ ਸਿੰਘ ਢਿੱਲੋ) ਦੀ ਦਾਤ ਬਖ਼ਸ਼ੀ, ਇਸੇ ਖੁਸ਼ੀ ਨੂੰ ਸਾਂਝਿਆ ਕਰਨ ਲਈ ਸ਼ਨੀਵਾਰ ਰਾਤੀਂ ਗੀਤਕਾਰ ਮੰਗਲ ਹਠੂਰ ਦੀ ਲੋਹੜੀ ਨੂੰ ਸਮਰਪਿਤ ਮਹਿਫਲ ਢਿੱਲੋ ਫ਼ਾਰਮ ਫਰਿਜਨੋ ਵਿੱਖੇ ਰੱਖੀ ਗਈ।

ਬਿਜਨਮੈਨ ਸ. ਹਾਕਮ ਸਿੰਘ ਢਿਲੋ ਦੇ ਭਤੀਜੇ ਦਵਿੰਦਰ ਢਿੱਲੋ ਅਤੇ ਕੁਲਵਿੰਦਰ ਢਿੱਲੋ ਅਤੇ ਉਹਨਾਂ ਦੇ ਬੇਟੇ ਨਿੱਕ ਢਿੱਲੋਂ ਦੇ ਉੱਦਮ ਸਦਕੇ ਇਹ ਮਹਿਫ਼ਲ ਬੇਹੱਦ ਯਾਦਗਾਰੀ ਰਹੀ। ਗਾਇਕ, ਪੱਪੀ ਭਦੌੜ, ਬਹਾਦਰ ਸਿੱਧੂ, ਅਨਮੋਲ ਵਿਰਕ, ਕਮਲਜੀਤ ਬੈਨੀਪਾਲ ਨੇ ਆਪਣੇ ਗੀਤਾਂ ਨਾਲ ਖ਼ੂਬ ਰੰਗ ਬੰਨਿਆ। ਸੁਰਜੀਤ ਜੰਡੂ ਬਾਈ ਨੇ ਵੀ ਸੁਹਿਰਦ ਸ਼ਬਦਾਂ ਨਾਲ ਬਾਈ ਮੰਗਲ ਨੂੰ ਜੀ ਆਇਆ ਕਿਹਾ।


ਅਖੀਰ ਬਾਈ ਮੰਗਲ ਹਠੂਰ ਨੇ ਆਪਣੇ ਨਵੇਂ ਪੁਰਾਣੇ ਗੀਤਾਂ ਦੀ ਐਸੀ ਛਹਿਬਰ ਲਾਈ ਕਿ ਹਰਕੋਈ ਅਸ਼-ਅਸ਼ ਕਰ ਉੱਠਿਆ। ਇਸ ਮਹਿਫ਼ਲ ਵਿਚ ਕਬੱਡੀ ਪ੍ਰਮੋਟਰ ਨਾਜਰ ਸਿੰਘ ਸਹੋਤਾ, ਖੇਡ ਲੇਖਕ ਅਮਰਜੀਤ ਸਿੰਘ ਦੌਧਰ, ਉੱਘੇ ਟਰਾਂਸਪੋਰਟਰ ਸਤਨਾਮ ਸਿੰਘ ਪ੍ਰਧਾਨ, ਟਰਾਂਸਪੋਰਟਰ ਸੁਰਜੀਤ ਸਿੰਘ ਬਸਰਾ, ਸੁਖਦੇਵ ਸਿੰਘ ਗਰੇਵਾਲ, ਕਰੋਬਾਰੀ ਨਿਰਮਲਜੀਤ ਸਿੰਘ ਸੇਖੋਂ, ਗੁਰਪ੍ਰੀਤ ਸਿੰਘ ਤੂਰ, ਸ. ਜਗਰੂਪ ਸਿੰਘ ਧਾਲੀਵਾਲ (ਸੈਦੋ ਵਾਲੇ), ਸਰਪੰਚ ਅੰਗਰੇਜ਼ ਸਿੰਘ ਸਮਾਧ ਭਾਈ , ਨਿਰਮਲ ਸਿੰਘ ਨਿੰਮਾ, ਰੰਮੀ ਧਾਲੀਵਾਲ (ਰਣਸੀਂਹ ਕਲਾਂ), ਗੁਰਮਿੰਦਰ ਬਰਾੜ, ਬਿੱਟੂ ਮਕੈਨਿਕ (ਖੰਨੇ ਵਾਲਾ), ਜਗਮੀਤ ਬਰਾੜ ਅਤੇ ਸੁੱਖਾ ਗਿੱਲ ਆਦਿ ਨੇ ਹਾਜ਼ਰੀ ਭਰਕੇ ਇਸ ਮਹਿਫ਼ਲ ਨੂੰ ਹੋਰ ਵੀ ਚਾਰ ਚੰਨ ਲਾਏ। ਆਖਰ ਵਿੱਚ ਮੋਗਾ ਮੀਟ ਵਾਲੇ ਦਿਲਬਾਗ ਸਿੰਘ ਗਿੱਲ ਦੇ ਸੁਆਦਿਸ਼ਟ ਖਾਣੇ ਨਾਲ ਇਹ ਮਹਿਫ਼ਲ ਅਮਿੱਟ ਪੈੜਾਂ ਛੱਡਦੀ ਯਾਦਗਾਰੀ ਹੋ ਨਿੱਬੜੀ।


ਇਸ ਮੌਕੇ ਮੰਗਲ ਹਠੂਰ ਦੀ ਪੁਸਤਕ "ਗ਼ੁੱਸੇ ਗਿਲ੍ਹੇ" ਵੀ ਆਏ ਮਹਿਮਾਨਾਂ ਦੇ ਰੂਬਰੂ ਕੀਤੀ ਗਈ।

# ਪਗੜੀ ਸੰਭਾਲ ਲਹਿਰ ਤੋਂ ਸੰਯੁਕਤ ਕਿਸਾਨ ਮੋਰਚੇ ਤੱਕ

**ਲੇਖਕ: ਰੌਣਕੀ ਰਾਮ**
**ਅਨੁਵਾਦ: ਪੀ. ਐਸ. ਭੋਗਲ**
**ਪ੍ਰਕਾਸ਼ਕ: ਚੇਤਨਾ ਪ੍ਰਕਾਸ਼ਨ, ਲੁਧਿਆਣਾ**
**ਮੁੱਲ: 294 ਰੁਪਏ, ਸਫੇ: 174**
**ਸੰਪਰਕ: 98786-82160**

ਪ੍ਰੋ. ਰੌਣਕੀ ਰਾਮ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਖੇ ਸ਼ਹੀਦ ਭਗਤ ਸਿੰਘ ਚੇਅਰ ਦੇ ਮੁਖੀ ਹਨ। ਉਨ੍ਹਾਂ ਦੇ ਬਹੁਤ ਸਾਰੇ ਖੋਜ ਪੱਤਰ ਅਤੇ ਕਿਤਾਬਾਂ ਪੰਜਾਬ ਅਤੇ ਪੰਜਾਬ ਮਸਲਿਆਂ ਬਾਰੇ ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਰੀਵਿਊ ਅਧੀਨ ਪੁਸਤਕ ਪੰਜਾਬ ਕਿਸਾਨ ਘੋਲ ਦੇ ਸੌ-ਸਾਲਾ ਇਤਿਹਾਸ ਨਾਲ ਸਬੰਧਤ ਹੈ, ਜੋ ਪਗੜੀ ਸੰਭਾਲ ਲਹਿਰ ਤੋਂ ਸ਼ੁਰੂ ਹੋ ਕੇ ਸੰਯੁਕਤ ਕਿਸਾਨ ਮੋਰਚੇ ਤੱਕ ਨੂੰ ਆਪਣੇ ਕਲਾਵੇ ਵਿਚ ਸਮੇਟਦੀ ਹੈ। ਕਿਤਾਬ ਦੇ ਆਰੰਭ ਵਿਚ ਪ੍ਰੇਮ ਕੁਮਾਰ ਚੁੰਬਰ (ਮੁਢਲੇ ਸ਼ਬਦ), ਅਮਰਜੀਤ ਚੰਦਨ (ਮੁੱਖ ਬੰਧ) ਪ੍ਰੋ. ਰੌਣਕੀ ਰਾਮ (ਮੇਰੇ ਵੱਲੋਂ) ਦੇ ਸੰਖੇਪ ਵਿਚਾਰ ਅਤੇ ਭੂਮਿਕਾ ਪ੍ਰਕਾਸ਼ਿਤ ਹਨ। ਮੁੱਖ ਤੌਰ 'ਤੇ ਕਿਤਾਬ ਦੇ ਛੇ ਅਧਿਆਇ (ਪੰਨੇ 25 ਤੋਂ 120) ਹਨ। ਫਿਰ ਪੰਜ ਅਪੈਂਡਿਕਸ (121 ਤੋਂ 157 ਤੱਕ) ਅਤੇ ਅੰਤ ਵਿਚ ਹਵਾਲੇ ਤੇ ਟਿੱਪਣੀਆਂ (158 ਤੋਂ 173 ਤੱਕ)। ਅਸਲ ਵਿਚ ਇਹ ਕਿਤਾਬ ਪ੍ਰੋ. ਰੌਣਕੀ ਰਾਮ ਦੇ ਇਕ ਖੋਜ-ਪੱਤਰ, ਜੋ ਜਰਨਲ ਆਫ ਸਿੱਖ ਐਂਡ ਪੰਜਾਬ ਸਟੱਡੀਜ਼, ਨਿਊਯਾਰਕ ਵਿਚ ਪ੍ਰਕ-ਾਸ਼ਿਤ ਹੋਇਆ ਸੀ, ਦਾ ਹੀ ਵਿਸਤ੍ਰਿਤ ਰੂਪ ਹੈ, ਜਿਸ ਲਈ ਅਮਰਜੀਤ ਚੰਦਨ ਨੇ ਲੇਖਕ ਨੂੰ ਉਤਸ਼ਾਹਿਤ ਕੀਤਾ। ਪ੍ਰੋ. ਰੌਣਕੀ ਰਾਮ ਨੇ




ਇਹ ਕਿਤਾਬ ਮੂਲ ਰੂਪ ਵਿਚ ਅੰਗਰੇਜ਼ੀ ਵਿਚ ਲਿਖੀ ਸੀ, ਜਿਸ ਦਾ ਪੰਜਾਬੀ ਅਨੁਵਾਦ ਪ੍ਰੋ. ਪਰਮਿੰਦਰ ਸਿੰਘ ਭੋਗਲ ਨੇ ਕੀਤਾ ਹੈ। ਜਿਵੇਂ ਕਿ ਕਿਤਾਬ ਦੇ ਨਾਂਅ ਤੋਂ ਹੀ ਸਪੱਸ਼ਟ ਹੈ ਕਿ ਇਹ ਕਿਸਾਨ ਅੰਦੋਲਨ ਦੇ ਸੌ-ਸਾਲਾ ਸੰਘਰਸ਼ ਨਾਲ ਸਬੰਧਿਤ ਹੈ, ਜੋ 1907 ਵਿਚ ਸ਼ੁਰੂ ਹੋਇਆ ਸੀ ਅਤੇ 11 ਸਤੰਬਰ, 2021 ਨੂੰ ਜੇਤੂ ਦੇ ਰੂਪ ਵਿਚ ਸੰਪੂਰਨ ਹੋਇਆ ਸੀ। ਕਿਤਾਬ ਵਿਚ ਪ੍ਰੋ. ਰੌਣਕੀ ਰਾਮ ਨੇ ਪੰਜਾਬ ਦੇ ਲੰਮੇ ਸ਼ਾਂਤਮਈ ਕਿਸਾਨ ਮੋਰਚੇ ਦਾ ਇਤਿਹਾਸਕ, ਸਮਾਜਿਕ, ਸੱਭਿਆਚਾਰਕ ਵਿਵਰਣ ਦਿੱਤਾ ਹੈ।

ਪੱਗੜੀ ਸੰਭਾਲ ਅੰਦੋਲਨ ਦਾ ਪੱਥ ਪ੍ਰਦਰਸ਼ਕ ਅਜੀਤ ਸਿੰਘ ਸੀ, ਜਿਸ ਦਾ ਸ਼ੀਰਸ਼ਕ ਗੀਤ 'ਪਗੜੀ ਸੰਭਾਲ ਓ ਜੱਟਾ' ਬਾਂਕੇ ਦਿਆਲ ਨੇ ਲਿਖਿਆ ਸੀ। ਪੁਸਤਕ ਨੂੰ ਹੋਰ ਵਧੇਰੇ ਗ੍ਰਹਿਣਯੋਗ ਬਣਾਉਣ ਲਈ ਅਮਰਜੀਤ ਚੰਦਨ ਵੱਲੋਂ ਇਕੱਠੀਆਂ ਕੀਤੀਆਂ ਬਹੁਤ ਸਾਰੀਆਂ ਕਾਲੀਆਂ-ਚਿੱਟੀਆਂ ਤਸਵੀਰਾਂ ਅੰਦਰਵਾਰ ਪ੍ਰਕਾਸ਼ਿਤ ਹਨ। ਇਸ ਕਿਤਾਬ ਤੋਂ ਹੀ ਇਹ ਪਤਾ ਲੱਗਦਾ ਹੈ ਕਿ ਮਰਹੂਮ ਤੇਜਾ ਸਿੰਘ ਸੁਤੰਤਰ (1901-1973), ਜਿਸ ਨੇ ਪੈਪਸੂ ਮੁਜ਼ਾਰਾ ਲਹਿਰ ਦੀ ਅਗਵਾਈ ਕੀਤੀ ਸੀ, ਦਾ ਅਸਲੀ ਨਾਂਅ ਸਮੁੰਦ ਸਿੰਘ ਸੀ। ਉਹਦਾ ਰਾਜਨੀਤਿਕ ਸਫਰ ਗੁਰਦੁਆਰਾ ਸੁਧਾਰ ਲਹਿਰ ਤੋਂ ਸ਼ੁਰੂ ਹੋਇਆ ਸੀ। ਉਸ ਨੇ ਗੁਰਦਾਸਪੁਰ ਜ਼ਿਲ੍ਹੇ ਦੇ ਪਿੰਡ ਤੇਜਾ ਸਿੰਘ ਸਥਿਤ ਗੁਰਦੁਆਰਾ ਤੇਜਾ ਵੀਲ੍ਹਾ ਨੂੰ 'ਧੋਖੇਬਾਜ਼ ਮਹੰਤਾਂ' ਤੋਂ ਆਜ਼ਾਦ ਕਰਵਾਇਆ ਸੀ।ਇੱਥੋਂ ਹੀ ਓਹਦਾ ਨਾਂਅ 'ਤੇਜਾ' ਪੈ ਗਿਆ ਅਤੇ ਉਹਦੇ ਜਥੇ 'ਸੁਤੰਤਰ ਜਥਾ' ਤੋਂ ਉਹਦੇ ਨਾਅ ਨਾਲ 'ਸੁਤੰਤਰ' ਜੁੜ ਗਿਆ। ਪੰਜਾਬ, ਭਾਰਤ ਤੇ ਵਿਸ਼ਵ ਵਿਆਪੀ ਖੇਤੀਬਾੜੀ ਤਬਦੀਲੀਆਂ, ਸਮਾਜਿਕ ਅੰਦੋਲਨਾਂ ਵਿਚ ਦਿਲਚਸਪੀ ਰੱਖਣ ਵਾਲੇ ਜਗਿਆਸੂਆਂ ਲਈ ਇਹ ਕਿਤਾਬ ਵਡਮੁੱਲੀ ਸਮੱਗਰੀ ਪ੍ਰਦਾਨ ਕਰਦੀ ਹੈ।

**– ਪ੍ਰੋ. ਨਵ ਸੰਗੀਤ ਸਿੰਘ**
**94176-92015**

ਕੈਲੀਫੋਰਨੀਆ ਤੋਂ ਹੁਸਨ ਲੜੋਆ ਬੰਗਾ

# ਚੀਨੀ ਔਰਤ ਦੀ ਪੱਥਰ ਮਾਰ ਕੇ ਹੱਤਿਆ ਕਰਨ ਵਾਲੇ ਅਮਰੀਕੀ ਨੂੰ 20 ਸਾਲ ਕੈਦ ਦੀ ਸਜ਼ਾ

**ਸੈਕਰਾਮੈਂਟੋ 11 ਜਨਵਰੀ –** ਨਵੰਬਰ 2021 ਵਿਚ ਬਿਨਾਂ ਕਿਸੇ ਭੜਕਾਹਟ ਦੇ ਇਕ 61 ਸਾਲਾ ਚੀਨ ਦੀ ਔਰਤ ਦੀ ਪੱਥਰ ਮਾਰ ਕੇ ਹੱਤਿਆ ਕਰਨ ਵਾਲੇ ਨਿਊਯਾਰਕ ਦੇ ਵਸਨੀਕ ਅਮਰੀਕੀ ਨੂੰ 20 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ ਹੈ। 33 ਸਾਲਾ ਐਲੀਸੌਲ ਪਰੇਜ਼ ਨੂੰ ਕੁਈਨਜ਼ ਕਾਊਂਟੀ ਕ੍ਰਿਮੀਨਲ ਅਦਾਲਤ ਨੇ ਚੀਨੀ ਔਰਤ ਗੁਇੰਗ ਮਾ ਦੀ ਹੱਤਿਆ ਕਰਨ ਦੇ ਮਾਮਲੇ ਵਿਚ ਪਿਛਲੇ ਮਹੀਨੇ ਦੋਸ਼ੀ ਠਹਿਰਾਇਆ ਸੀ । ਇਹ ਜਾਣਕਾਰੀ ਕੁਈਨਜ਼ ਡਿਸਟ੍ਰਿਕਟ ਅਟਾਰਨੀ ਮੀਲਿੰਡਾ ਕਟਜ਼ ਨੇ ਜਾਰੀ ਇਕ ਬਿਆਨ ਵਿਚ ਦਿੱਤੀ ਹੈ। ਡਿਸਟ੍ਰਿਕਟ ਅਟਾਰਨੀ ਅਨੁਸਾਰ 26 ਨਵੰਬਰ 2021 ਨੂੰ ਗੁਇੰਗ ਮਾ ਜੈਕਸਨ ਹਾਈਟਸ ਖੇਤਰ ਵਿਚ ਸਵੇਰੇ




8 ਵਜੇ ਆਪਣੇ ਦੋਸਤ ਦੇ ਘਰ ਦੇ ਬਾਹਰ ਸੈਰ ਕਰ ਰਹੀ ਸੀ ਜਦੋਂ ਬਿਨਾਂ ਕਿਸੇ ਭੜਕਾਹਟ ਦੇ ਪਰੇਜ਼ ਨੇ ਪੱਥਰ ਚੁੱਕ ਕੇ ਉਸ ਦੇ ਸਿਰ ਵਿਚ ਮਾਰਿਆ। ਉਹ ਜਮੀਨ ਉਪਰ ਡਿੱਗ ਗਈ।

ਪਰੇਜ਼ ਨੇ ਫਿਰ ਪੱਥਰ ਨਾਲ ਉਸ ਦੇ ਸਿਰ ਉਪਰ ਹਮਲਾ ਕੀਤਾ। ਉਹ ਬੁਰੀ ਤਰਾਂ ਜ਼ਖਮੀ ਹੋ ਗਈ। ਉਸ ਦੇ ਸਿਰ ਦੀ ਸਰਜਰੀ ਕੀਤੀ ਗਈ ਪਰੰਤੂ ਫਰਵਰੀ 2022 ਵਿਚ ਉਹ ਦਮ ਤੋੜ ਗਈ। ਪਰੇਜ਼ ਨੂੰ ਹਮਲੇ ਵਾਲੇ ਦਿਨ ਹੀ ਗ੍ਰਿਫਤਾਰ ਕਰ ਲਿਆ ਗਿਆ ਸੀ। ਇਹ ਹੱਤਿਆ ਕੋਵਿਡ-19 ਮਹਾਮਾਰੀ ਫੈਲਣ ਉਪਰੰਤ ਏਸ਼ੀਅਨ ਲੋਕਾਂ ਦੀਆਂ ਹੋਈਆਂ ਹੱਤਿਆਵਾਂ ਵਿਚੋਂ ਇਕ ਸੀ।

# ਅਧਿਆਪਕ ਉਪਰ ਗੋਲੀ ਚਲਾਉਣ ਵਾਲੇ 6 ਸਾਲਾ ਬੱਚੇ ਦੀ ਮਾਂ ਵਿਰੁੱਧ ਹੋ ਸਕਦੀ ਹੈ ਕਾਰਵਾਈ- ਪੁਲਿਸ ਮੁੱਖੀ

**ਸੈਕਰਾਮੈਂਟੋ 11 ਜਨਵਰੀ–** ਵਰਜੀਨੀਆ ਦੇ ਰਿਚਨੈਕ ਐਲਮੈਂਟਰੀ ਸਕੂਲ ਵਿਚ ਪਹਿਲੀ ਸ਼੍ਰੇਣੀ ਦੇ 6 ਸਾਲਾ ਵਿਦਿਆਰਥੀ ਵੱਲੋਂ ਆਪਣੀ ਅਧਿਆਪਕਾ ਨੂੰ ਗੋਲੀ ਮਾਰ ਕੇ ਜ਼ਖਮੀ ਕਰ ਦੇਣ ਦੇ ਮਾਮਲੇ ਵਿਚ ਵਿਦਿਆਰਥੀ ਦੀ ਮਾਂ ਵਿਰੁੱਧ ਕਾਰਵਾਈ ਹੋ ਸਕਦੀ ਹੈ ਤੇ ਉਸ ਨੂੰ ਦੋਸ਼ਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਹ ਖੁਲਾਸਾ ਨਿਊਪੋਰਟ ਨਿਊਜ ਦੇ ਪੁਲਿਸ ਮੁੱਖੀ ਸਟੀਵ ਡਰੀਊ ਨੇ ਕੀਤਾ ਹੈ। ਪੁਲਿਸ ਵੱਲੋਂ ਪੁਸ਼ਟੀ ਕੀਤੀ ਗਈ ਹੈ ਕਿ ਬੱਚਾ ਸਕੂਲ ਵਿਚ ਵਰਤੀ ਗਈ ਗੰਨ ਘਰੋਂ ਲੈ ਕੇ ਆਇਆ ਸੀ ਜੋ ਗੰਨ ਉਸ ਦੀ ਮਾਂ ਨੇ ਖਰੀਦੀ ਸੀ। ਪੁਲਿਸ ਮੁੱਖੀ ਨੇ ਸਕੂਲ ਦੇ ਸਿਸਟਮ ਵਿਚ ਸੁਧਾਰ ਕਰਨ ਦੀ ਲੋੜ ਉਪਰ ਵੀ ਜੋਰ ਦਿੱਤਾ ਹੈ ਤਾਂ ਜੋ ਭਵਿੱਖ ਵਿਚ ਅਜਿਹੀਆਂ ਘਟਨਾਵਾਂ ਨੂੰ ਰੋਕਿਆ ਜਾ ਸਕੇ।

# ਪਿਛਲੇ ਸਮੇ ਦੌਰਾਨ ਸੋਕੇ ਵਰਗੇ ਹਾਲਾਤ ਨਾਲ ਜੂਝ ਰਹੇ ਕੈਲੀਫੋਰਨੀਆ ਨੂੰ ਬਾਰਿਸ਼ ਨੇ ਦਿੱਤੀ ਭਾਰੀ ਰਾਹਤ

## ਸੈਲਮਾ (ਅਲਬਾਮਾ) ਵਿਚ ਭਾਰੀ ਤੂਫਾਨ ਕਾਰਨ ਤਬਾਹੀ

**ਸੈਕਰਾਮੈਂਟੋ 11 ਜਨਵਰੀ –** ਅਮਰੀਕਾ ਦਾ ਅਹਿਮ ਰਾਜ ਕੈਲੀਫੋਰਨੀਆ ਪਿਛਲੇ 3 ਸਾਲਾਂ ਤੋਂ ਸੋਕੇ ਵਰਗੇ ਹਾਲਾਤ ਨਾਲ ਜੂਝਦਾ ਆ ਰਿਹਾ ਹੈ। ਸੋਕੇ ਕਾਰਨ ਰਾਜ ਦੇ ਜੰਗਲਾਂ ਨੂੰ ਅੱਗ ਦੀ ਮਾਰ ਝਲਣੀ ਪਈ ਹੈ ਜਿਸ ਕਾਰਨ ਜਿਥੇ ਲੋਕਾਂ ਤੇ ਜਾਨਵਰਾਂ ਨੂੰ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ ਹੈ ਉਥੇ ਵਾਤਾਵਰਣ ਉਪਰ ਵੀ ਬੁਰਾ ਅਸਰ ਪਿਆ ਹੈ। ਪਾਣੀ ਦੀ ਕਿਲਤ ਦੀ ਸਮੱਸਿਆ ਨਾਲ ਵੀ ਲੋਕਾਂ ਨੂੰ ਦੋ ਚਾਰ ਹੋਣਾ ਪਿਆ ਹੈ ਪਰੰਤੂ ਪਿਛਲੇ ਅਨੇਕਾਂ ਹਫਤਿਆਂ ਦੌਰਾਨ ਪਈ ਬਾਰਿਸ਼ ਨੇ ਰਾਜ ਉਪਰ ਬਹੁਤ ਸੁਖਾਵਾਂ ਅਸਰ ਪਾਇਆ ਹੈ। ਹਾਲਾਂ ਕਿ ਬਾਰਿਸ਼ ਕਾਰਨ ਜਨ ਜੀਵਨ ਪ੍ਰਭਾਵਿਤ ਹੋਇਆ ਹੈ ਪਰੰਤੂ ਇਹ ਬਾਰਿਸ਼ ਰਾਜ ਲਈ ਚੰਗੀ ਖਬਰ ਲੈ ਕੇ ਆਈ ਹੈ। 'ਯੂ ਐਸ ਡਰਾਟ ਮੋਨੀਟਰ' ਦੀ ਤਾਜਾ ਰਿਪੋਰਟ ਅਨੁਸਾਰ ਬਾਰਿਸ਼ ਨੇ ਸੋਕੇ ਦੀ ਤੀਬਰਤਾ ਨੂੰ ਖੁੰਡਾ ਕਰ ਦਿੱਤਾ ਹੈ। ਹਫਤਾਵਾਰੀ ਵਿਸ਼ਲੇਸ਼ਣ ਜੋ ਬੀਤੇ ਦਿਨ ਜਾਰੀ ਹੋਇਆ ਹੈ, ਅਨੁਸਾਰ ਇਸ ਸਮੇ ਓਰੇਗੋਨ ਦੀ ਸਰਹੱਦ ਨੇੜੇ ਕੇਵਲ 1% ਤੋਂ ਵੀ ਘੱਟ ਹਿਸੇ ਤੱਕ ਸੋਕਾ ਸੀਮਿਤ ਹੋ ਗਿਆ ਹੈ। ਦੋ ਹਫਤੇ ਪਹਿਲਾਂ ਕੈਲੀਫੋਰਨੀਆ ਦਾ ਇਕ ਤਿਹਾਈ ਤੋਂ ਵੀ ਵਧ ਹਿੱਸਾ ਭਿਆਨਕ ਸੋਕੇ ਦੀ ਸ਼੍ਰੇਣੀ ਵਿਚ ਸੀ। ਵਿਸ਼ਲੇਸ਼ਣ ਅਨੁਸਾਰ ਹਾਲਾਂ ਕਿ ਮਾਹੌਲ ਸਾਜਗਰ ਹੋਇਆ ਹੈ ਪਰੰਤੂ ਅਜੇ ਵੀ ਰਾਜ ਨੂੰ ਹੋਰ ਬਾਰਿਸ਼ ਦੀ ਲੋੜ ਹੈ।



**ਤੂਫ਼ਾਨ ਨਾਲ ਭਾਰੀ ਨੁਕਸਾਨ :** ਅਲਬਾਮਾ ਦੇ ਸੈਲਮਾ ਸ਼ਹਿਰ ਵਿਚ ਤੂਫ਼ਾਨ ਨੇ ਭਾਰੀ ਨੁਕਸਾਨ ਕੀਤਾ ਹੈ। ਇਹ ਜਾਣਕਾਰੀ ਸੈਲਮਾ ਦੇ ਮੇਅਰ ਨੇ ਦਿੰਦਿਆਂ ਕਿਹਾ ਹੈ ਕਿ ਦਰਜਨ ਤੋਂ ਵਧ ਮਿਲੀਆਂ ਰਿਪੋਰਟਾਂ ਅਨੁਸਾਰ ਦੱਖਣ-ਪੂਰਬ ਹਿੱਸੇ ਵਿਚ ਭਿਆਨਕ ਤੂਫ਼ਾਨ ਆਇਆ ਹੈ ਜਿਸ ਕਾਰਨ ਅਨੇਕਾਂ ਲੋਕ ਜ਼ਖਮੀ ਹੋਏ ਹਨ। ਕੌਮੀ ਮੌਸਮ ਸੇਵਾ ਨੇ ਸੈਲਮਾ ਵਿਚ ਭਿਆਨਕ ਤੂਫ਼ਾਨ ਆਉਣ ਦੀ ਪੁਸ਼ਟੀ ਕੀਤੀ ਹੈ। ਡਲਾਸ ਕਾਊਂਟੀ ਦੇ ਕੋਰੋਨਰ ਵਿਲੀਅਮ ਐਲਨ ਡੇਲੀ ਨੇ ਕਿਹਾ ਹੈ ਕਿ ਤੂਫ਼ਾਨ ਨੇ ਵਿਆਪਕ ਖੇਤਰ ਨੂੰ ਪ੍ਰਭਾਵਿਤ ਕੀਤਾ ਹੈ। ਡਲਾਸ ਕਾਊਂਟੀ ਦੇ ਇਕ ਸਿਰੇ ਤੋਂ ਲੈ ਕੇ ਦੂਸਰੇ ਸਿਰੇ ਤੱਕ ਨੁਕਸਾਨ ਹੋਇਆ ਹੈ। ਉਨਾਂ ਕਿਹਾ ਹੈ ਕਿ ਤੂਫ਼ਾਨ ਕਾਰਨ ਜਾਨੀ ਨੁਕਸਾਨ ਤੋਂ ਭਾਵੇਂ ਬਚਾਅ ਰਿਹਾ ਹੈ ਪਰੰਤੂ ਲੋਕ ਜ਼ਖਮੀ ਹੋਏ ਹਨ ਜਿਨਾਂ ਨੂੰ ਖੇਤਰੀ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ। ਤੂਫ਼ਾਨ ਕਾਰਨ ਕਈ ਘਰਾਂ ਦੀਆਂ ਛੱਤਾਂ ਉੱਡ ਗਈਆਂ ਹਨ ਤੇ ਸੜਕਾਂ ਉਪਰ ਮਲਬੇ ਦੇ ਢੇਰ ਲੱਗੇ ਹੋਏ ਹਨ।

# ਬੱਚਿਆਂ ਦੀ ਤਲਾਸ਼ੀ ਲਈ ਰਿਚਨੈਕ ਐਲਮੈਂਟਰੀ ਸਕੂਲ ਵਿਚ ਲੱਗੇਗਾ ਮੈਟਲ ਡੀਡੈਕਟਰਜ਼

**ਸੈਕਰਾਮੈਂਟੋ 14 ਜਨਵਰੀ–** ਵਰਜੀਨੀਆ ਦੇ ਰਿਚਨੈਕ ਐਲੀਮੈਂਟਰੀ ਸਕੂਲ ਜਿਥੇ ਪਿਛਲੇ ਹਫਤੇ ਇਕ 6 ਸਾਲ ਦੇ ਬੱਚੇ ਨੇ ਆਪਣੀ ਅਧਿਆਪਕਾ ਨੂੰ ਗੋਲੀ ਮਾਰ ਕੇ ਗੰਭੀਰ ਜ਼ਖਮੀ ਕਰ ਦਿੱਤਾ ਸੀ, ਵਿਚ ਮੈਟਲ ਡੀਟੈਕਟਰਜ਼ ਲਾਉਣ ਦਾ ਫੈਸਲਾ ਕੀਤਾ ਗਿਆ ਹੈ। ਬੱਚਿਆਂ ਨੂੰ ਮੈਟਲ ਡੀਡੈਕਟਰਜ਼ ਰਾਹੀਂ ਅੰਦਰ ਜਾਣਾ ਪਵੇਗਾ। ਇਹ ਪ੍ਰਗਟਾਵਾ ਨਿਊਪੋਰਟ ਨਿਊਜ ਪਬਲਿਕ ਸਕੂਲ ਦੇ ਸੁਪਰਡੈਂਟ ਜਾਰਜ ਪਾਰਕਰ ਨੇ ਕਰਦਿਆਂ ਕਿਹਾ ਹੈ ਕਿ ਰਿਚਨੈਕ ਐਲਮੈਂਟਰੀ ਸਕੂਲ ਪ੍ਰਸ਼ਾਸਨ ਆਮ ਚੈਕਿੰਗ ਦੌਰਾਨ ਬੱਚੇ ਵੱਲੋਂ ਲਿਆਂਦਾ ਹਥਿਆਰ ਲਭ ਨਹੀਂ ਸਕਿਆ ਤੇ ਬੱਚਾ ਕਲਾਸ ਵਿਚ ਹਥਿਆਰ ਲੈ ਗਿਆ। ਇਸ ਲਈ ਮੈਟਲ ਡੀਡੈਕਟਰਜ਼ ਲਾਉਣਾ ਜਰੂਰੀ ਹੋ ਗਿਆ ਹੈ।

# ਨ਼ਫਰਤੀ ਅਪਰਾਧ ਤਹਿਤ ਏਸ਼ੀਅਨ ਮੂਲ ਦੇ ਵਿਅਕਤੀ ਦੀ ਹੱਤਿਆ ਦੇ ਮਾਮਲੇ ਵਿਚ ਦੋਸ਼ੀ ਨੂੰ 22 ਸਾਲ ਦੀ ਜੇਲ

**ਸੈਕਰਾਮੈਂਟੋ 14 ਜਨਵਰੀ–** ਏਸ਼ੀਅਨ ਮੂਲ ਦੇ ਵਿਅਕਤੀ ਦੀ ਨ਼ਫਰਤੀ ਅਪਰਾਧ ਤਹਿਤ ਹੋਈ ਹੱਤਿਆ ਦੇ ਮਾਮਲੇ ਵਿਚ ਜਰੋਡ ਪਾਵੈਲ ਨਾਮੀ ਵਿਅਕਤੀ ਨੂੰ ਦੋਸ਼ੀ ਠਹਿਰਾਇਆ ਗਿਆ ਹੈ ਤੇ ਉਸ ਨੂੰ 22 ਸਾਲ ਕੈਦ ਦੀ ਸਜ਼ਾ ਹੋਈ ਹੈ। ਇਹ ਪ੍ਰਗਟਾਵਾ




ਮੈਨਹਟਨ ਡਿਸਟ੍ਰਿਕਟ ਅਟਾਰਨੀ ਦੇ ਦਫਤਰ ਨੇ ਕੀਤਾ ਹੈ। ਪੁਲਿਸ ਅਨੁਸਾਰ ਇਹ ਘਟਨਾ ਅਪ੍ਰੈਲ 2021 ਵਿਚ ਨਿਊਯਾਰਕ ਸ਼ਹਿਰ ਵਿਚ ਵਾਪਰੀ ਸੀ। ਚੀਨੀ ਮੂਲ ਦਾ ਅਮਰੀਕੀ ਯਾਓ ਪੈਨ ਮਾ ਕੈਨ ਇਕੱਠੇ ਕਰ ਰਿਹਾ ਜਦੋਂ ਉਸ ਉਪਰ ਪਿਛਲੇ ਪਾਸੇ ਤੋਂ ਹਮਲਾ ਕੀਤਾ ਗਿਆ। ਜਦੋਂ ਉਹ ਜਮੀਨ ਉਪਰ ਡਿੱਗ ਗਿਆ ਤਾਂ ਉਸ ਦੇ ਸਿਰ ਉਪਰ ਕਈ ਵਾਰ ਹਮਲਾ ਕੀਤਾ ਗਿਆ। ਉਸ ਨੂੰ ਗੰਭੀਰ ਹਾਲਤ ਵਿਚ ਹਸਪਤਾਲ ਦਾਖਲ ਕਰਵਾਇਆ ਜਿਥੇ ਉਹ ਬੇਹੋਸ਼ੀ ਦੀ ਹਾਲਤ ਵਿਚ ਹੀ ਰਿਹਾ ਤੇ ਆਖਰਕਾਰ 8 ਮਹੀਨੇ ਬਾਅਦ 31 ਦਸੰਬਰ 2021 ਨੂੰ ਉਸ ਦੀ ਮੌਤ ਹੋ ਗਈ। ਡਿਸਟ੍ਰਿਕਟ ਅਟਾਰਨੀ ਐਲਵਿਨ ਬਰਾਗ ਨੇ ਕਿਹਾ ਹੈ ਕਿ ਬਿਨਾਂ ਕਿਸੇ ਕਾਰਨ ਯਾਓ ਪੈਨ ਮਾ ਦੀ ਹੱਤਿਆ ਹੋਈ ਸੀ। ਜਰੋਡ ਪਾਵੈਲ ਨੇ ਨਸਲ ਕਾਰਨ ਉਸ ਉਪਰ ਹਮਲਾ ਕੀਤਾ ਸੀ ਜਿਸ ਲਈ ਉਸ ਨੂੰ ਸਜ਼ਾ ਭੁਗਤਣੀ ਪਵੇਗੀ।

# ਅਮਰੀਕਾ ਨਾਲ ਮਿਨੀ ਟਰੇਡ ਸਮਝੌਤੇ ਦੇ ਹੱਕ ਵਿਚ ਨਹੀਂ ਹੈ ਭਾਰਤ-ਪਿਊਸ਼ ਗੋਇਲ

## ਵਪਾਰ ਤੇ ਸਨਅਤ ਮੰਤਰੀ ਨੇ ਟਰੇਡ ਪਾਲਸੀ ਫੋਰਮ ਦੀ ਮੀਟਿੰਗ ਨੂੰ ਕੀਤਾ ਸੰਬੋਧਨ

**ਸੈਕਰਾਮੈਂਟੋ 14 ਜਨਵਰੀ –** ਸੈਕਰਾਮੈਂਟੋ- ਭਾਰਤ ਦੇ ਵਪਾਰ ਤੇ ਸਨਅਤ ਮੰਤਰੀ ਪਿਊਸ਼ ਗੋਇਲ ਨੇ ਕਿਹਾ ਹੈ ਕਿ ਅਮਰੀਕਾ ਨਾਲ ਭਾਰਤ ਮਿਨੀ ਟਰੇਡ ਸਮਝੌਤੇ ਦੇ ਹੱਕ ਵਿਚ ਨਹੀਂ ਹੈ ਜੋ ਸਮਝੌਤਾ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਦੇ ਕਾਰਜਕਾਲ ਦੌਰਾਨ ਵਿਚਾਰ ਅਧੀਨ ਸੀ ਤੇ ਇਸ ਦੇ ਨਾਲ ਹੀ ਇਸ ਵੇਲੇ ਮੁਕਤ ਵਪਾਰ ਸਮਝੌਤੇ ਉਪਰ ਚਰਚਾ ਨਹੀਂ ਹੋ ਰਹੀ ਕਿਉਂਕਿ ਬਾਈਡਨ ਪ੍ਰਸ਼ਾਸਨ ਇਸ ਵਿਚ ਦਿਲਚਸਪੀ ਨਹੀਂ ਰਖਦਾ। ਉਨਾਂ ਕਿਹਾ ਕਿ ਭਾਰਤ ਤੇ ਅਮਰੀਕਾ ਨੇ ਇਕ ਦੂਸਰੇ ਦੇ ਬਾਜ਼ਾਰ ਵੱਲ ਧਿਆਨ ਕੇਂਦ੍ਰਿਤ ਕਰਨ ਤੇ ਦੋਨਾਂ ਦੇਸ਼ਾਂ ਵਿਚਾਲੇ ਵਪਾਰ ਸੁਖਾਵਾਂ ਬਣਾਉਣ ਦਾ ਨਿਰਨਾ ਲਿਆ ਹੈ। ਪਿਊਸ਼ ਗੋਇਲ ਅਮਰੀਕਾ ਦੇ ਵਪਾਰਕ ਪ੍ਰਤੀਨਿੱਧ ਕੈਥਰੀਨ ਟਾਈ ਨਾਲ ਗੱਲਬਾਤ ਉਪਰੰਤ ਵਾਸ਼ਿੰਗਟਨ ਡੀ ਸੀ ਵਿਚ ਟਰੇਡ ਪਾਲਸੀ ਫੋਰਮ ਦੀ ਮੀਟਿੰਗ ਨੂੰ ਸੰਬੋਧਨ ਕਰ ਰਹੇ ਸਨ। ਗੋਇਲ ਨੇ ਸਵਿਕਾਰ ਕੀਤਾ ਕਿ ਇਸ ਸਮੇ ਭਾਰਤ ਤੇ ਅਮਰੀਕਾ ਵਿਚਾਲੇ ਵਪਾਰਕ ਸਬੰਧਾਂ ਵਿਚ ਕੋਈ ਵਰਣਨਯੋਗ ਪ੍ਰਗਤੀ ਨਹੀਂ ਹੋਈ ਹੈ।

ਉਨਾਂ ਨੇ ਫਰਵਰੀ 2020 ਵਿਚ ਤਤਕਾਲ ਰਾਸ਼ਟਰਪਤੀ ਡੋਨਲਡ ਟਰੰਪ ਦੇ ਭਾਰਤ ਦੇ ਦੌਰੇ ਵੇਲੇ ਗੱਲਬਾਤ ਨਾ ਸਿਰੇ ਚੜਨ ਲਈ ਟਰੰਪ ਪ੍ਰਸ਼ਾਸਨ ਨੂੰ ਜਿੰਮੇਵਾਰ ਠਹਿਰਾਇਆ। ਉਨਾਂ ਕਿਹਾ ਕਿ ਟਰੰਪ ਨੇ ਭਾਰਤ ਨਾਲ ਵਪਾਰਕ ਗੱਲਬਾਤ ਵਿਚ ਅੜਿਕਾ ਪਾਇਆ ਸੀ। ਗੋਇਲ ਨੇ ਕਿਹਾ ਕਿ ਅਸੀਂ ਅਮਰੀਕਾ ਨਾਲ ਵਪਾਰਕ ਖੇਤਰ ਵਿਚ ਵੱਡਾ ਟੀਚਾ ਰਖਦੇ ਹਾਂ ਤੇ ਇਸ ਲਈ ਯਤਨਸ਼ੀਲ ਹਾਂ। ਉਨਾਂ ਨੇ ਅਮਰੀਕਾ ਨਾਲ ਛੋਟੇ ਮੋਟੇ ਸਮਝੌਤੇ ਨੂੰ ਰੱਦ ਕਰਦਿਆਂ ਸੰਕੇਤ ਦਿੱਤਾ ਕਿ ਭਾਰਤ ਮੁਕਤ ਵਪਾਰ ਸਮਝੌਤੇ ਦੇ ਹੱਕ ਵਿਚ ਹੈ ਤੇ ਭਾਰਤ ਨੇ ਇਹ ਸਮਝੌਤਾ ਆਸਟ੍ਰੇਲੀਆ ਤੇ ਯੂ ਏ ਈ ਨਾਲ ਕੀਤਾ ਹੈ। ਇਸ ਤੋਂ ਇਲਾਵਾ ਭਾਰਤ ਕੈਨੇਡਾ, ਇੰਗਲੈਂਡ, ਇਸਰਾਈਲ ਤੇ ਯੂਰਪੀ ਯੂਨੀਅਨ ਨਾਲ ਵੀ ਮੁਕਤ ਵਪਾਰ ਸਮਝੌਤਾ ਕਰਨ ਲਈ ਯਤਨਸ਼ੀਲ ਹੈ। ਇਸ ਸਬੰਧ ਵਿਚ ਸਰਗਰਮੀ ਨਾਲ ਕੋਸ਼ਿਸ਼ਾਂ ਹੋ ਰਹੀਆਂ ਹਨ। ਇਥੇ ਜਿਕਰਯੋਗ ਹੈ ਕਿ 2021 ਵਿਚ ਭਾਰਤ ਤੇ ਅਮਰੀਕਾ ਵਿਚਾਲੇ 160 ਅਰਬ ਡਾਲਰ ਦਾ ਵਪਾਰ ਹੋਇਆ ਸੀ ਜੋ ਕਿ ਪਿਛਲੇ ਇਕ ਦਹਾਕੇ ਦੀ ਤੁਲਨਾ ਵਿਚ ਕਿਤੇ ਵਧ ਹੈ ਪਰੰਤੂ ਇਹ 500 ਅਰਬ ਡਾਲਰ ਦੇ ਉਸ ਟੀਚੇ ਤੋਂ ਬਹੁਤ ਦੂਰ ਹੈ ਜੋ ਟੀਚਾ ਮੌਜੂਦਾ ਰਾਸ਼ਟਰਪਤੀ ਜੋ ਬਾਈਡਨ ਨੇ 2013 ਵਿਚ ਉਪ ਰਾਸ਼ਟਰਪਤੀ ਦੀ ਹੈਸੀਅਤ ਵਿਚ ਭਾਰਤ ਦੇ ਦੌਰੇ ਦੌਰਾਨ ਮਿਥਿਆ ਸੀ।

# ਵਿਰਜੀਨੀਆ ਦੇ ਇਕ ਘਰ ਵਿਚੋਂ ਮਸ਼ੀਨ ਗੰਨ ਸਮੇਤ ਭਾਰੀ ਮਾਤਰਾ ਵਿਚ ਗੈਰ ਕਾਨੂੰਨੀ ਹਥਿਆਰ ਮਿਲੇ, ਇਕ ਵਿਅਕਤੀ ਗ੍ਰਿਫਤਾਰ

**ਸੈਕਰਾਮੈਂਟੋ 14 ਜਨਵਰੀ –** ਵਿਰ-ਜੀਨੀਆ ਬੀਚ ਦੇ ਇਕ ਘਰ ਵਿਚੋਂ ਇਕ ਮਸ਼ੀਨ ਗੰਨ ਸਮੇਤ ਭਾਰੀ ਮਾਤਰਾ ਵਿਚ ਹੋਰ ਗੈਰ ਕਾਨੂੰਨੀ ਹਥਿਆਰ ਮਿਲਣ ਉਪਰੰਤ ਇਕ 35 ਸਾਲਾ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਵਿਰਜੀਨੀਆ ਬੀਚ ਪੁਲਿਸ ਵਿਭਾਗ ਅਨੁਸਾਰ ਗ੍ਰਿਫਤਾਰ ਵਿਅਕਤੀ ਦੀ ਪਛਾਣ ਜੌਹਨ ਡੇਨ ਵਜੋਂ ਹੋਈ ਹੈ। ਪੁਲਿਸ ਵੱਲੋਂ ਜਾਰੀ ਪ੍ਰੈਸ ਬਆਨ ਅਨੁਸਾਰ ਵਿਭਾਗ ਦੇ ਵਿਸ਼ੇਸ਼ ਜਾਂਚ



ਬਿਊਰੋ ਤੇ ਹੋਮਲੈਂਡ ਸਕਿਉਰਿਟੀ ਵਿਭਾਗ ਨੂੰ ਗੁਪਤ ਸੂਚਨਾ ਮਿਲੀ ਸੀ ਕਿ ਇਕ ਵਿਅਕਤੀ ਆਪਣੇ ਘਰ ਵਿਚ ਗੈਰ ਕਾਨੂੰਨੀ ਹਥਿਆਰ ਬਣਾ ਕੇ ਵੇਚ ਰਿਹਾ ਹੈ। ਜਿਸ ਉਪਰੰਤ ਪੁਲਿਸ ਵੱਲੋਂ ਮਾਰੇ ਛਾਪੇ ਦੌਰਾਨ ਭਾਰੀ ਮਾਤਰਾ ਵਿਚ ਗੈਰ ਕਾਨੂੰਨ ਹਥਿਆਰ ਮਿਲੇ। ਪੁਲਿਸ ਨੇ ਮੌਕੇ 'ਤੇ ਹੀ ਵਿਅਕਤੀ ਨੂੰ ਆਪਣੀ ਹਿਰਾਸਤ ਵਿਚ ਲੈ ਲਿਆ।

# ਟੈਕਸਾਸ ਵਿਚ ਗੋਲੀਬਾਰੀ, ਇਕ ਮੌਤ ਤੇ 4 ਹੋਰ ਜ਼ਖਮੀ

**ਸੈਕਰਾਮੈਂਟੋ 16 ਜਨਵਰੀ–** ਟੈਕਸਾਸ ਵਿਚ ਅਣਪਛਾਤੇ ਵਿਅਕਤੀਆਂ ਵੱਲੋਂ ਕੀਤੀ ਗੋਲੀਬਾਰੀ ਦੌਰਾਨ ਇਕ ਵਿਅਕਤੀ ਦੀ ਮੌਤ ਹੋ ਗਈ ਤੇ 4 ਹੋਰ ਜ਼ਖਮੀ ਹੋ ਗਏ। ਪੁਲਿਸ ਅਨੁਸਾਰ ਗੋਲੀਬਾਰੀ ਦੀ ਘਟਨਾ ਹੋਸਟਨ ਦੇ ਇਕ ਕਲੱਬ ਦੇ ਬਾਹਰ ਵਾਪਰੀ। ਹੈਰਿਸ ਕਾਊਂਟੀ ਦੇ ਸ਼ੈਰਿਫ ਐਡ ਗੋਨਜ਼ਾਲੇਜ਼ ਨੇ ਇਕ ਬਿਆਨ ਵਿਚ ਕਿਹਾ ਹੈ ਕਲੱਬ ਜਾਂ ਬਾਰ ਦੇ ਪਾਰਕਿੰਗ ਖੇਤਰ ਵਿਚ 50 ਤੋਂ ਵਧ ਗੋਲੀਆਂ ਚਲਾਈਆਂ ਗਈਆਂ। ਪੁਲਿਸ ਅਨੁਸਾਰ ਜਿਸ ਵਾਹਣ ਵਿਚੋਂ ਗੋਲੀਆਂ ਚਲਾਈਆਂ ਗਈਆਂ ਉਸ ਵਿਚ ਕਈ ਵਿਅਕਤੀ ਸਵਾਰ ਸਨ ਤੇ ਉਹ ਗੋਲੀਆਂ ਚਲਾਉਣ ਤੋਂ ਬਾਅਦ ਫਰਾਰ ਹੋ ਗਏ। ਪੁਲਿਸ ਮੌਕੇ ਦੇ ਗਵਾਹਾਂ ਤੋਂ ਹਮਲਾਵਰਾਂ ਬਾਰੇ ਜਾਣਕਾਰੀ ਲੈਣ ਦੀ ਕੋਸ਼ਿਸ਼ ਕਰ ਰਹੀ ਹੈ। ਅਜੇ ਤਕ ਪੁਲਿਸ ਦੇ ਹਥ ਕੋਈ ਸੁਰਾਗ ਨਹੀਂ ਲੱਗਾ ਹੈ।

# ਲੋਹੜੀ ਮੌਕੇ ਪੱਦੀ ਮੱਠਵਾਲੀ 'ਚ ਜੁੜੀਆਂ ਧੀਆਂ ਦੇ ਗੀਤਾਂ ਦੀਆਂ ਰੌਣਕਾਂ

## ਧੀ ਅਨਾਇਸ਼ਾ ਵਿਰਦੀ ਦੇ ਵਿਹੜੇ ਨਵਜੋਤ ਸਾਹਿਤ ਸੰਸਥਾ ਔੜ ਵਲੋਂ ਸਮਾਗਮ



**ਬੰਗਾ, 11 ਜਨਵਰੀ ( ਰੇਸ਼ਮ ਕਰਨਾਣਵੀ)–** ਪਿੰਡ ਪੱਦੀ ਮੱਠਵਾਲੀ ਵਾਲੀ ਵਿਖੇ ਵਿਰਦੀ ਪਰਿਵਾਰ ਵਲੋਂ ਧੀ ਅਨਾਇਸ਼ਾ ਦੀ ਲੋਹੜੀ ਸਬੰਧੀ ਨਵਜੋਤ ਸਾਹਿਤ ਸੰਸਥਾ (ਰਜਿ।) ਔੜ ਦੇ ਬੈਨਰ ਹੇਠ 'ਲੋਹੜੀ ਧੀਆਂ ਦੀ' ਸਮਾਗਮ ਦਾ ਪ੍ਰਬੰਧ ਕੀਤਾ ਗਿਆ। ਇਸ ਵਿੱਚ ਹੀਉਂ, ਲਧਾਣਾ ਉੱਚਾ, ਝੰਡੇਰ ਕਲਾਂ, ਕਰੀਹਾ, ਪੱਦੀ ਮੱਠਵਾਲੀ, ਗੋਬਿੰਦਪੁਰ ਦੇ ਸਰਕਾਰੀ ਸਕੂਲਾਂ ਤੋਂ ਪੁੱਜੀਆਂ ਵਿਦਿਆਰਥਣਾਂ ਨੇ ਧੀਆਂ ਦੇ ਸਤਿਕਾਰ 'ਚ ਗੀਤਾਂ ਦੀ ਛਹਿਬਰ ਲਾਈ। ਇਹਨਾਂ 'ਚ ਕ੍ਰਮਵਾਰ ਸਾਕਸ਼ੀ, ਰਿਚਾ, ਮਨਜੋਤ ਸਿੱਧੂ, ਏਕਮਪ੍ਰੀਤ, ਤਮੰਨਾ, ਅੰਜਲੀ, ਨਿਸ਼ਾ ਸ਼ਾਮਲ ਸਨ। ਇਹਨਾਂ ਵਿਦਿਆਰਥਣਾਂ ਵਲੋਂ ਧੀਆਂ ਦੀ ਆਮਦ ਦਾ ਨਿੱਘਾ ਸਵਾਗਤ ਕਰਨ ਅਤੇ ਉਹਨਾਂ ਲਈ ਘਾਤਕ ਸਮਾਜਿਕ ਕੁਰੀਤੀਆਂ ਖਿਲਾਫ਼ ਗੀਤਾਂ ਰਾਹੀਂ ਆਵਾਜ਼ ਬੁਲੰਦ ਕੀਤੀ ਗਈ।

ਇਹਨਾਂ ਵਿਦਿਆਰਥਣਾਂ ਨੂੰ ਪ੍ਰਮਾਣ ਪੱਤਰ, ਯਾਦਗਾਰੀ ਚਿੰਨ੍ਹ, ਨਗਦੀ ਅਤੇ ਵਰਦੀਆਂ ਦੇ ਕੇ ਸਨਮਾਨਿਤ ਕੀਤਾ ਗਿਆ। ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਜ਼ਿਲ੍ਹਾ ਪ੍ਰੀਸ਼ਦ ਸ਼ਹੀਦ ਭਗਤ ਸਿੰਘ ਨਗਰ ਦੇ ਚੇਅਰਪਰਸ਼ਨ ਸ਼੍ਰੀਮਤੀ ਹਰਮੇਸ਼ ਕੌਰ ਸ਼ਾਮਲ ਹੋਏ। ਉਹਨਾਂ ਧੀਆਂ ਨੂੰ ਪੁੱਤਰਾਂ ਵਾਂਗ ਪਿਆਰ ਦੇਣ ਦਾ ਸੁਨੇਹਾ ਦਿੰਦਿਆਂ ਕਿਹਾ ਕਿ ਹਰ ਖੇਤਰ ਵਿੱਚ ਨਾਮਣਾ ਖੱਟ ਕੇ ਧੀਆਂ ਨੇ ਅੱਜ ਆਪਣੇ ਮਾਪਿਆਂ ਦਾ ਕੌਮਾਂਤਰੀ ਪੱਧਰ 'ਤੇ ਸਿਰ ਉੱਚਾ ਕੀਤਾ ਹੈ। ਉਪਰੰਤ ਸੰਸਥਾ ਦੇ ਪ੍ਰਧਾਨ ਮੈਡਮ ਰਜਨੀ ਸ਼ਰਮਾ ਨੇ ਸਮੂਹ ਹਾਜ਼ਰੀਨ ਦਾ ਸਵਾਗਤ ਕਰਦਿਆਂ ਦੱਸਿਆ ਕਿ ਨਵਜੋਤ ਸਾਹਿਤ ਸੰਸਥਾ ਵਲੋਂ ਮਨਾਏ ਜਾ ਰਹੇ 'ਮਹਿਲਾ ਸ਼ਕਤੀਕਰਨ' ਨੂੰ ਸਮਰਪਿਤ ਇਸ ਵਰ੍ਹੇ ਦਾ ਇਹ ਪਹਿਲਾ ਸਮਾਗਮ ਭਾਰੀ ਊਰਜਾ ਪ੍ਰਦਾਨ ਕਰੇਗਾ। ਉਪਰੰਤ ਅਨਾਇਸ਼ਾ ਵਿਰਦੀ ਦੇ ਪੜਦਾਦੀ ਬੀਬੀ ਗੁਰੋ ਦੇਵੀ, ਦਾਦੀ ਪ੍ਰਵੀਨ ਵਿਰਦੀ, ਨਾਨੀ ਜੋਗਿੰਦਰ ਕੌਰ ਅਤੇ ਮਾਤਾ ਮਲਿਕਾ ਵਿਰਦੀ ਦੀ ਅਗਵਾਈ ਵਿੱਚ ਸਨਮਾਨ ਰਸਮਾਂ ਨਿਭਾਈਆਂ ਗਈਆਂ।

ਸਮਾਗਮ ਦਾ ਸੰਚਾਲਨ ਨੀਰੂ ਜੱਸਲ ਅਤੇ ਅਮਰਜੀਤ ਜਿੰਦ ਨੇ ਸਾਂਝੇ ਤੌਰ 'ਤੇ ਨਿਭਾਇਆ। ਇਸ ਮੌਕੇ ਆਪਣੇ ਵਿਚਾਰ ਰੱਖਦਿਆਂ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ ਵਿਧਾਇਕ ਡਾ। ਸੁਖਵਿੰਦਰ ਕੁਮਾਰ ਸੁੱਖੀ, ਪੰਜਾਬ ਐਂਡ ਚੰਡੀਗੜ੍ਹ ਜਰਨਲਿਸਟ ਯੂਨੀਅਨ ਦੀ ਬੰਗਾ ਇਕਾਈ ਦੇ ਕਾਰਜਕਾਰੀ ਪ੍ਰਧਾਨ ਜਤਿੰਦਰ ਕੌਰ ਮੂੰਗਾ, ਪੰਚਾਇਤ ਸੰਮਤੀ ਬੰਗਾ ਦੇ ਸਾਬਕਾ ਚੇਅਰਮੈਨ ਇੰਜ ਹਰਮੇਸ਼ ਵਿਰਦੀ, ਸਮਾਜਿਕ ਸਾਂਝ ਸੰਸਥਾ ਬੰਗਾ ਦੇ ਸਕੱਤਰ ਸੁਰਜੀਤ ਮਜਾਰੀ, ਪੰਚਾਇਤ ਯੂਨੀਅਨ ਪੰਜਾਬ ਦੇ ਪ੍ਰਧਾਨ ਹਰਮਿੰਦਰ ਸਿੰਘ ਮਾਵੀ ਆਦਿ ਨੇ ਕਿਹਾ ਕਿ ਮਹਿਲਾ ਵਰਗ ਦੇ ਹਿੱਤਾਂ ਦੀ ਸੁਰੱਖਿਆ ਤੋਂ ਬਿਨਾਂ ਸਮਾਜ ਦੀ ਸੁਰੱਖਿਆ ਅਸੰਭਵ ਹੈ। ਆਖਿਰ ਵਿੱਚ ਮਿਸ਼ਨਰੀ ਗਾਇਕਾ ਪ੍ਰੇਮ ਲਤਾ ਨੇ ਮਹਿਲਾ ਜੀਵਨ ਦੇ ਸੰਘਰਸ਼ ਅਤੇ ਪ੍ਰਾਪਤੀਆਂ 'ਤੇ ਰੌਸ਼ਨੀ ਪਾਉਂਦੇ ਸੱਭਿਆਰਕ ਗੀਤਾਂ ਰਾਹੀਂ ਸਮਾਜਿਕ ਪ੍ਰੀਵਰਤਨ ਦਾ ਸੁਨੇਹਾ ਦਿੱਤਾ। ਇਸ ਮੌਕੇ ਸੰਸਥਾ ਦੇ ਨੁਮਾਇੰਦੇ ਦਵਿੰਦਰ ਸਕੋਹਪੁਰੀ, ਚਮਨ ਮੱਲਪੁਰੀ, ਦੇਸ਼ ਰਾਜ ਬਾਲੀ, ਹਰੀ ਕਿਸ਼ਨ ਪਟਵਾਰੀ, ਦਵਿੰਦਰ ਬੇਗ਼ਮਪੁਰੀ, ਅਮਨਦੀਪ ਸਾਹਲੋਂ ਵੀ ਸ਼ਾਮਲ ਸਨ।

# ਭਾਰਤ ਨੇ ਸ਼੍ਰੀਲੰਕਾ ਨੂੰ 300 ਦੌੜਾਂ ਨਾਲ ਹਰਾਇਆ

**ਨਵੀਂ ਦਿੱਲੀ–** ਟੀਮ ਇੰਡੀਆ ਨੇ ਤੀਜੇ ਵਨਡੇ ਵਿੱਚ ਸ਼੍ਰੀਲੰਕਾ ਨੂੰ 317 ਦੌੜਾਂ ਨਾਲ ਹਰਾਇਆ। ਇਹ ਵਨਡੇ ਕ੍ਰਿਕਟ ਦੇ ਇਤਿਹਾਸ ਵਿੱਚ ਕਿਸੇ ਵੀ ਟੀਮ ਦੀ ਸਭ ਤੋਂ ਵੱਡੀ ਜਿੱਤ ਹੈ। ਮੈਚ 'ਚ ਪਹਿਲਾਂ ਖੇਡਦੇ ਹੋਏ ਟੀਮ ਇੰਡੀਆ ਨੇ 5 ਵਿਕਟਾਂ 'ਤੇ 390 ਦੌੜਾਂ ਦਾ ਵੱਡਾ ਸਕੋਰ ਬਣਾਇਆ। ਵਿਰਾਟ ਕੋਹਲੀ ਅਤੇ ਸ਼ੁਭਮਨ ਗਿੱਲ ਨੇ ਸੈਂਕੜੇ ਵਾਲੀ ਪਾਰੀ ਖੇਡੀ। ਜਵਾਬ 'ਚ ਸ਼੍ਰੀਲੰਕਾ ਦੀ ਟੀਮ 22 ਓਵਰਾਂ 'ਚ 73 ਦੌੜਾਂ 'ਤੇ ਸਿਮਟ ਗਈ। ਭੰਡਾਰਾ ਨੇ ਸੱਟ ਕਾਰਨ ਬੱਲੇਬਾਜ਼ੀ ਨਹੀਂ ਕੀਤੀ। ਤੇਜ਼ ਗੇਂਦਬਾਜ਼ ਮੁਹੰਮਦ ਸਿਰਾਜ ਨੇ ਸ਼ਾਨਦਾਰ ਗੇਂਦਬਾਜ਼ੀ ਕੀਤੀ ਅਤੇ 32 ਦੌੜਾਂ ਦੇ ਕੇ 4 ਵਿਕਟਾਂ ਲਈਆਂ। ਇਸ ਨਾਲ ਭਾਰਤੀ ਟੀਮ ਨੇ ਵਨਡੇ ਸੀਰੀਜ਼ 'ਚ 3-0 ਨਾਲ ਕਲੀਨ ਸਵੀਪ ਕਰ ਲਿਆ। ਸ਼੍ਰੀਲੰਕਾ ਦੀ ਟੀਮ ਕਦੇ ਵੀ ਭਾਰਤ ਨੂੰ ਘਰੇਲੂ ਮੈਦਾਨ 'ਤੇ ਵਨਡੇ ਸੀਰੀਜ਼ 'ਚ ਹਰਾਉਣ 'ਚ ਕਾਮਯਾਬ ਨਹੀਂ ਹੋਈ ਹੈ। ਇਸ ਤੋਂ ਪਹਿਲਾਂ ਵੱਡੀ ਜਿੱਤ ਦਾ ਰਿਕਾਰਡ ਨਿਊਜ਼ੀਲੈਂਡ ਦੇ ਨਾਂ ਸੀ। ਉਨ੍ਹਾਂ 2008 ਵਿੱਚ ਆਇਰਲੈਂਡ ਨੂੰ 290 ਦੌੜਾਂ ਨਾਲ ਹਰਾਇਆ ਸੀ।




ਸ਼੍ਰੀਲੰਕਾ ਦੀ ਟੀਮ 5 ਵਿਕਟਾਂ ਸਿਰਫ 37 ਦੌੜਾਂ 'ਤੇ ਡਿੱਗ ਗਈਆਂ। ਇਸ ਤੋਂ ਬਾਅਦ ਕਪਤਾਨ ਦਾਸੁਨ ਸ਼ਨਾਕਾ ਤੋਂ ਉਮੀਦ ਕੀਤੀ ਜਾ ਰਹੀ ਸੀ ਪਰ ਉਹ ਸਿਰਫ 11 ਦੌੜਾਂ ਬਣਾ ਕੇ ਖੱਬੇ ਹੱਥ ਦੇ ਸਪਿਨਰ ਕੁਲਦੀਪ ਯਾਦਵ ਦਾ ਸ਼ਿਕਾਰ ਹੋ ਗਿਆ। 7 ਬੱਲੇਬਾਜ਼ ਦੋਹਰੇ ਅੰਕੜੇ ਤੱਕ ਨਹੀਂ ਪਹੁੰਚ ਸਕੇ। ਸਿਰਾਜ ਤੋਂ ਇਲਾਵਾ ਮੁਹੰਮਦ ਸ਼ਮੀ ਅਤੇ ਕੁਲਦੀਪ ਯਾਦਵ ਨੇ ਵੀ 2-2 ਵਿਕਟਾਂ ਲਈਆਂ।

ਇਸ ਤੋਂ ਪਹਿਲਾਂ ਟੀਮ ਇੰਡੀਆ ਦੀ ਵਨਡੇ 'ਚ ਸਭ ਤੋਂ ਵੱਡੀ ਜਿੱਤ 257 ਦੌੜਾਂ ਦੀ ਸੀ। ਮਾਰਚ 2007 ਵਿੱਚ ਭਾਰਤ ਨੇ ਵਿਸ਼ਵ ਕੱਪ ਦੇ ਇੱਕ ਮੈਚ ਵਿੱਚ ਬਰਮੂਡਾ ਨੂੰ 257 ਦੌੜਾਂ ਨਾਲ ਹਰਾਇਆ ਸੀ। ਇਹ ਮੈਚ ਵੈਸਟਇੰਡੀਜ਼ ਵਿੱਚ ਖੇਡਿਆ ਗਿਆ ਸੀ। ਟੀਮ ਇੰਡੀਆ ਨੇ ਪਹਿਲਾਂ ਖੇਡਦੇ ਹੋਏ 5 ਵਿਕਟਾਂ 'ਤੇ 413 ਦੌੜਾਂ ਬਣਾਈਆਂ ਸਨ। ਵਰਿੰਦਰ ਸਹਿਵਾਗ ਨੇ ਸੈਂਕੜਾ ਲਗਾਇਆ। ਜਵਾਬ ਵਿੱਚ ਬਰਮੂਡਾ ਦੀ ਟੀਮ 156 ਦੌੜਾਂ ਬਣਾ ਕੇ ਪੈਵੇਲੀਅਨ ਪਰਤ ਗਈ। ਇਸ ਤੋਂ ਇਲਾਵਾ 2008 'ਚ ਭਾਰਤ ਨੇ ਕਰਾਚੀ 'ਚ ਹਾਂਗਕਾਂਗ ਖਿਲਾਫ 256 ਦੌੜਾਂ ਨਾਲ ਵੱਡੀ ਜਿੱਤ ਹਾਸਲ ਕੀਤੀ ਸੀ।






# ਤੱਪ ਅਸਥਾਨ ਸ਼੍ਰੀ ਖੁਰਾਲਗੜ੍ਹ ਸਾਹਿਬ ਵਿਖੇ ਗੁਰੂ ਰਵਿਦਾਸ ਜੀ ਦੇ 5 ਨੂੰ ਮਨਾਏ ਜਾਣਗੇ ਗੁਰਪੁਰਬ

## 1 ਨੂੰ ਨਗਰ ਕੀਰਤਨ 3 ਨੂੰ ਸ਼੍ਰੀ ਆਖੰਡ ਪਾਠ ਤੇ 5 ਨੂੰ ਭੋਗ ਪਾਏ ਜਾਣਗੇ



**ਸੜੋਆ (ਸਤਨਾਮ ਸਿੰਘ ਸਹੂੰਗੜਾ)** ਤੱਪ ਅਸਥਾਨ ਸ੍ਰੀ ਖੁਰਾਲਗੜ੍ਹ ਸਾਹਿਬ ਵਿਖੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪਵਿੱਤਰ ਪ੍ਰਕਾਸ਼ ਪੁਰਬ ਮਨਾਉਣ ਲਈ ਅੱਜ ਗੁਰੂ ਵਿਖੇ ਗੁਰੂ ਘਰ ਦੇ ਮੁੱਖ ਸੇਵਾਦਾਰ ਜੱਥੇਦਾਰ ਕੇਵਲ ਸਿੰਘ ਜੀ ਦੀ ਪ੍ਰਧਾਨਗੀ ਹੇਠ ਮੀਟਿੰਗ ਕੀਤੀ ਗਈ। ਜਿਸ ਵਿੱਚ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 646 ਵਾਂ ਪ੍ਰਕਾਸ਼ ਪੁਰਬ ਮਨਾਉਣ ਲਈ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਮੀਟਿੰਗ ਵਿੱਚ 1ਫਰਵਰੀ ਨੂੰ ਨਗਰ ਕੀਰਤਨ ਜੋ ਕਿ ਨਗਰ ਸ੍ਰੀ ਖੁਰਾਲਗੜ੍ਹ ਸਾਹਿਬ,ਬੱਸੀ ਦੀ ਪਰਿਕਰਮਾ ਕਰੇਗਾ, 3 ਫਰਵਰੀ ਨੂੰ ਸ਼੍ਰੀ ਆਖੰਡ ਪਾਠ ਸਾਹਿਬ ਅਰੰਭ ਹੋਣਗੇ, ਜਿਨ੍ਹਾਂ ਦੇ 5 ਫਰਵਰੀ ਨੂੰ ਭੋਗ ਪਾਏ ਜਾਣਗੇ ਵਾਰੇ ਸਾਰਾ ਪ੍ਰੋਗਰਾਮ ਤਹਿ ਕੀਤਾ ਗਿਆ।

ਇਸ ਮੌਕੇ ਗੁਰੂ ਕੇ ਲੰਗਰ ਵੀ ਅਤੁੱਟ ਵਰਤਣਗੇ।ਇਸ ਉਪਰੰਤ ਕੀਤਰਨ ਦਰਬਾਰ ਕਰਵਾਇਆ ਜਾਵੇਗਾ ਜਿਸ ਵਿੱਚ ਮਹਾਨ ਕੀਰਤਨੀਏ ਗੁਰੂ ਰਵਿਦਾਸ ਜੀ ਦੀ ਮਹਿਮਾ ਦਾ ਗੁਣਗਾਣ ਕਰਨਗੇ। ਇਸ ਮੁਬਾਰਕ ਮੌਕੇ ਤੇ ਸਰਬੱਤ ਦੇ ਭਲੇ ਲਈ ਮਹਾਨ ਸਮਾਜ ਸੇਵੀ ਸੰਸਥਾ ਦੇ ਮੁੱਖੀ ਡਾਕਟਰ ਐਸ ਪੀ ਉਬ ਰਾਏ ਵਲੋਂ ਗੁਰੂ ਘਰ ਵਿਖੇ 5 ਫਰਵਰੀ ਨੂੰ ਅੱਖਾਂ ਦੀਆਂ ਬਿਮਾਰੀਆਂ ਦੀ ਜਾਂਚ ਅਤੇ ਅਪਰੇਸ਼ਨ ਕੈਂਪ ਲਗਾਇਆ ਜਾਵੇਗਾ।

ਜਿਸ ਵਿੱਚ ਜਾਂਚ ਅਤੇ ਅਪਰੇਸ਼ਨ ਮੁਫ਼ਤ ਕੀਤੇ ਜਾਣਗੇ। ਇਸ ਮੌਕੇ ਤੇ ਹਾਜਰ ਮੁੱਖ ਸੇਵਾਦਾਰ ਜੱਥੇਦਾਰ ਕੇਵਲ ਸਿੰਘ, ਸਰਦਾਰ ਹਰਭਜਨ ਸਿੰਘ ਜੀ ਕੈਸ਼ੀਅਰ, ਹੈਡ ਗ੍ਰੰਥੀ ਬਾਬਾ ਨਰੇਸ਼ ਸਿੰਘ, ਸੁੱਖਦੇਵ ਸਿੰਘ, ਮੱਖਣ ਸਿੰਘ ਵਾਹਿਦਪੁਰੀ, ਰੋਸ਼ਨ ਲਾਲ ਸਰਪੰਚ ਪਿੰਡ ਨੈਣਵਾਂ, ਸੁਰਿੰਦਰ ਸਿੰਘ, ਕੈਪਟਨ ਸੰਤੋਖ ਸਿੰਘ, ਸਾਬਕਾ ਪੰਚ ਭਾਗ ਸਿੰਘ, ਭਾਈ ਬਲਜੀਤ ਸਿੰਘ, ਬਾਲਕ੍ਰਿਸ਼ਨ ਸਿੰਘ, ਸੰਜੀਵ ਸਿੰਘ ਸੱਤਪਾਲ ਸੱਤੋ, ਰਾਮ ਸਿੰਘ, ਡਾਕਟਰ ਜਸਵਿੰਦਰ ਵਿੱਕੀ ਸਤੀਸ਼ ਸਿੰਘ, ਯਸ਼ਪਾਲ ਸਿੰਘ, ਨਰੇਸ਼ ਸਿੰਘ ਟਾਂਡਾ, ਗੌਰੀ ਆਦਿ ਹਾਜ਼ਰ ਸਨ।

# ਸ੍ਰੀ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਪੁਰਬ ਤੇ ਰੱਖੀ ਪ੍ਰੀਖਿਆ ਨੂੰ ਅੱਗੇ ਕੀਤਾ ਜਾਵੇ - ਹਰਵਿੰਦਰ ਅੱਲੂਵਾਲ / ਗੁਰਮੁਖ ਲੋਕਪ੍ਰੇਮੀ




**ਫਗਵਾੜਾ 11 ਜਨਵਰੀ (ਬੀ ਕੇ ਰੱਤੂ)** ਡੈਮੋਕਰੇਟਿਕ ਟੀਚਰਜ਼ ਫਰੰਟ (ਡੀਟੀਐੱਫ) ਪੰਜਾਬ ਦੇ ਸੂਬਾ ਪ੍ਰਧਾਨ ਵਿਕਰਮ ਦੇਵ ਸਿੰਘ, ਜਨਰਲ ਸਕੱਤਰ ਮੁਕੇਸ਼ ਕੁਮਾਰ ਨੇ ਡਾਇਰੈਕਟਰ ਰਾਜ ਸਿੱਖਿਆ ਖੋਜ ਅਤੇ ਸਿਖਲਾਈ ਪ੍ਰੀਸ਼ਦ (ਐੱਸਸੀਈਆਰਟੀ) ਨੂੰ ਮੰਗ ਪੱਤਰ ਭੇਜਦੇ ਹੋਏ ਧਿਆਨ ਵਿੱਚ ਲਿਆਂਦਾ ਹੈ ਕਿ ਨੈਸ਼ਨਲ ਮੀਨਜ਼ ਕਮ ਮੈਰਿਟ ਸਕਾਲਰਸ਼ਿਪ (ਐੱਨ ਐੱਮ ਐੱਮ ਐੱਸ) ਅਤੇ ਪੰਜਾਬ ਰਾਜ ਟੈਲੈਂਟ ਖੋਜ਼ ਪ੍ਰੀਖਿਆ (ਪੀ ਐੱਸਟੀ ਐੱਸ ਈ) ਦੀ ਪ੍ਰੀਖਿਆ ਉਨ੍ਹਾਂ ਦੇ ਦਫ਼ਤਰ ਵੱਲੋਂ ਮਿਤੀ 05-02-2023 ਨੂੰ ਲੈਣੀ ਤੈਅ ਕੀਤੀ ਗਈ ਹੈ, ਜਿਸ ਦਿਨ ਕਿ ਸ਼੍ਰੀ ਗੁਰੂ ਰਵਿਦਾਸ ਜੀ ਦਾ ਪ੍ਰਕਾਸ ਦਿਹਾੜਾ ਵੀ ਹੈ। ਜਨਮ ਦਿਹਾੜੇ ਨਾ.ਲ ਸਬੰਧਿਤ ਸਮਾਗਮਾਂ ਵਿੱਚ ਵੱਡੀ ਗਿਣਤੀ ਵਿਚ ਵਿਦਿਆਰਥੀਆਂ, ਮਾਪਿਆਂ ਅਤੇ ਅਧਿਆਪਕਾਂ ਵੱਲੋਂ ਹਿੱਸਾ ਲਿਆ ਜਾਣ ਦੇ ਮੱਦੇਨਜ਼ਰ ਜਥੇਬੰਦੀ ਨੇ ਇਹਨਾਂ ਪ੍ਰੀਖਿਆਵਾਂ ਦੀ ਮਿਤੀ ਨੂੰ ਤਬਦੀਲ ਕਰਦਿਆਂ 12-02-2023 ਕਰਨ ਦੀ ਮੰਗ ਕੀਤੀ ਹੈ। ਮਿਤੀ ਨਾ ਬਦਲਣ 'ਤੇ ਜੱਥੇਬੰਦੀ ਨੇ ਤਿੱਖਾ ਸ਼ੰਘਰਸ਼ ਕਰਨ ਦੀ ਗੱਲ ਕਹੀ ਹੈ।

ਡੀਟੀਐੱਫ ਦੇ ਜਿਲ੍ਹਾ ਪ੍ਰਧਾਨ ਹਰਵਿੰਦਰ ਅੱਲੂਵਾਲ, ਜਰਨਲ ਸਕੱਤਰ ਤੇਜਿੰਦਰ ਸਿੰਘ, ਬਲਾਕ ਫਗਵਾੜਾ ਆਗੂ ਗੁਰਮੁਖ ਲੋਕਪ੍ਰੇਮੀ,ਜਤਿੰਦਰ ਕੁਮਾਰ, ਹਰਜਿੰਦਰ ਨਿਆਣਾ ਆਦਿ ਨੇ ਮੰਗ ਕੀਤੀ ਕਿ ਸਰਦੀ ਦੀਆਂ ਛੁੱਟੀਆਂ ਵਿੱਚ ਹੋਏ ਵਾਧੇ ਕਾਰਨ ਰਜਿਸਟਰੇਸ਼ਨ ਪੂਰੀ ਕਰਨ ਵਿੱਚ ਦਰਪੇਸ਼ ਸਮੱਸਿਆ ਦੇ ਮੱਦੇਨਜ਼ਰ ਐੱਨਐੱਮਐੱਮਐੱਸ ਅਤੇ ਪੀਐੱਸਟੀਐੱਸਈ 2022-23 ਲਈ ਅੱਠਵੀਂ/ਦਸਵੀਂ ਜਮਾਤ ਦੇ ਵਿਦਿਆਰਥੀਆਂ ਦੀ ਰਜਿਸਟਰੇਸ਼ਨ ਪ੍ਰਕ੍ਰਿਆ ਮੁਕੰਮਲ ਕਰਨ ਦੀ ਆਖਿਰੀ ਮਿਤੀ ਵਿੱਚ ਵੀ ਇੱਕ ਹਫਤੇ ਦਾ ਵਾਧਾ ਕੀਤਾ ਜਾਵੇ।

NSB Insurance
NIRMAL SINGH BADHAN
for Insurance Call:
NIRMAL SINGH BADHAN
707-228-2020

Lic #0144676
HEALTH INSURANCE | RETIREMENT
LIFE INSURANCE | COLLEGE PLANNING
LONG TERM CARE INS | AUTO * HOME
FUNERAL EXPENSE | BUSINESS
Call: 707-228-2020,
Fax: 707-260-2813
www.nsbinsures.com
1519 Gary CT., Rohnert Park, CA 94928

RE/MAX Gold
Each Office Independently Owned and Operated
ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ
Dil Nijjar REALTOR ®
CalBRE # 01418648
Honesty Starts From Here
SELL OR BUY
Residential • Business • Commercial
Lease • Investment Property and Land
Serving in Greater Sacramento area since 2004
Cell: 916-628-2210
Fax: 916-745-3424
Office: 916-285-1000
Email : Dil.Realtor@gmail.com

2081 Arena Blvd # 100 Sacramento, CA 95834

# ਗਲਾਸਗੋ ਲਾਈਫ ਅਜਾਇਬ-ਘਰ ਨੇ ਇਤਿਹਾਸਕ ਸਮਝੌਤੇ ਤਹਿਤ ਭਾਰਤ ਨੂੰ ਸੱਤ ਕਲਾਕ੍ਰਿਤੀਆਂ ਵਾਪਸ ਕੀਤੀਆਂ

## ਸਦੀਆਂ ਪੁਰਾਣੀਆਂ ਵਸਤਾਂ ਭਾਰਤ ਦੇ ਪੁਰਾਤੱਤਵ ਵਿਭਾਗ ਨੂੰ ਸੌਂਪੀਆਂ

**ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ)** ਗਲਾਸਗੋ ਸਥਿਤ ਅਜਾਇਬ-ਘਰਾਂ ਦੇ ਪ੍ਰਬੰਧਾਂ ਲਈ ਵਿਸ਼ੇਸ਼ ਭੂਮਿਕਾ ਨਿਭਾਉਣ ਵਾਲੀ ਚੈਰਿਟੀ ਗਲਾਸਗੋ ਲਾਈਫ ਵੱਲੋਂ ਅਗਸਤ 2022 ਵਿੱਚ ਕੈਲਵਿੰਗਰੋਵ ਆਰਟ ਗੈਲਰੀ ਵਿਖੇ ਇੱਕ ਸਮਾਗਮ ਕੀਤਾ ਗਿਆ ਸੀ। ਜਿਸ ਦੌਰਾਨ ਸਦੀਆਂ ਪੁਰਾਣੀਆਂ ਇਤਿਹਾਸਕ ਕਲਾਕ੍ਰਿਤਾਂ ਭਾਰਤ ਸਰਕਾਰ ਨੂੰ ਵਾਪਸ ਦੇਣ ਦੇ ਸਮਝੌਤੇ 'ਤੇ ਹਸਤਾਖਰ ਹੋਏ ਸਨ। ਅਖੀਰ ਉਸ ਸਮਝੌਤੇ ਨੂੰ ਅਮਲੀ ਜਾਮਾ ਪਹਿਨਾਉਂਦਿਆਂ ਗਲਾਸਗੋ ਮਿਊਜ਼ੀਅਮਜ਼ ਰਿਸੋਰਸ ਸੈਂਟਰ ਵਿਖੇ 10 ਜਨਵਰੀ ਨੂੰ ਇਹਨਾਂ ਕਲਾਕ੍ਰਿਤਾਂ ਨੂੰ ਭਾਰਤ ਭੇਜਣ ਲਈ ਸੁਰੱਖਿਅਤ ਰੂਪ ਵਿੱਚ ਡੱਬਾ-ਬੰਦ ਕੀਤਾ ਗਿਆ। ਉਕਤ ਕਲਾਕ੍ਰਿਤਾਂ ਨੂੰ ਭਾਰਤ ਦੇ ਪੁਰਾਤੱਤਵ ਵਿਭਾਗ ਹਵਾਲੇ ਕੀਤਾ ਜਾਵੇਗਾ, ਜਿੱਥੇ ਉਹਨਾਂ ਨੂੰ ਸੰਭਾਲਿਆ ਜਾਵੇਗਾ ਅਤੇ ਬਾਅਦ ਵਿੱਚ ਨੁਮਾਇਸ਼ ਲਈ ਰੱਖਿਆ ਜਾਵੇਗਾ। ਜ਼ਿਕਰਯੋਗ ਹੈ ਕਿ ਅਗਸਤ 2022 ਵਿੱਚ ਸ਼ਹਿਰ ਦੇ ਅਜਾਇਬ-ਘਰ ਦੇ ਸੰਗ੍ਰਹਿ ਦਾ ਪ੍ਰਬੰਧਨ ਕਰਦੀ ਗਲਾਸਗੋ ਲਾਈਫ ਚੈਰਿਟੀ ਨੇ ਲੰਡਨ ਵਿੱਚ ਭਾਰਤੀ ਹਾਈ ਕਮਿਸ਼ਨ ਦੇ ਅਧਿਕਾਰੀਆਂ ਨਾਲ ਸੱਤ ਵਸਤੂਆਂ ਨੂੰ ਵਾਪਸ ਕਰਨ ਲਈ ਮਲਕੀਅਤ ਦੇ ਤਬਾਦਲੇ ਲਈ ਸਨਮਾਨ ਸਮਾਰੋਹ ਕੀਤਾ ਸੀ। ਇਨ੍ਹਾਂ ਵਿੱਚ ਇੱਕ ਕਾਨਪੁਰ ਦੇ ਇੱਕ ਹਿੰਦੂ ਮੰਦਰ ਤੋਂ ਲਿਆਂਦਾ ਗਿਆ 11ਵੀਂ ਸਦੀ ਦਾ ਉੱਕਰਿਆ ਪੱਥਰ ਦਾ ਦਰਵਾਜ਼ਾ ਹੈ। ਡੈਲੀਗੇਟਾਂ ਨੇ ਕੈਲਵਿੰਗਰੋਵ ਆਰਟ ਗੈਲਰੀ ਅਤੇ ਅਜਾਇਬ ਘਰ ਦਾ ਦੌਰਾ ਕੀਤਾ ਸੀ ਤਾਂ



ਜੋ ਵਸਤੂਆਂ ਦੀ ਵਾਪਸੀ ਦੀ ਪੁਸ਼ਟੀ ਕਰਨ ਵਾਲੇ ਇਕਰਾਰਨਾਮੇ 'ਤੇ ਹਸਤਾਖਰ ਕੀਤੇ ਜਾ ਸਕਣ। ਇਸ ਸਾਮਾਨ ਵਿੱਚੋਂ ਛੇ ਵਸਤਾਂ 19ਵੀਂ ਸਦੀ ਦੌਰਾਨ ਭਾਰਤ ਭਰ ਦੇ ਮੰਦਰਾਂ ਤੋਂ ਚੋਰੀ ਹੋ ਗਈਆਂ ਦੱਸੀਆਂ ਜਾਂਦੀਆਂ ਸਨ ਤੇ ਗਲਾਸਗੋ ਦੇ ਅਜਾਇਬ ਘਰ ਦੇ ਸੰਗ੍ਰਹਿ ਨੂੰ ਤੋਹਫੇ ਵਜੋਂ ਮਿਲੀਆਂ ਸਨ। ਮਲਕੀਅਤ ਦਾ ਤਬਾਦਲਾ ਗਲਾਸਗੋ ਸਿਟੀ ਕਾਉਂਸਿਲ ਵੱਲੋਂ ਅਪ੍ਰੈਲ 2022 ਵਿੱਚ ਕ੍ਰਾਸ-ਪਾਰਟੀ ਵਰਕਿੰਗ ਗਰੁੱਪ ਫਾਰ ਰਿਪੇਟ੍ਰੀਏਸ਼ਨ ਐਂਡ ਸਪੋਲੀਏਸ਼ਨ ਦੁਆਰਾ ਭਾਰਤ, ਨਾਈਜੀਰੀਆ ਅਤੇ ਚੇਏਨ ਨਦੀ ਅਤੇ ਦੱਖਣੀ ਡਕੋਟਾ ਵਿੱਚ ਪਾਈਨ ਰਿਜ ਲਾਕੋਟਾ ਸਿਓਕਸ ਕਬੀਲਿਆਂ ਨੂੰ 51 ਵਸਤੂਆਂ ਵਾਪਸ ਕਰਨ ਲਈ ਕੀਤੀ ਗਈ ਇੱਕ ਸਿਫਾਰਸ਼ ਨੂੰ ਮਨਜ਼ੂਰੀ ਦੇਣ ਤੋਂ ਬਾਅਦ ਹੋਇਆ ਹੈ।



ਗਲਾਸਗੋ ਲਾਈਫ ਮਿਊਜ਼ੀਅਮ ਜਨਵਰੀ 2021 ਤੋਂ ਭਾਰਤ ਦੇ ਹਾਈ ਕਮਿਸ਼ਨ ਦੇ ਨਾਲ ਇਨ੍ਹਾਂ ਵਸਤਾਂ ਦੀ ਵਾਪਸੀ 'ਤੇ ਕੰਮ ਕਰ ਰਿਹਾ ਸੀ।

ਗਲਾਸਗੋ ਲਾਈਫ ਦੀ ਚੇਅਰ ਅਤੇ ਗਲਾਸਗੋ ਸਿਟੀ ਕਾਉਂਸਿਲ ਲਈ ਸੱਭਿਆਚਾਰ, ਖੇਡ ਅਤੇ ਅੰਤਰ-ਰਾਸ਼ਟਰੀ ਸਬੰਧਾਂ ਦੀ ਕਨਵੀਨਰ ਬੈਲੀ ਐਨੇਟ ਕ੍ਰਿਸਟੀ ਨੇ ਕਿਹਾ ਕਿ "ਇਨ੍ਹਾਂ ਭਾਰਤੀ ਇਤਿਹਾਸਕ ਕਲਾਕ੍ਰਿਤਾਂ ਦੀ ਵਾਪਸੀ ਗਲਾਸਗੋ ਲਈ ਬੇਹੱਦ ਮਾਣ ਵਾਲੀ ਗੱਲ ਹੈ। ਉਹਨਾਂ ਕਿਹਾ ਕਿ "ਸਾਨੂੰ ਗਲਾਸਗੋ ਦੇ ਅਜਾਇਬ ਘਰ ਦੇ ਸੰਗ੍ਰਹਿ ਤੋਂ ਇਹਨਾਂ ਵਸਤੂਆਂ ਦੀ ਸੁਰੱਖਿਅਤ ਵਾਪਸੀ ਨੂੰ ਯਕੀਨੀ ਬਣਾਉਣ ਵਿੱਚ ਮਦਦ ਅਤੇ ਸਹਿਯੋਗ ਲਈ ਭਾਰਤ ਦੇ ਹਾਈ ਕਮਿਸ਼ਨ, ਬ੍ਰਿਟਿਸ਼ ਹਾਈ ਕਮਿਸ਼ਨ ਅਤੇ ਭਾਰਤੀ ਪੁਰਾਤੱਤਵ ਸਰਵੇਖਣ ਦਾ ਧੰਨਵਾਦ ਕਰਨਾ ਚਾਹੀਦਾ ਹੈ।" ਗਲਾਸਗੋ ਲਾਈਫ ਮਿਊਜ਼ੀਅਮ 19 ਬੇਨਿਨ ਕਾਂਸੀ ਵੀ ਨਾਈਜੀਰੀਆ ਨੂੰ ਵਾਪਸ ਭੇਜ ਰਿਹਾ ਹੈ। ਇਹ ਕੰਮ ਉਦੋਂ ਤੋਂ ਜਾਰੀ ਹੈ ਜਦੋਂ ਤੋਂ ਇਸਦੀ ਸਥਾਪਨਾ ਕੀਤੀ ਗਈ ਸੀ। 1897 ਦੀ ਬ੍ਰਿਟਿਸ਼ ਸਜ਼ਾਤਮਕ ਮੁਹਿੰਮ ਦੌਰਾਨ ਪਵਿੱਤਰ ਸਥਾਨਾਂ ਅਤੇ ਰਸਮੀ ਇਮਾਰਤਾਂ ਤੋਂ ਨਿਲਾਮੀ ਅਤੇ ਤੋਹਫ਼ਿਆਂ ਦੇ ਰੂਪ ਵਿੱਚ ਪ੍ਰਾਪਤ ਕੀਤੀਆਂ ਗਈਆਂ ਕਲਾਕ੍ਰਿਤੀਆਂ ਨੂੰ ਅਜਾਇਬ-ਘਰਾਂ ਵਿੱਚ ਸਥਾਪਿਤ ਕੀਤਾ ਗਿਆ ਸੀ। ਮਲਕੀਅਤ ਦੇ ਤਬਾਦਲੇ ਅਤੇ ਭਵਿੱਖ ਦੀਆਂ ਤਾਰੀਖਾਂ ਬਾਰੇ ਚਰਚਾ ਕਰਨ ਲਈ ਜੂਨ 2022 ਵਿੱਚ ਕੇਲਵਿੰਗਰੋਵ ਮਿਊਜ਼ੀਅਮ ਵੱਲੋਂ ਸਮਾਗਮ ਕੀਤਾ ਗਿਆ ਸੀ।

1892 ਵਿੱਚ ਸ਼ਹਿਰ ਦਾ ਦੌਰਾ ਕਰਨ ਵਾਲੇ ਬਫੇਲੋ ਬਿਲ ਵਾਈਲਡ ਵੈਸਟ ਸ਼ੋਅ ਦੇ ਦੁਭਾਸ਼ੀਏ, ਜਾਰਜ ਕ੍ਰੇਗਰ ਦੁਆਰਾ ਗਲਾਸਗੋ ਦੇ ਅਜਾਇਬ ਘਰਾਂ ਨੂੰ ਵੇਚੀਆਂ ਅਤੇ ਦਾਨ ਕੀਤੀਆਂ ਗਈਆਂ 25 ਲਕੋਟਾ ਅਤੇ ਓਸੇਟੀ ਸਾਕੋਵਿਨ ਪੂਰਵਜ ਅਤੇ ਸੱਭਿਆਚਾਰਕ ਵਸਤੂਆਂ ਵੀ ਚੇਏਨ ਰਿਵਰ ਸਿਓਕਸ ਅਤੇ ਓਗਲਾ ਨੂੰ ਵਾਪਸ ਸੌਂਪਿਆ ਜਾਵੇਗਾ।

# ਪੰਜਾਬ ਸਪੋਰਟਸ & ਕਲਚਰਲਜ ਕਲੱਬ ਮਾਨਤੋਵਾ ਵਲੋ ਜਸਵੀਰ ਖਾਨ ਚੈੜੀਆਂ ਨਾਲ ਦੁੱਖ ਦਾ ਪ੍ਰਗਟਾਵਾ



**ਰੋਮ (ਇਟਲੀ) 15 ਜਨਵਰੀ, ਟੇਕ ਚੰਦ ਜਗਤਪੁਰ/** ਪੰਜਾਬ ਸਪੋਰਟਸ & ਕਲਚਰਲਜ ਕਲੱਬ ਮਾਨਤੋਵਾ ਦੇ ਪ੍ਰਧਾਨ ਸ ਗੁਰਿੰਦਰ ਸਿੰਘ ਚੈੜੀਆ ਅਤੇ ਚੇਅਰਮੈਨ ਸ ਨਿਰਮਲ ਸਿੰਘ ਖਹਿਰਾ ਨੇ ਖੇਡ ਪ੍ਰਮੋਟਰ ਜਸਵੀਰ ਖਾਨ ਚੈੜੀਆਂ ਦੇ ਸਪੁੱਤਰ ਮਨਪ੍ਰੀਤ ਮਨੀ ਦੀ ਭਰ ਜਵਾਨੀ ਚ ਹੋਈ ਬੇਵਖਤੀ ਮੌਤ ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆ ਕਿਹਾ ਕਿ ਖਾਨ ਪਰਿਵਾਰ ਲਈ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਉਨ੍ਹਾਂ ਅਰਦਾਸ ਕੀਤੀ ਕਿ ਵਾਹਿਗੁਰੂ ਵਿਛੜੀ ਆਤਮਾ ਨੂੰ ਆਪਣੇ ਚਰਨਾਂ ਚ ਨਿਵਾਸ ਬਖਸ਼ੇ, ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ। ਇਸ ਮੌਕੇ ਇਟਲੀ ਦੀਆਂ ਵੱਖ-ਵੱਖ ਸਮਾਜਿਕ, ਰਾਜਨੀਤਿਕ ਧਾਰਮਿਕ , ਖੇਡ ਅਤੇ, ਸਭਿਆਚਰਕ ਕਲੱਬਾਂ ਨੇ ਵੀ ਖਾਨ ਪਰਿਵਾਰ ਨਾਲ ਦੁੱਖ ਦਾ ਇਜਹਾਰ ਕੀਤਾ।

# ਗਲਾਸਗੋ: ਸੰਗੀਤਕ ਸ਼ਾਮ ਦੌਰਾਨ ਜਸ ਡਰਬੀ ਦਾ ਵਿਸ਼ੇਸ਼ ਸਨਮਾਨ



**ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ)** "ਸੰਗੀਤਕ ਨੂੰ ਪਿਆਰ ਕਰਨ ਅਤੇ ਸੰਗੀਤਕ ਕਾਮਿਆਂ ਨੂੰ ਸਤਿਕਾਰ ਦੇਣ ਵਾਲੀਆਂ ਰੂਹਾਂ ਹਰ ਸਾਹ ਸਨਮਾਨ ਦੀਆਂ ਹੱਕਦਾਰ ਹੁੰਦੀਆਂ ਹਨ। ਜਸ ਡਰਬੀ ਅਜਿਹਾ ਹੀਰਾ ਇਨਸਾਨ ਹੈ, ਜੋ ਪੰਜਾਬੀ ਸੱਭਿਆਚਾਰ ਤੇ ਗਾਇਕੀ ਦੀ ਚੜ੍ਹਦੀ ਕਲਾ ਲਈ ਹਮੇਸ਼ਾ ਤਤਪਰ ਰਹਿੰਦਾ ਹੈ। ਜਸ ਦੇ ਉੱਦਮਾਂ ਅੱਗੇ ਸਭ ਸਨਮਾਨ ਛੋਟੇ ਜਾਪਦੇ ਹਨ", ਉਕਤ ਵਿਚਾਰਾਂ ਦਾ ਪ੍ਰਗਟਾਵਾ ਗਲਾਸਗੋ ਦੇ ਲੀਓਨਾਰਡੋ ਹੋਟਲ ਵਿਖੇ ਜਸ ਡਰਬੀ ਦੇ ਮਾਣ ਸਨਮਾਨ ਹਿਤ ਹੋਈ ਸੰਗੀਤਕ ਸ਼ਾਮ ਦੌਰਾਨ ਸ਼ਾਇਰ ਗਿੱਲ ਦੋਦਾ ਗਲਾਸਗੋ ਤੇ ਗਾਇਕ ਕਰਮਜੀਤ ਮੀਨੀਆਂ ਨੇ ਕੀਤਾ। ਜ਼ਿਕਰਯੋਗ ਹੈ ਕਿ ਜਸ ਡਰਬੀ ਸੰਗੀਤ ਨਾਲ ਧੁਰ ਅੰਦਰੋਂ ਜੁੜਿਆ ਹੋਇਆ ਸਖਸ਼ ਹੈ ਤੇ ਫਨਕਾਰਾਂ ਦਾ ਕਦਰਦਾਨ ਹੈ। ਉਹਨਾਂ ਦੀ ਸਕਾਟਲੈਂਡ ਫੇਰੀ ਮੌਕੇ ਵਿਸ਼ੇਸ਼ ਮਿਲਣੀ ਤੇ ਸੰਗੀਤਕ ਸ਼ਾਮ ਦਾ ਪ੍ਰਬੰਧ ਕੀਤਾ ਗਿਆ ਸੀ।

ਜਿਸ ਦੌਰਾਨ ਗਾਇਕ ਕਰਮਜੀਤ ਮੀਨੀਆਂ ਤੇ ਗਾਇਕ ਮਿੱਠਾਪੁਰੀਆ ਵੱਲੋਂ ਇੱਕ ਤੋਂ ਬਾਅਦ ਇੱਕ ਗੀਤ ਗਾ ਕੇ ਮਾਹੌਲ ਨੂੰ ਰੰਗੀਨ ਬਣਾਈ ਰੱਖਿਆ। ਜਿੱਥੇ ਕਰਮਜੀਤ ਮੀਨੀਆਂ ਨੇ ਤੂੰਬੀ ਦੀ ਟੁਣਕਾਰ 'ਤੇ ਆਪਣੇ ਗੀਤਾਂ ਦੀ ਛਹਿਬਰ ਲਾਈ, ਉੱਥੇ ਮਿੱਠਾਪੁਰੀਆ ਵੱਲੋਂ ਆਪਣੇ ਰਿਲੀਜ ਹੋਣ ਜਾ ਰਹੇ ਗੀਤਾਂ ਦੀ ਸਾਂਝ ਪਾ ਕੇ ਵਾਹ ਵਾਹ ਖੱਟੀ। ਮੰਚ ਸੰਚਾਲਨ ਦੌਰਾਨ ਮਨਦੀਪ ਖੁਰਮੀ ਹਿੰਮਤਪੁਰਾ ਨੇ ਜਿੱਥੇ ਜਸ ਡਰਬੀ (ਲਸਾੜਾ), ਗਾਇਕ ਮਿੱਠਾਪੁਰੀਆ ਤੇ ਤਰਨਦੀਪ ਸਿੰਘ ਤਰਨ ਨੂੰ ਸਕਾਟਲੈਂਡ ਦੀ ਧਰਤੀ 'ਤੇ ਖੁਸ਼ਆਮਦੀਦ ਕਿਹਾ ਉੱਥੇ ਵਾਅਦਾ ਵੀ ਦੁਹਰਾਇਆ ਕਿ ਪੰਜ ਦਰਿਆ ਯੂਕੇ ਦੀ ਸਮੁੱਚੀ ਟੀਮ ਪੰਜਾਬ ਪੰਜਾਬੀ ਤੇ ਪੰਜਾਬੀਅਤ ਦੀ ਸੇਵਾ ਵਿੱਚ ਜੁਟੇ ਸੱਜਣਾਂ ਦੇ ਮਾਣ ਸਨਮਾਨ ਲਈ ਹਮੇਸ਼ਾ ਤਿਆਰ ਹੈ। ਇਸ ਸਮੇਂ ਹਰਪ੍ਰੀਤ ਸਿੰਘ ਲੱਕੀ, ਨਛੱਤਰ ਜੰਡੂ ਦੋਦਾ, ਰਾਣਾ ਦੋਸਾਂਝ ਤੇ ਬਲਜਿੰਦਰ ਸਿੰਘ ਗਾਖਲ ਨੇ ਵੀ ਆਪਣੇ ਵਿਚਾਰ ਪੇਸ਼ ਕਰਦਿਆਂ ਮਹਿਮਾਨਾਂ ਨੂੰ ਜੀ ਆਇਆਂ ਕਿਹਾ।

# ਗੁਰਦਾਸਪੁਰ ਨਾਲ ਲੱਗਦੀ ਕੌਮਾਂਤਰੀ ਸਰਹੱਦ 'ਤੇ ਪਾਕਿਸਤਾਨੀ ਡਰੋਨ ਵੱਲੋਂ ਸੁੱਟਿਆ ਭਾਰੀ ਮਾਤਰਾ 'ਚ ਅਸਲਾ ਬਰਾਮਦ



**ਗੁਰਦਾਸਪੁਰ-** ਬੀਐੱਸਐੱਫ ਨੇ ਪੰਜਾਬ ਵਿੱਚ ਅੰਤਰਰਾਸ਼ਟਰੀ ਸਰਹੱਦ ਨੇੜੇ ਹਥਿਆਰਾਂ ਦਾ ਜ਼ਖ਼ੀਰਾ ਬਰਾਮਦ ਕੀਤਾ ਹੈ, ਜੋ ਪਾਕਿਸਤਾਨ ਤੋਂ ਆਏ ਡਰੋਨ ਰਾਹੀਂ ਸੁੱਟਿਆ ਗਿਆ। 17-18 ਜਨਵਰੀ ਦੀ ਦਰਮਿਆਨੀ ਰਾਤ ਨੂੰ ਬੀਐੱਸਐੱਫ ਦੇ ਜਵਾਨਾਂ ਨੇ ਗੁਰਦਾਸਪੁਰ ਜ਼ਿਲ੍ਹੇ ਦੇ ਸਰਹੱਦੀ ਪਿੰਡ ਉੱਚਾ ਟਕਲਾ ਵਿੱਚ ਪਾਕਿਸਤਾਨ ਤੋਂ ਆਉਣ ਵਾਲੇ ਡਰੋਨ ਦੀ ਆਵਾਜ਼ ਸੁਣੀ। ਬੀਐੱਸਐੱਫ ਟੀਮ ਨੇ ਡਰੋਨ ਵੱਲ ਗੋਲੀਬਾਰੀ ਕੀਤੀ ਅਤੇ ਜ਼ਮੀਨ ਉੱਤੇ ਕਿਸੇ ਚੀਜ਼ ਦੇ ਡਿੱਗਣ ਦੀ ਆਵਾਜ਼ ਸੁਣੀ। ਇਸ ਮਗਰੋਂ ਇਲਾਕੇ ਦੀ ਤਲਾਸ਼ੀ ਲਈ ਗਈ ਤਾਂ ਚਾਰ ਚੀਨੀ ਪਿਸਤੌਲ, ਅੱਠ ਮੈਗਜ਼ੀਨ ਅਤੇ 47 ਗੋਲੀਆਂ ਦਾ ਇੱਕ ਪੈਕਟ ਬਰਾਮਦ ਹੋਇਆ।

# ਮਾਲਵੇ ਦੀ ਪ੍ਰਸਿੱਧ ਲੇਖਿਕਾ ਗਗਨਦੀਪ ਕੌਰ ਧਾਲੀਵਾਲ ਨੂੰ ਕੌਮਾਂਤਰੀ ਧੀ ਦਿਵਸ 'ਤੇ ਮਿਲਿਆ 'ਧੀ ਪੰਜਾਬ ਦੀ ਐਵਾਰਡ 2023'

**ਚੰਡੀਗੜ੍ਹ (ਪ੍ਰੀਤਮ ਲੁਧਿਆਣਵੀ)-** ਸਮਾਜ ਸੇਵੀ ਸੰਸਥਾ ਮਾਲਵਾ ਫਰੈਂਡਜ ਵੈਲਫੇਅਰ ਪਰਿਵਰਤਨ ਧੂਰੀ ਵੱਲੋਂ ਕੌਮਾਂਤਰੀ ਧੀ ਦਿਵਸ 'ਤੇ ਵਿਸ਼ੇਸ ਧੀਆਂ ਦੀ ਲੋਹੜੀ ਮੌਕੇ 12 ਪੰਜਾਬ ਦੀਆਂ ਉਨ੍ਹਾਂ ਹੋਣਹਾਰ ਧੀਆਂ ਨੂੰ 'ਧੀ ਪੰਜਾਬ ਦੀ ਐਵਾਰਡ 2023' ਨਾਲ ਸਨਮਾਨਿਤ ਕੀਤਾ ਗਿਆ ਜੋ ਸੰਗੀਤ, ਕਲਾ, ਵਿਗਿਆਨ, ਸਾਹਿਤ, ਖੇਡ੍ਹਾਂ, ਪੜ੍ਹਾਈ, ਸਮਾਜ ਸੇਵਾ ਆਦਿ ਖੇਤਰਾਂ ਵਿੱਚ ਆ-ਪਣੀਆਂ ਵਿਸ਼ੇਸ ਪ੍ਰਾਪਤੀਆਂ ਕਰ ਕੇ ਇੱਕ ਵਿਲੱਖਣ ਪਹਿਚਾਣ ਬਣਾ ਚੁੱਕੀਆਂ ਹਨ। ਇਨ੍ਹਾਂ ਵਿੱਚ ਮਾਲਵੇ ਦੀ ਪ੍ਰਸਿੱਧ ਲੇਖਿਕਾ ਗਗਨਦੀਪ ਕੌਰ ਧਾਲੀਵਾਲ ਨੂੰ ਵੀ ਸਨਮਾਨਿਤ ਕੀਤਾ ਗਿਆ। ਇਹ ਮਾਲਵੇ ਖਿੱਤੇ ਲਈ ਬਹੁਤ ਮਾਣ ਵਾਲੀ ਗੱਲ ਹੈ। ਗਗਨਦੀਪ ਕੌਰ ਧਾਲੀਵਾਲ ਤੋਂ ਇਲਾਵਾ ਸਾਹੀਨ, ਕੁਲਵੀਰ ਕੌਰ, ਅਗਮਜੋਤ ਕੌਰ, ਮਨਸੀਰਤ ਕੌਰ, ਅਰਸ਼ਦੀਪ ਕੌਰ, ਦਿਲਪ੍ਰੀਤ ਕੌਰ, ਹਰਵਿੰਦਰ ਕੌਰ, ਰਾਵੀ ਗੁਜਰਾਲ, ਦਵਿੰਦਰ ਖੁਸ਼ ਧਾਲੀਵਾਲ, ਮਨ-ਪ੍ਰੀਤ ਕੌਰ ਤੇ ਅਮਨਦੀਪ ਕੌਰ ਆਦਿ ਧੀਆਂ ਨੂੰ ਵੀ



ਇਸ ਸਨਮਾਨ ਨਾਲ ਨਿਵਾਜਿਆ ਗਿਆ।

ਜ਼ਿਕਰ ਯੋਗ ਹੈ ਕਿ ਗਗਨਦੀਪ ਕੌਰ ਧਾਲੀਵਾਲ ਨੇ ਆਪਣੀ ਕਲਮ ਰਾਹੀਂ ਸਮਾਜ ਨੂੰ ਸੇਧ ਦੇਣ ਵਾਲੇ ਅਨੇਕਾਂ ਆਰਟੀਕਲ ਲਿਖੇ ਹਨ ਜੋ ਕਿ ਦੇਸ਼-ਵਿਦੇਸ਼ਾਂ ਦੇ ਵੱਖ ਵੱਖ ਅਖਬਾਰਾਂ ਦਾ ਸ਼ਿੰਗਾਰ ਬਣ ਚੁੱਕੇ ਹਨ। ਇਸ ਤੋਂ ਇਲਾਵਾ ਉਹ ਲਗਭਗ ਦਰਜਨ ਕਿਤਾਬਾਂ ਵੀ ਸੰਪਾਦਨ ਕਰ ਚੁੱਕੀ ਹੈ ਅਤੇ ਇੱਕ ਮੌਲਿਕ ਕਾਵਿ ਸੰਗ੍ਰਹਿ, ਵਿੱਦਿਅਕ ਕਿਤਾਬ ਪ੍ਰਾਚੀਨ ਭਾਰਤ ਦਾ ਇਤਿਹਾਸ ਸਾਹਿਤ ਦੀ ਝੋਲੀ ਵਿੱਚ ਪਾ ਚੁੱਕੀ ਹੈ। ਇਸ ਵਿਸ਼ੇਸ ਮੌਕੇ ਗਗਨਦੀਪ ਕੌਰ ਧਾਲੀਵਾਲ ਦਾ ਅਰੁਜਨੀ ਐਵਾਰਡ ਵਿਜੇਤਾ ਐਸ.ਐਸ.ਪੀ ਮਲੇਰਕੋਟਲਾ ਅਵਨੀਤ ਕੌਰ ਸਿੱਧੂ, ਸੰਸਥਾ ਦੇ ਸਰਪ੍ਰਸਤ ਡਾ. ਸੰਦੀਪ ਜੋਤ, ਸੰਸਥਾ ਦੇ ਪ੍ਰਧਾਨ ਗੁਰਪ੍ਰੀਤ ਸਿੰਘ ਬਾਠ, ਪ੍ਰਸਿੱਧ ਸੂਫੀ ਗਾਇਕ ਬਾਬਾ ਬੇਲੀ ਅਤੇ ਸਮੂਹ ਮੈਂਬਰਾਂ ਵੱਲੋਂ ਸਨਮਾਨ ਕੀਤਾ ਗਿਆ। ਇਸ ਮੌਕੇ 'ਤੇ ਅਮਿਤ ਗੁਪਤਾ ਐੱਸ.ਡੀ.ਐਮ ਧੂਰੀ, ਯੋਗੇਸ਼ ਸ਼ਰਮਾ ਡੀ.ਐੱਸ.ਪੀ ਧੂਰੀ, ਏ.ਆਰ ਸ਼ਰਮਾ ਡਾਇਰੈਕਟਰ ਰਾਈਸੀਲਾ ਹੈਲਥ ਫੂਡਜ, ਮੱਖਣ ਲਾਲ ਗਰਗ ਚੇਅਰਮੈਨ ਕੈਮਬ੍ਰਿਜ ਸਕੂਲ ਵੀ ਹਾਜਰ ਸਨ।

# ਡਾਕਟਰਾਂ ਨੇ ਫ਼ੌਜੀ ਦੀ ਛਾਤੀ ’ਚ ਫਸਿਆ ਜ਼ਿੰਦਾ ਗ੍ਰੇਨੇਡ ਬਾਹਰ ਕੱਢਿਆ

**ਕੀਵ–** ਯੂਕ੍ਰੇਨ ਵਿੱਚ ਜੰਗ ਦੌਰਾਨ ਇੱਕ ਫ਼ੌਜੀ ਦੀ ਛਾਤੀ ਵਿੱਚ ਫਸੇ ਜ਼ਿੰਦਾ ਗ੍ਰੇਨੇਡ ਨੂੰ ਸੁਰੱਖਿਅਤ ਬਾਹਰ ਕੱਢ ਲਿਆ ਗਿਆ ਹੈ। ਆਪਰੇਸ਼ਨ ਵਿੱਚ ਸ਼ਾਮਲ ਡਾਕਟਰਾਂ ਨੂੰ ਫ਼ੌਜੀ ਦੀ ਜਾਨ ਬਚਾਉਣ ਲਈ ਨਾਇਕ ਵਜੋਂ ਸਲਾਹਿਆ ਗਿਆ ਹੈ। ਇਹ ਗ੍ਰੇਨੇਡ ਯੂਕ੍ਰੇਨ ਦੇ ਸ਼ਹਿਰ ਬਖਮੁਤ ਦੀ ਲੜਾਈ ਵਿੱਚ ਫ਼ੌਜੀ ਦੀ ਛਾਤੀ ਵਿੱਚ ਫਸ ਗਿਆ ਸੀ।

ਚੰਗੀ ਗੱਲ ਇਹ ਰਹੀ ਕਿ ਗ੍ਰੇਨੇਡ ਫਟਿਆ ਨਹੀਂ। ਫ਼ੌਜੀ ਦੇ ਸਰੀਰ ਵਿੱਚ ਫਸੇ ਇਸ ਵਿਸਫੋਟਕ ਨੂੰ ਵੋਗ ਗ੍ਰੇਨੇਡ ਵਜੋਂ ਜਾਣਿਆ ਜਾਂਦਾ ਹੈ। ਇਸ ਨੂੰ ਗ੍ਰੇਨੇਡ ਲਾਂਚਰ ਤੋਂ ਫਾਇਰ ਕਰਨ ਲਈ ਡਿਜ਼ਾਈਨ ਕੀਤਾ ਗਿਆ ਹੈ। ਬਖਮੁਤ ਨੂੰ ਜਿੱਤਣ ਲਈ ਰੂਸ ਅਤੇ ਯੂਕ੍ਰੇਨ ਵਿੱਚ ਭਿਆਨਕ ਜੰਗ ਜਾਰੀ ਹੈ। ਬਖਮੁਤ ‘ਚ ਯੂਕ੍ਰੇਨ ਦੀਆਂ ਕਈ ਖਾਣਾਂ ਹਨ, ਜਿਨ੍ਹਾਂ ‘ਤੇ ਪੁਤਿਨ ਦੀ ਨਿੱਜੀ ਫ਼ੌਜ ਵੈਗਨਰ ਗਰੁੱਪ ਕਬਜ਼ਾ ਕਰਨ ਦੀ ਪੂਰੀ ਕੋਸ਼ਿਸ਼ ਕਰ ਰਹੀ ਹੈ।

**ਆਪਰੇਸ਼ਨ ਬੰਬ ਨਿਰੋਧਕ ਦਸਤੇ ਦੀ ਮੌਜੂਦਗੀ ਵਿੱਚ ਕੀਤਾ ਗਿਆ**

ਯੂਕ੍ਰੇਨ ਦੇ ਆਰਮਡ ਫੋਰਸਿਜ਼ ਦੇ ਜਨਰਲ ਸਟਾਫ ਦੇ ਅਨੁਸਾਰ ਡਾਕਟਰਾਂ ਨੂੰ ਆਪਰੇਸ਼ਨ ਦੌਰਾਨ ਕਿਸੇ ਵੀ ਸਮੇਂ ਗ੍ਰੇਨੇਡ ਫਟਣ ਦਾ ਖਤਰਾ ਸੀ। ਇਸ ਦੇ ਬਾਵਜੂਦ ਸਰਜਨ ਮੇਜਰ ਜਨਰਲ ਐਂਡਰੀ ਵਰਬਾ ਨੇ ਸਫਲਤਾਪੂਰਵਕ ਆਪ੍ਰੇਸ਼ਨ ਕਰਕੇ ਗ੍ਰੇਨੇਡ ਨੂੰ ਬਾਹਰ ਕੱਢ ਲਿਆ। ਗ੍ਰੇਨੇਡ ਨੂੰ ਫਟਣ ਤੋਂ ਰੋਕਣ ਲਈ ਦੋ ਹੋਰ ਸੈਨਿਕਾਂ ਨੇ ਇਸ ਦਲੇਰਾਨਾ ਆਪਰੇਸ਼ਨ ਵਿਚ ਮਦਦ ਕੀਤੀ।



ਯੂਕ੍ਰੇਨੀ ਫ਼ੌਜ ਦੇ ਸਭ ਤੋਂ ਤਜਰਬੇਕਾਰ ਸਰਜਨਾਂ ਵਿੱਚੋਂ ਇੱਕ ਮੇਜਰ ਜਨਰਲ ਐਂਡਰਿਊ ਵਿਲੋ ਨੇ ਦੱਸਿਆ ਕਿ ਸਾਡੇ ਫ਼ੌਜੀ ਡਾਕਟਰਾਂ ਨੇ ਇੱਕ ਵੋਗ ਗ੍ਰੇਨੇਡ ਨੂੰ ਹਟਾਉਣ ਲਈ ਇੱਕ ਆਪ੍ਰੇਸ਼ਨ ਕੀਤਾ। ਇਹ ਕਾਰਵਾਈ ਬੰਬ ਨਿਰੋਧਕ ਦਸਤੇ ਦੇ ਦੋ ਸਿਪਾਹੀਆਂ ਦੀ ਮੌਜੂਦਗੀ ਵਿੱਚ ਕੀਤੀ ਗਈ, ਜਿਨ੍ਹਾਂ ਨੇ ਡਾਕਟਰਾਂ ਅਤੇ ਮਰੀਜ਼ ਦੀ ਸੁਰੱਖਿਆ ਦੀ ਨਿਗਰਾਨੀ ਕੀਤੀ। ਉਸ ਨੇ ਕਿਹਾ ਕਿ ਗ੍ਰੇਨੇਡ ਦੇ ਫਟਣ ਦੇ ਖਤਰੇ ਕਾਰਨ ਬਿਨਾਂ ਇਲੈਕਟ੍ਰੋਕੋਏਗੂਲੇਸ਼ਨ ਦੇ ਆਪ੍ਰੇਸ਼ਨ ਕੀਤਾ ਗਿਆ ਸੀ।

**ਜਾਰੀ ਕੀਤੇ ਛਾਤੀ ਦੇ ਐਕਸ–ਰੇ ਚਿੱਤਰ**

ਯੂਕ੍ਰੇਨ ਦੀ ਫ਼ੌਜ ਨੇ ਆਪਰੇਸ਼ਨ ਦੌਰਾਨ ਫ਼ੌਜੀ ਦੀ ਛਾਤੀ ਦੀਆਂ ਐਕਸ–ਰੇ ਤਸਵੀਰਾਂ ਵੀ ਜਾਰੀ ਕੀਤੀਆਂ ਹਨ। ਇਸ ਨੇ ਫ਼ੌਜੀ ਦੀ ਛਾਤੀ ‘ਤੇ ਸਹੀ ਥਾਂ ‘ਤੇ ਗ੍ਰੇਨੇਡ ਦਿਖਾਇਆ। ਇਕ ਹੋਰ ਤਸਵੀਰ ਵਿਚ ਸਰਜਨ ਨੂੰ ਆਪਰੇਸ਼ਨ ਤੋਂ ਬਾਅਦ ਗ੍ਰੇਨੇਡ ਫੜੇ ਹੋਏ ਦਿਖਾਇਆ ਗਿਆ ਹੈ। ਯੂਕ੍ਰੇਨ ਦੀ ਫ਼ੌਜ ਨੇ ਕਿਹਾ ਕਿ ਜ਼ਖਮੀ ਫ਼ੌਜੀ ਨੂੰ ਮੁੜ ਵਸੇਬੇ ਅਤੇ ਰਿਕਵਰੀ ਲਈ ਭੇਜਿਆ ਗਿਆ ਹੈ।

ਹਾਲਾਂਕਿ ਯੂਕ੍ਰੇਨ ਦੀ ਆਰਮਡ ਫੋਰਸਿਜ਼ ਨੇ ਇਹ ਨਹੀਂ ਦੱਸਿਆ ਕਿ ਸਰਜਰੀ ਕਦੋਂ ਹੋਈ ਸੀ ਜਾਂ ਗ੍ਰੇਨੇਡ ਸਿਪਾਹੀ ਦੇ ਸਰੀਰ ਵਿੱਚ ਕਿਵੇਂ ਦਾਖਲ ਹੋਇਆ ਸੀ। ਇਸ ਦੌਰਾਨ ਸੋਸ਼ਲ ਮੀਡੀਆ ਯੂਜ਼ਰ ਡਾਕਟਰ ਦੀ ਇਸ ਬਹਾਦਰੀ ਨੂੰ ਦੇਖ ਕੇ ਹੈਰਾਨ ਰਹਿ ਗਏ।

# ਆਈ.ਐੱਸ.ਆਈ. ਅਫ਼ਸਰ ਕਰਤਾਰਪੁਰ ਕਾਰੀਡੋਰ ਦਾ ਸੀ.ਈ.ਓ ਨਿਯੁਕਤ

**ਗੁਰਦਾਸਪੁਰ–** ਪਾਕਿਸਤਾਨ ਸਰਕਾਰ ਨੇ ਆਪਣੀ ਖੁਫ਼ੀਆ ਏਜੰਸੀ ਇੰਟਰ–ਸਰਵਿਸਿਜ਼ ਇੰਟੈਲੀਜੈਂਸ (ਆਈ. ਐੱਸ. ਆਈ.) ਦੇ ਇਕ ਸੀਨੀਅਰ ਅਫ਼ਸਰ ਨੂੰ ਕਰਤਾਰਪੁਰ ਕਾਰੀਡੋਰ ਦੇ ਪਾਕਿਸਤਾਨ ਵਾਲੇ ਪਾਸੇ ਗੁਰਦੁਆਰਾ ਦਰਬਾਰ ਸਾਹਿਬ ਦੇ ਮਾਮਲਿਆਂ ਦਾ ਪ੍ਰਬੰਧਨ ਕਰਨ ਵਾਲੀ ਪ੍ਰੋਜੈਕਟ ਮੈਨੇਜਮੈਂਟ ਯੂਨਿਟ (ਪੀ.ਐੱਮ.ਯੂ.) ਦਾ ਮੁੱਖ ਕਾਰਜਕਾਰੀ ਅਧਿਕਾਰੀ (ਸੀ. ਈ. ਓ.) ਨਿਯੁਕਤ ਕੀਤਾ ਹੈ। ਹਾਲਾਂਕਿ ਪਾਕਿਸਤਾਨ ਲਈ ਸਰਹੱਦ ਪਾਰ ਘੱਟਗਿਣਤੀ ਭਾਈਚਾਰੇ ਦੇ ਮਾਮਲਿਆਂ ਵਿਚ ‘ਦਖਲ ਅਤੇ ਪ੍ਰਬੰਧਨ’ ਕਰਨ ਲਈ ਆਈ.ਐੱਸ.ਆਈ. ਦੇ ਸੀਨੀਅਰ ਅਧਿਕਾਰੀਆਂ ਨੂੰ ਨਿਯੁਕਤ ਕਰਨਾ ਕੋਈ ਨਵੀਂ ਗੱਲ ਨਹੀਂ ਹੈ ਕਿਉਂਕਿ ਆਈ. ਐੱਸ. ਆਈ. ਮੁਖੀ ਜਾਵੇਦ ਨਾਸਿਰ ਧਾਰਮਿਕ ਯਾਤਰਾ ’ਤੇ ਪਾਕਿਸਤਾਨ ਜਾਣ ਵਾਲੇ ਲੋਕਾਂ ਦੇ ‘ਸਾਫਟ ਟਾਰਗੈੱਟ’ ਦੀ ਭਾਲ ਕਰਨ ਲਈ ਇਵੈਕੂਈ ਟਰੱਸਟ ਪ੍ਰਾਪਰਟੀ ਬੋਰਡ (ਈ.ਟੀ.ਪੀ.ਬੀ.) ਦੀ ਅਗਵਾਈ ਕਰ ਰਿਹਾ ਸੀ। ਉੱਚ ਪੱਧਰੀ ਸੂਤਰਾਂ ਅਨੁਸਾਰ ਉਪ ਸਕੱਤਰ (ਪ੍ਰਸ਼ਾਸਨ) ਈ. ਟੀ. ਪੀ. ਬੀ. ਵੱਲੋਂ 11 ਜਨਵਰੀ ਨੂੰ ਇਕ ਨੋਟੀਫਿਕੇਸ਼ਨ ਨੰਬਰ 212 ਜਾਰੀ ਕਰ ਆਈ. ਐੱਸ. ਆਈ. ਦੇ ਸੀਨੀਅਰ ਅਫ਼ਸਰ ਮੁਹੰਮਦ ਅਬੂ ਬਕਰ ਆਫਤਾਬ ਕੁਰੈਸ਼ੀ ਨੂੰ ਕਰਤਾਰਪੁਰ ਕਾਰੀਡੋਰ ਦੇ ਪੀ. ਐੱਮ. ਯੂ. ਦੇ ਸੀ. ਈ. ਓ ਵਜੋਂ ਤਿੰਨ ਸਾਲਾਂ ਦੀ ਮਿਆਦ ਲਈ ਨਿਯੁਕਤ ਕੀਤਾ ਗਿਆ।



ਇਕ ਆਈ.ਐੱਸ.ਆਈ. ਅਫ਼ਸਰ ਦੇ ਨਾਲ–ਨਾਲ ਇਕ ਗ਼ੈਰ–ਸਿੱਖ ਨੂੰ ਪੀ. ਐੱਮ. ਯੂ. ਦੇ ਮੁਖੀ ਵਜੋਂ ਨਿਯੁਕਤ ਕੀਤੇ ਜਾਣ ਦੀ ਅੰਤਰਰਾਸ਼ਟਰੀ ਸਿੱਖ ਭਾਈਚਾਰੇ ਵੱਲੋਂ ਆਲੋਚਨਾ ਕੀਤੀ ਜਾ ਰਹੀ ਹੈ, ਜਿਸ ਦਾ ਵਿਚਾਰ ਹੈ ਕਿ ਇਕ ਗ਼ੈਰ–ਸਿੱਖ ਧਾਰਮਿਕ ਮਾਮਲਿਆਂ ਦੇ ਸਬੰਧ ਵਿਚ ‘ਸਹੀ’ ਫੈਸਲੇ ਨਹੀਂ ਲੈ ਸਕਦਾ। ਆਈ.ਐੱਸ.ਆਈ. ਦਾ ਅਫ਼ਸਰ ਹੋਣ ਦੇ ਨਾਲ–ਨਾਲ ਉਹ ਪੀ.ਐੱਮ.ਯੂ. ਦੇ ਪਲੇਟਫਾਰਮ ਦੀ ਵਰਤੋਂ ਭਾਰਤ ਵਿਰੋਧੀ ਏਜੰਡੇ ਨੂੰ ਅੱਗੇ ਵਧਾਉਣ ਲਈ ਕਰ ਸਕਦਾ ਹੈ। ਇਸ ਤੋਂ ਪਹਿਲਾਂ 2021 ’ਚ ਪਾਕਿਸਤਾਨੀ ਸਰਕਾਰ ਨੇ ਇਕ ਸਾਬਕਾ ਫੌਜੀ ਬ੍ਰਿਗੇਡੀਅਰ ਮੁਹੰਮਦ ਲਤੀਫ ਨੂੰ ਪੀ.ਐੱਮ.ਯੂ. ਦੇ ਪਹਿਲੇ ਸੀ.ਈ.ਓ. ਵਜੋਂ ਨਿਯੁਕਤ ਕੀਤਾ ਸੀ, ਜਿਸ ਦੀ ਵਿਸ਼ਵ ਭਰ ਦੀਆਂ ਸਿੱਖ ਸੰਸਥਾਵਾਂ ਵੱਲੋਂ ਤਿੱਖੀ ਆਲੋਚਨਾ ਕੀਤੀ ਗਈ ਸੀ, ਜੋ ਚਾਹੁੰਦੇ ਸਨ ਕਿ ਇਕ ਸਿੱਖ ਪੀ.ਐੱਮ.ਯੂ. ਦੇ ਮਾਮਲਿਆਂ ਦੀ ਮੈਨੇਜਮੈਂਟ ਕਰੇ।

ਹਾਲਾਂਕਿ ਪਾਕਿਸਤਾਨ ਸਰਕਾਰ ਵੱਲੋਂ ਕਥਿਤ ਤੌਰ ’ਤੇ ਉਨ੍ਹਾਂ ਨੂੰ ਆਪਣੇ ਅਹੁਦੇ ਤੋਂ ਹਟਾ ਦਿੱਤਾ ਗਿਆ ਸੀ ਅਤੇ ਰਾਣਾ ਸ਼ਾਹਿਦ ਨੂੰ ਪੀ.ਐੱਮ.ਯੂ. ਦੇ ਨਵੇਂ ਸੀ.ਈ.ਓ. ਵਜੋਂ ਨਿਯੁਕਤ ਕੀਤਾ ਗਿਆ ਸੀ। ਹਾਲ ਹੀ ’ਚ ਰਾਣਾ ਸ਼ਾਹਿਦ ਨੂੰ ਵੀ ਹਟਾ ਦਿੱਤਾ ਗਿਆ ਸੀ ਅਤੇ ਪੀ.ਐੱਮ.ਯੂ. ਦਾ ਵਾਧੂ ਚਾਰਜ ਵਧੀਕ ਸਕੱਤਰ, ਈ.ਟੀ.ਪੀ.ਬੀ. ਸਨੌਲਾ ਖਾਨ ਨੂੰ ਦਿੱਤਾ ਗਿਆ ਸੀ।

# ਅੰਮ੍ਰਿਤਸਰ ਤੋਂ ਲੰਡਨ ਜਾਣਗੀਆਂ ਸਿੱਧੀਆਂ ਉਡਾਣਾਂ

**ਚੰਡੀਗੜ੍ਹ–** ਆਮ ਆਦਮੀ ਪਾਰਟੀ (ਆਪ) ਦੇ ਸੰਸਦ ਮੈਂਬਰ ਰਾਘਵ ਚੱਢਾ ਨੇ ਦੱਸਿਆ ਕਿ ਏਅਰ ਇੰਡੀਆ ਨੇ ਅੰਮ੍ਰਿਤਸਰ ਤੋਂ ਲੰਡਨ ਅਤੇ ਇਕ ਬਰਮਿੰਘਮ ਦਰਮਿਆਨ ਵਾਧੂ ਸਿੱਧੀਆਂ ਉਡਾਣਾਂ ਸ਼ੁਰੂ ਕਰ ਰਿਹਾ ਹੈ। ਜਾਣਕਾਰੀ ਅਨੁਸਾਰ 26 ਮਾਰਚ ਤੋਂ ਅੰਮ੍ਰਿਤਸਰ ਤੋਂ ਲੰਡਨ ਲਈ ਸਿੱਧੀ ਉਡਾਣ ਸ਼ੁਰੂ ਹੋਣ ਜਾ ਰਹੀ ਹੈ। ਸਾਂਸਦ ਰਾਘਵ ਚੱਢਾ ਨੇ ਇਸ ਫੈਸਲੇ ਦਾ ਸਵਾਗਤ ਕੀਤਾ ਹੈ। ਦੱਸ ਦਈਏ ਕਿ ਯਾਤਰੀਆਂ ਨੂੰ ਪਹਿਲਾ ਸਿੱਧੀ ਫਲਾਈਟ ਨਾ ਮਿਲਣ ਕਰਕੇ ਦਿੱਲੀ ਜਾਣਾ ਪੈਂਦਾ ਹੈ। ਐਮਪੀ ਰਾਘਵ ਚੱਢਾ ਨੇ ਦਸੰਬਰ 2022 ‘ਚ ਹੋਏ ਸਰਦ ਰੁੱਤ ਸੈਸ਼ਨ ਦੌਰਾਨ ਸੰਸਦ ‘ਚ ਇਹ ਮੁੱਦਾ ਚੁੱਕਿਆ ਸੀ। ਇਸ ਬਾਰੇ ਸਾਂਸਦ ਮੈਂਬਰ ਰਾਘਵ ਚੱਢਾ ਨੇ ਟਵਿੱਟ ਕੀਤਾ ਹੈ ਕਿ ਪੰਜਾਬੀਆਂ ਨੂੰ ਵਧਾਈ ਹੁਣ ਸ਼੍ਰੀ ਅੰਮ੍ਰਿਤਸਰ ਸਾਹਿਬ ਤੋ ਲੰਡਨ ਤਕ ਸਿੱਧੀਆਂ ਫਲਾਈਟਾਂ ਸ਼ੁਰੂ ਹੋਣ ਜਾ ਰਹੀਆਂ ਹਨ। ਪਾਰਲੀਮੈਂਟ ਦੇ ਵਿਚ ਮੈਂ ਮਜ਼ਬੂਤੀ ਨਾਲ ਇਹ ਮੁੱਦਾ ਪਿਛਲੇ 2 ਸੈਸ਼ਨਾਂ ਤੋ ਚੁੱਕ ਰਿਹਾ ਸੀ। ਮੇਰਾ ਮਿਸ਼ਨ ਹੈ ਕਿ ਪੰਜਾਬ ਦੀ ਓਿਰ ਛੋਨਨਏਚਟਿਵਿਟੇ ਨੂੰ ਹੋਰ ਵਧੀਆ ਬਣਾਇਆ ਜਾਵੇ।

ਹੁਣ ਸ਼੍ਰੀ ਅੰਮ੍ਰਿਤਸਰ ਸਾਹਿਬ ਤੋ ਲੰਡਨ ਤਕ ਸਿੱਧੀਆਂ ਫਲਾਈਟਾਂ ਸ਼ੁਰੂ ਹੋਣ ਜਾ ਰਹੀਆਂ ਹਨ। ਪਾਰਲੀਮੈਂਟ




ਦੇ ਵਿਚ ਮੈਂ ਮਜ਼ਬੂਤੀ ਨਾਲ ਇਹ ਮੁੱਦਾ ਪਿਛਲੇ 2 ਸੈਸ਼ਨਾਂ ਤੋ ਚੁੱਕ ਰਿਹਾ ਸੀ। ਮੇਰਾ ਮਿਸ਼ਨ ਹੈ ਕਿ ਪੰਜਾਬ ਦੀ iAr Connecitivty ਨੂੰ ਹੋਰ ਵਧੀਆ ਬਣਾਇਆ ਜਾਵੇ। ਇਸ ਤੋਂ ਪਹਿਲਾਂ ਅਗਸਤ 2022 ‘ਚ ਪੰਜਾਬ ਤੋਂ ‘ਆਪ’ ਸੰਸਦ ਮੈਂਬਰ ਨੇ ਵੀ ਸ਼ਹਿਰੀ ਹਵਾਬਾਜ਼ੀ ਮੰਤਰੀ ਅੱਗੇ ਇਹ ਮੁੱਦਾ ਸਵਾਲ ਦੇ ਰੂਪ ‘ਚ ਉਠਾਇਆ ਸੀ।

# ਫ਼ਿਲਮ ‘‘ਕਲੀ ਜੋਟਾ’’ ਦਾ ਰਿਲੀਜ਼ ਹੋਇਆ ਟਰੇਲਰ

**ਜਲੰਧਰ–**ਪੰਜਾਬੀ ਫ਼ਿਲਮ ‘ਕੱਲੀ ਜੋਟਾ’ ਦਾ ਟਰੇਲਰ ਰਿਲੀਜ਼ ਹੋ ਚੁੱਕਿਆ ਹੈ, ਜਿਸ ’ਚ ਅਸੀਂ ਪਹਿਲੀ ਵਾਰ ਸਤਿੰਦਰ ਸਰਤਾਜ, ਨੀਰੂ ਬਾਜਵਾ ਅਤੇ ਵਾਮਿਕਾ ਗੱਬੀ ਨੂੰ ਇਕੱਠੇ ਦੇਖ ਰਹੇ ਹਾਂ। ਫ਼ਿਲਮ ਦਾ ਨਿਰਦੇਸ਼ਨ ਵਿਜੇ ਕੁਮਾਰ ਅਰੋੜਾ ਨੇ ਕੀਤਾ ਹੈ।

ਇਹ ਫ਼ਿਲਮ ਨੀਰੂ ਬਾਜਵਾ ਐਂਟਰਟੇਨਮੈਂਟ, ਯੂ ਐਂਡ ਆਈ ਫਿਲਮਜ਼ ਤੇ ਵੀਐਚ ਐਂਟਰਟੇਨਮੈਂਟ ਦੁਆਰਾ ਪੇਸ਼ ਕੀਤੀ ਗਈ ਹੈ, ਜਿਸ ਨੂੰ ਸੰਨੀ ਰਾਜ, ਵਰੁਣ ਅਰੋੜਾ, ਸਰਲਾ ਰਾਣੀ ਅਤੇ ਸੰਤੋਸ਼ ਸੁਭਾਸ਼ ਥੀਟੇ ਦੁਆਰਾ ਨਿਰਮਿਤ ਹੈ। ਦਰਸ਼ਕਾਂ ਨੂੰ ਇਹ ਫ਼ਿਲਮ 3 ਫਰਵਰੀ 2023 ਨੂੰ ਸਿਨੇਮਾਘਰਾਂ ਵਿਚ ਦੇਖਣ ਨੂੰ ਮਿਲੇਗੀ।

ਟਰੇਲਰ ਵਿਚ ਸਤਿੰਦਰ ਸਰਤਾਜ ਅਤੇ ਨੀਰੂ ਬਾਜਵਾ ਵਿਚਕਾਰ ਇੱਕ ਸੁੰਦਰ ਪ੍ਰੇਮ ਕਹਾਣੀ ਵੇਖਣ ਨੂੰ ਮਿਲ ਰਹੀ ਹੈ, ਜੋ ਦੋਵੇਂ ਇੱਕੋ ਸਕੂਲ ’ਵਿਚ ਅਧਿਆਪਕ ਦੀ ਭੂਮਿਕਾ ਨਿਭਾਉਂਦੇ ਹਨ ਅਤੇ ਹੌਲੀ–ਹੌਲੀ ਪਿਆਰ ’ਚ ਪੈ ਜਾਂਦੇ ਹਨ। ਹਾਲਾਂਕਿ, ਵਾਮਿਕਾ ਗੱਬੀ ਦੁਆਰਾ ਨਿਭਾਇਆ ਗਿਆ ਇੱਕ ਮਹੱਤਵਪੂਰਨ ਕਿਰਦਾਰ ਹੈ।




ਫ਼ਿਲਮ ਦੇ ਟਰੇਲਰ ਨੂੰ ਸਾਂਝਾ ਕਰਦੇ ਹੋਏ, ਸਤਿੰਦਰ ਸਰਤਾਜ ਨੇ ਆਪਣੀ ਖੁਸ਼ੀ ਜ਼ਾਹਰ ਕਰਦੇ ਹੋਏ ਕਿਹਾ, “ਮੈਂ ਇੱਕ ਬਹੁਤ ਹੀ ਖੂਬਸੂਰਤ ਫ਼ਿਲਮ, ਇੱਕ ਸਧਾਰਨ ਅਤੇ ਉਭਰਦੀ ਪ੍ਰੇਮ ਕਹਾਣੀ ਦਾ ਹਿੱਸਾ ਬਣ ਕੇ ਬਹੁਤ ਖੁਸ਼ ਹਾਂ। ਨੀਰੂ ਬਾਜਵਾ ਅਤੇ ਵਾਮਿਕਾ ਗੱਬੀ ਨਾਲ ਪਹਿਲੀ ਵਾਰ ਕੰਮ ਕਰਨਾ ਬਹੁਤ ਵਧੀਆ ਅਨੁਭਵ ਸੀ। ਮੈਨੂੰ ਉਮੀਦ ਹੈ ਕਿ ਦਰਸ਼ਕ ਟਰੇਲਰ ਅਤੇ ਸਾਡੀ ਕੈਮਿਸਟਰੀ ਨੂੰ ਪਸੰਦ ਕਰਨਗੇ।

## ਕਾਵਿ ਵਿਅੰਗ

## ਇਕੱਠ ਦੁਰਕਾਰਿਆਂ ਦਾ !

ਚਾਲ਼ੀ ਮੁਕਤਿਆਂ ਵਾਲ਼ੇ ਅਸਥਾਨ ਲਾਗੇ
‘ਚਾਲ਼ੀ ਚੋਰਾਂ’ ਦੇ ਬੋਲੇ ‘ਜੈਕਾਰਿਆਂ’ ਨੇ।
‘ਦਲ’ ਦੇ ਨਾਮ ਨੂੰ ਹੋਰ ਬਦਨਾਮ ਕਰ’ਤਾ
ਲਾਏ ‘ਟੱਬਰ ਦੀ ਸ਼ਾਨ’ ਵਿੱਚ ਨ੍ਹਾਰਿਆਂ ਨੇ।
ਕਈ ‘ਬਾਪੂਆਂ’ ਮੰਨ ਲਈ ਈਨ ਤਾਂਹੀਂ
ਆਪੋ ਆਪਣੇ ਪੁੱਤਰ–ਮੋਹ ਮਾਰਿਆਂ ਨੇ।
‘ਅਲੀ ਬਾਬੇ’ ਦੇ ਕਾਰੇ ਭੁਲਾਇ ਦਿੱਤੇ
ਮਲਕ ਭਾਗੋ ਦੇ ਨੇੜਲੇ ਪਿਆਰਿਆਂ ਨੇ।
ਕੀਤੇ ‘ਝੂੰਦਾ ਕਮੇਟੀ’ ਨੇ ਫੈਸਲੇ ਜੋ
ਅਣਡਿੱਠ ਕਰ ਦਿੱਤੇ ‘ਹੰਕਾਰਿਆਂ’ ਨੇ।
ਚੌਧਰ ਪਾਰਟੀ ਵਿੱਚ ਦਰਸਾਉਣ ਖਾਤਰ
ਕਰ ਕੇ ’ਕੱਠ ਦਿਖਾਇਆ ਦੁਰਕਾਰਿਆਂ ਨੇ !

**ਤਰਲੋਚਨ ਸਿੰਘ ‘ਦੁਪਾਲ ਪੁਰ’**
78146–92724




# “ਦੇਸ਼ ਦੁਆਬਾ”

## ਹਫਤਾਵਾਰੀ ਅਖਬਾਰ

**ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?**
**ਕੀ ਤੁਸੀਂ ਆਪਣੇ ਵਪਾਰ–ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?**
**ਤਾਂ ਅੱਜ ਹੀ ਇਸ਼ਤਿਹਾਰ “ਦੇਸ਼ ਦੁਆਬਾ” ਵਿਚ ਲਗਵਾਓ।**

## ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ ’ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ–ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ–ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

**E-mail : deshdoaba@yahoo.com**

**(ਸੰਪਰਕ) 1-916-947-8920, (ਫੈਕਸ) 1-916-238-1393**

www.deshdoaba.com www.ambedkartimes.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ ’ਦੇਸ਼ ਦੁਆਬਾ’ ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ‘ਭਾਰਤ ਜੋੜੋ ਯਾਤਰਾ’ ਦੌਰਾਨ ਸੰਤੋਖ ਸਿੰਘ ਚੌਧਰੀ ਦਾ ਹੋਇਆ ਦਿਹਾਂਤ

**ਜਲੰਧਰ (ਜੇ. ਸਿੰਘ ‘ਭਡਿਆਰ’)–** ਪੰਜਾਬ ਦੇ ਜਲੰਧਰ ਤੋਂ ਕਾਂਗਰਸ ਦੇ ਲੋਕ ਸਭਾ ਮੈਂਬਰ ਸੰਤੋਖ ਸਿੰਘ ਚੌਧਰੀ (76) ਦੀ ਭਾਰਤ ਜੋੜੋ ਯਾਤਰਾ ਦੌਰਾਨ ਸ਼ਨੀਵਾਰ ਸਵੇਰੇ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਉਹ ਭਾਰਤ ਜੋੜੋ ਯਾਤਰਾ ’ਚ ਰਾਹੁਲ ਗਾਂਧੀ ਨਾਲ ਪੈਦਲ ਯਾਤਰਾ ਕਰ ਰਹੇ ਸਨ। ਸੰਤੋਖ ਸਿੰਘ ਚੌਧਰੀ ਦਾ ਅੰਤਿਮ ਸੰਸਕਾਰ ਉਨ੍ਹਾਂ ਦੇ ਜੱਦੀ ਪਿੰਡ ਧਾਲੀਵਾਲ ਕਾਦੀਆਂ ਵਿਖੇ ਕਾਲਾ ਸੰਘਿਆਂ ਰੋਡ ’ਤੇ ਸਥਿਤ ਸ਼ਮਸ਼ਾਨਘਾਟ ਵਿਚ ਕਰ ਦਿੱਤਾ ਗਿਆ। ਉਨ੍ਹਾਂ ਦੀ ਅੰਤਿਮ ਯਾਤਰਾ ਜਲੰਧਰ ਸ਼ਹਿਰ ਦੇ ਫੁੱਟਬਾਲ ਚੌਂਕ ਨੇੜੇ ਸਥਿਤ ਘਰ ਤੋਂ ਸ਼ੁਰੂ ਹੋਈ ਸੀ, ਜੋਕਿ ਪਿੰਡ ਧਾਲੀਵਾਲ ਕਾਦੀਆਂ ਵਿਖੇ ਪਹੁੰਚੀ। ਚੌਧਰੀ ਸੰਤੋਖ ਸਿੰਘ ਦੀ ਅਰਥੀ ਨੂੰ ਉਨ੍ਹਾਂ ਦੇ ਵਿਧਾਇਕ ਪੁੱਤਰ ਵਿਕਰਮਜੀਤ ਚੌਧਰੀ ਨੇ ਮੋਢਾ ਦਿੱਤਾ। ਇਸ ਮੌਕੇ ਉਨ੍ਹਾਂ ਨਾਲ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਵੀ ਮੌਜੂਦ ਸਨ। ਪੁੱਤਰ ਵਿਧਾਇਕ ਵਿਕਰਮਜੀਤ ਚੌਧਰੀ ਨੇ ਮੁੱਖ ਅਗਨੀ ਦੇ ਉਨ੍ਹਾਂ ਨੂੰ ਅਲਵਿਦਾ ਕਿਹਾ। ਸੰਤੋਖ ਸਿੰਘ ਚੌਧਰੀ ਦੀ ਅੰਤਿਮ ਯਾਤਰਾ ਦੌਰਾਨ ਰਾਹੁਲ ਗਾਂਧੀ, ਰਾਜਾ ਵੜਿੰਗ, ਸੰਤ ਬਲਬੀਰ ਸਿੰਘ ਸੀਚੇਵਾਲ, ਪ੍ਰਤਾਪ ਸਿੰਘ ਬਾਜਵਾ ਸਣੇ ਕਾਂਗਰਸ ਦੀ ਸਮੂਚੀ ਲੀਡਰਸ਼ਿਪ ਵੀ ਮੌਜੂਦ ਰਹੀ। ਵਾਤਾਵਰਣ ਪ੍ਰੇਮੀ ਪਦਮ ਸ਼੍ਰੀ ਸੰਤ ਬਲਬੀਰ ਸਿੰਘ ਸੀਚੇਵਾਲ ਸੰਸਦ ਮੈਂਬਰ ਚੌਧਰੀ ਸੰਤੋਖ ਸਿੰਘ ਦੇ ਘਰ ਪਹੁੰਚੇ। ਉਨ੍ਹਾਂ ਨੇ ਸੰਸਦ ਮੈਂਬਰ ਦੇ ਪਰਿਵਾਰ ਨਾਲ ਹਮਦਰਦੀ ਪ੍ਰਗਟਾਈ।



ਇੱਥੇ ਜ਼ਿਕਰਯੋਗ ਹੈ ਕਿ ਰਾਹੁਲ ਗਾਂਧੀ ਨੇ 10 ਜਨਵਰੀ ਤੋਂ ਪੰਜਾਬ ਦੀ ਯਾਤਰਾ ਸ਼ੁਰੂ ਕੀਤੀ ਸੀ। ਪਹਿਲੇ ਦਿਨ ਫਤਿਹਗੜ੍ਹ ਸਾਹਿਬ ਤੋਂ ਲੁਧਿਆਣਾ ਦੇ ਖੰਨਾ ਤੱਕ ਦੀ ਯਾਤਰਾ ਕੀਤੀ। ਦੂਜੇ ਦਿਨ ਇਹ ਯਾਤਰਾ ਸਮਰਾਲਾ ਤੋਂ ਸ਼ੁਰੂ ਹੋ ਕੇ ਸਮਰਾਲਾ ਚੌਂਕ ਵਿਖੇ ਜਨ ਸਭਾ ਨਾਲ ਸਮਾਪਤ ਹੋਈ। ਇਸ ਦਿਨ ਰਾਹੁਲ ਗਾਂਧੀ ਸ਼ਾਮ ਨੂੰ ਯਾਤਰਾ ਨਹੀਂ ਕੀਤੀ ਅਤੇ ਉਥੋਂ ਦਿੱਲੀ ਲਈ ਰਵਾਨਾ ਹੋ ਗਏ। 13 ਜਨਵਰੀ ਨੂੰ ਲੋਹੜੀ ਕਾਰਨ ਯਾਤਰਾ ਨਹੀਂ ਕੱਢੀ ਗਈ ਸੀ।

**ਸੰਤੋਖ ਸਿੰਘ ਚੌਧਰੀ ਦਾ ਸਿਆਸੀ ਸਫ਼ਰ**

ਸੰਤੋਖ ਸਿੰਘ ਚੌਧਰੀ ਦਾ ਜਨਮ 18 ਜੂਨ 1946 ਨੂੰ ਜਲੰਧਰ ਜ਼ਿਲ੍ਹੇ ਦੀ ਨਕੋਦਰ ਤਹਿਸੀਲ ’ਚ ਸਥਿਤ ਪਿੰਡ ਧਾਲੀਵਾਲ ਵਿਖੇ ਹੋਇਆ ਸੀ। ਸੰਤੋਖ ਸਿੰਘ ਚੌਧਰੀ ਨੇ ਆਪਣੀ ਮੁਢਲੀ ਸਿੱਖਿਆ 1964 ’ਚ ਡੀਏਵੀ ਸਕੂਲ ਚੰਡੀਗੜ੍ਹ ਤੋਂ ਪ੍ਰਾਪਤ ਕੀਤੀ। ਇਸ ਤੋਂ ਬਾਅਦ ਅਗਲੇਰੀ ਸਿੱਖਿਆ ਡੀਏਵੀ ਕਾਲਜ ਜਲੰਧਰ ਤੋਂ 1968 ਵਿੱਚ ਅਤੇ ਫਿਰ 1972 ਵਿੱਚ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਕੀਤੀ। ਸੰਤੋਖ ਸਿੰਘ ਚੌਧਰੀ ਪੇਸ਼ੇ ਤੋਂ ਵਕੀਲ ਸਨ।

ਸੰਤੋਖ ਸਿੰਘ ਨੇ ਆਪਣਾ ਸਿਆਸੀ ਸਫ਼ਰ 1978 ਵਿੱਚ ਪੰਜਾਬ ਯੂਥ ਕਾਂਗਰਸ ਦੇ ਆਗੂ ਵਜੋਂ ਸ਼ੁਰੂ ਕੀਤਾ ਸੀ। 1978 ਤੋਂ 1982 ਤੱਕ ਉਹ ਪੰਜਾਬ ਯੂਥ ਕਾਂਗਰਸ ਦੇ ਸੀਨੀਅਰ ਮੀਤ ਪ੍ਰਧਾਨ ਰਹੇ। 1987 ਤੋਂ 1995 ਤੱਕ ਜ਼ਿਲ੍ਹਾ ਕਾਂਗਰਸ ਕਮੇਟੀ ਦਿਹਾਤੀ ਦੇ ਪ੍ਰਧਾਨ ਰਹੇ। ਸੰਤੋਖ ਸਿੰਘ ਪਹਿਲੀ ਵਾਰ 1992 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਫਿਲੌਰ ਤੋਂ ਵਿਧਾਇਕ ਚੁਣੇ ਗਏ ਸਨ। ਉਨ੍ਹਾਂ ਨੇ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਖੋਲ੍ਹ ਕੇ ਪੰਜਾਬ ਸਮੇਤ ਦੇਸ਼ ਵਿੱਚ ਹਰੀ ਕ੍ਰਾਂਤੀ ਲਿਆਉਣ ਵਿੱਚ ਅਹਿਮ ਭੂਮਿਕਾ ਨਿਭਾਈ। 1992 ਵਿੱਚ ਪਹਿਲੀ ਜਿੱਤ ਦਰਜ ਕਰਕੇ ਪੰਜਾਬ ਕਾਂਗਰਸ ਵਿਧਾਇਕ ਦਲ ਦੇ ਜਨਰਲ ਸਕੱਤਰ ਵਜੋਂ ਚੁਣੇ ਗਏ। ਸੰਤੋਖ ਸਿੰਘ ਚੌਧਰੀ ਪੰਜਾਬ ਕਾਂਗਰਸ ਦੇ ਦਿੱਗਜ ਆਗੂਆਂ ਵਿੱਚੋਂ ਇੱਕ ਸਨ।

1992 ਤੋਂ 1995 ਤੱਕ ਪੇਂਡੂ ਵਿਕਾਸ ਅਤੇ ਪੰਚਾਇਤਾਂ ਦੇ ਇੰਚਾਰਜ, ਸੰਸਦੀ ਮਾਮਲਿਆਂ ਅਤੇ ਬਿਜਲੀ ਵਿਭਾਗ ਦੇ ਮੁੱਖ ਸੰਸਦੀ ਸਕੱਤਰ ਬਣੇ। ਇਸ ਤੋਂ ਬਾਅਦ ਵਿੱਚ ਉਹ ਪੰਜਾਬ ਸਰਕਾਰ ਵਿੱਚ ਸਿਹਤ ਅਤੇ ਪਰਿਵਾਰ ਭਲਾਈ ਅਤੇ ਖੁਰਾਕ ਅਤੇ ਸਿਵਲ ਸਪਲਾਈ ਦੇ ਕੈਬਨਿਟ ਮੰਤਰੀ ਰਹੇ। ਉਹ ਜਲੰਧਰ ਲੋਕ ਸਭਾ ਹਲਕੇ ਤੋਂ ਐਮਪੀ ਵੀ ਰਹੇ ਹਨ।

# ਅਮਿਤ ਸ਼ਾਹ ਦੀ ਰੈਲੀ ਪੰਜਾਬ ਦੀ ਸਿਆਸਤ 'ਚ ਕਾਇਮ ਕਰੇਗੀ ਨਵਾਂ ਆਯਾਮ: ਡਾ: ਸੁਭਾਸ਼ ਸ਼ਰਮਾ

**ਚੰਡੀਗੜ੍ਹ, 17 ਜਨਵਰੀ–** ਭਾਜਪਾ ਦੇ ਸਾਬਕਾ ਕੌਮੀ ਪ੍ਰਧਾਨ ਅਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਪਟਿਆਲਾ ਵਿਖੇ ਹੋਣ ਵਾਲੀ ਇਤਿਹਾਸਕ ਰੈਲੀ ਦੀਆਂ ਤਿਆਰੀਆਂ ਦਾ ਜਾਇਜ਼ਾ ਲੈਣ ਲਈ ਅੱਜ ਭਾਜਪਾ ਪੰਜਾਬ ਦੇ ਮੀਤ ਪ੍ਰਧਾਨ ਡਾ: ਸੁਭਾਸ਼ ਸ਼ਰਮਾ ਦੀ ਅਗਵਾਈ ਹੇਠ ਭਾਜਪਾ ਦੇ ਸੂਬਾਈ ਅਹੁਦੇਦਾਰਾਂ ਨੇ ਰੈਲੀ ਵਾਲੀ ਥਾਂ ਦਾ ਦੌਰਾ ਕੀਤਾ ਅਤੇ ਰੈਲੀ ਵਾਲੀ ਥਾਂ ਦਾ ਨਿਰੀਖਣ ਕੀਤਾ।



ਡਾ: ਸੁਭਾਸ਼ ਸ਼ਰਮਾ ਨੇ ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਭਾਰਤੀ ਜਨਤਾ ਪਾਰਟੀ ਆਉਣ ਵਾਲੀਆਂ ਲੋਕ ਸਭਾ ਚੋਣਾਂ ਲਈ ਪੂਰੀ ਤਰ੍ਹਾਂ ਤਿਆਰ ਹੈ ਅਤੇ ਸਰਗਰਮ ਹੋ ਚੁੱਕੀ ਹੈ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ 29 ਜਨਵਰੀ, 2023 ਦਿਨ ਐਤਵਾਰ ਨੂੰ ਪਟਿਆਲਾ ਵਿਖੇ ‘ਵੀਰ ਹਕੀਕਤ ਰਾਏ ਗਰਾਊਂਡ’ ਬੱਸ ਸਟੈਂਡ ਨੇੜੇ ਹੋਣ ਵਾਲੀ ਇਸ ਰੈਲੀ ‘ਤੋਂ ਪੰਜਾਬ ਵਿੱਚ ਲੋਕ ਸਭਾ ਚੋਣਾਂ ਦਾ ਬਿਗਲ ਵਜਾਉਣਗੇ ਅਤੇ ਇਹ ਪੰਜਾਬ ਵਿੱਚ ਲੋਕ ਸਭਾ ਚੋਣਾਂ ਦੀ ਪਹਿਲੀ ਰੈਲੀ ਹੋਵੇਗੀ। ਇਸ ਵਿੱਚ ਪਟਿਆਲਾ ਲੋਕ ਸਭਾ ਵਿੱਚ ਪੈਂਦੇ ਸਾਰੇ ਵਿਧਾਨ ਸਭਾ ਹਲਕਿਆਂ ਤੋਂ ਭਾਜਪਾ ਵਰਕਰ ਅਤੇ ਆਮ ਲੋਕ ਸ਼ਮੂਲੀਅਤ ਕਰਨਗੇ। ਅਮਿਤ ਸ਼ਾਹ ਆਪਣੇ ਪਟਿਆਲਾ ਪ੍ਰਵਾਸ ਦੌਰਾਨ ਗੁਰ-ਦੁਆਰਾ ਦੂਖ ਨਿਵਾਰਨ ਸਾਹਿਬ ਅਤੇ ਪ੍ਰਸਿੱਧ ਮਾਤਾ ਕਾਲੀ ਦੇਵੀ ਮੰਦਿਰ ਵਿੱਚ ਵੀ ਮੱਥਾ ਟੇਕਣਗੇ। ਸ਼ਰਮਾ ਨੇ ਕਿਹਾ ਕਿ ਪਟਿਆਲਾ ਲੋਕ ਸਭਾ ਪ੍ਰਭਾਰੀ ਅਤੇ ਕੇਂਦਰੀ ਸਿਹਤ ਮੰਤਰੀ ਮਨਸੁਖ ਮੰਡਾਵੀਆ 28 ਜਨਵਰੀ ਨੂੰ ਪਟਿਆਲਾ ਪਹੁੰਚਣਗੇ ਅਤੇ ਅਮਿਤ ਸ਼ਾਹ ਦੀ ਰੈਲੀ ਦੇ ਕੰਮਾਂ ਦਾ ਜਾਇਜ਼ਾ ਲੈਣਗੇ। ਉਨ੍ਹਾਂ ਸਮੂਹ ਵਰਕਰਾਂ ਨੂੰ ਇਸ ਰੈਲੀ ਵਿੱਚ ਵੱਡੀ ਗਿਣਤੀ ਵਿੱਚ ਪਹੁੰਚਣ ਦਾ ਸੱਦਾ ਦਿੱਤਾ।

# ਪਿੰਡ ਨੰਗਲਾਂ ਦੇ ਗਰੀਬ ਲੋਕਾਂ ਨੂੰ ਮਿਲੀਆਂ ਕਲੋਨੀਆਂ ਤੇ ਧੱਕਾ ਵੇਖ ਕੇ ਬਸਪਾ ਜਬਰਦਸਤ ਐਕਸ਼ਨ ਲਵੇਗੀ

**ਸੜੋਆ (ਸਤਨਾਮ ਸਿੰਘ ਸਹੂੰਗੜਾ)** ਪਿੰਡ ਨੰਗਲਾਂ ਤਹਿਸੀਲ ਗੜ੍ਹਸ਼ੰਕਰ ਜਿਲਾ ਹੁਸ਼ਿਆਰਪੁਰ ਵਿਖੇ ਸ਼੍ਰੀ ਗੁਰਲਾਲ ਸੈਲਾ ਜਨਰਲ ਸਕੱਤਰ ਬਹੁਜਨ ਸਮਾਜ ਪਾਰਟੀ ਦੀ ਅਗਵਾਈ ਵਿੱਚ ਪਿੰਡ ਵਾਸੀਆਂ ਵਿੱਚ ਦਲਿਤ ਭਾਈਚਾਰੇ ਦੀ ਇੱਕ ਵਿਸ਼ੇਸ਼ ਮੀਟਿੰਗ ਕੀਤੀ ਗਈ। ਜਿਸ ਨੂੰ ਸੰਬੋਧਨ ਕਰਦਿਆ ਹੋਇਆ ਗੁਰਲਾਲ ਸੈਲਾ ਨੇ ਆਖਿਆ ਕਿ ਇਸ ਪਿੰਡ ਦੇ ਦਲਿਤ ਭਾਈਚਾਰੇ ਨੂੰ ਪੰਜਾਬ ਸਰਕਾਰ ਵਲੋਂ ਅੱਜ ਤੋਂ ਪੰਜਾਹ ਸਾਲ ਪਹਿਲਾਂ ਕਲੋਨੀਆਂ ਅਲਾਟ ਕੀਤੀਆਂ ਸਨ। ਜਿਹਨਾਂ ਦਾ ਮਾਲ ਵਿਭਾਗ ਵਲੋਂ ਉਨ੍ਹਾਂ ਨੂੰ ਮਾਲਕਾਨਾ ਹੱਕ ਵੀ ਦਿੱਤਾ ਗਿਆ ਹੈ। ਜਿਸ ਦਾ ਇੰਤਕਾਲ ਅਤੇ ਜਮ੍ਹਾਬੰਦੀ ਵੀ ਹੋ ਚੁੱਕੀ ਹੈ। ਅਤੇ ਅਗਰ ਕਿਸੇ ਨੂੰ ਅੱਜ ਦੀ ਤਾਰੀਖ ਵਿੱਚ ਫਰਦ ਦੀ ਜਰੂਰਤ ਹੋਵੇ ਤਾਂ ਲੋੜਵੰਦ ਨੂੰ ਸਰਕਾਰ ਵਲੋਂ ਮਿਲੇ ਹੋਏ ਪਲਾਟ ਦੀ ਸੇਵਾ ਕੇਂਦਰ ਤੋਂ ਤੁਰੰਤ ਫਰਦ ਮਿਲ ਜਾਂਦੀ ਹੈ। ਇਸ ਮਾਲਕਾਨਾ ਹੱਕ ਤੇ ਇਸ ਸਮੇਂ ਪਿੰਡ ਨੰਗਲਾਂ ਦੀ ਲੇਡੀ ਸਰਪੰਚ ਦਾ ਪਤੀ ਸਰਦਾਰ ਮੋਹਣ ਸਿੰਘ ਜੋ ਕਿ ਕਾਂਗਰਸ ਪਾਰਟੀ ਨਾਲ ਸਬੰਧਤ ਹੋਣ ਤੇ ਸਾਬਕਾ ਵਿਧਾਇਕ ਲਵ ਕੁਮਾਰ ਗੋਲਡੀ ਦਾ ਖਾਸਮਖਾਸ ਹੋਣ ਕਰਕੇ, ਸਰਪੰਚੀ ਦੀਆਂ ਨਜ਼ਾਇਜ ਪਾਵਰਾਂ ਵਰਤਦਾ ਹੈ। ਇਹਨਾਂ ਦਲਿਤ ਪਰਿਵਾਰਾਂ ਦੀਆਂ ਕਲੋ-ਨੀਆਂ ਦੀ ਉਸਾਰੀ ਨਹੀਂ ਹੋਣ ਦਿੰਦਾ। 30 ਕਲੋਨੀਆਂ ਵਿੱਚੋਂ ਪਿੰਡ ਦੇ ਕੁੱਝ ਦਲਿਤ ਪਰਿਵਾਰਾਂ ਵਲੋਂ ਆਪਣਾ ਕਬਜ਼ਾ ਕਰ ਲਿਆ ਗਿਆ ਹੈ ਤੇ ਇਹ ਸਰਦਾਰ ਮੋਹਣ ਸਿੰਘ ਬਾਕੀ ਪਰਿਵਾਰਾਂ ਦੇ ਪਲਾਟਾ ਤੇ ਮਕਾਨ ਨਹੀਂ ਬਣਨ ਦਿੰਦਾ ਤੇ ਬਾਕੀ ਬਣੀਆਂ ਕਲੋਨੀਆਂ ਨੂੰ ਢਾਹੁਣ ਦੀ ਧਮਕੀ ਦਿੰਦਾ ਹੈ। ਪਿੰਡ ਦੇ ਦਲਿਤ ਪਰਿਵਾਰਾਂ ਨੇ ਮਾਨਯੋਗ ਡੀ. ਸੀ. ਹੁਸ਼ਿਆਰਪੁਰ ਤੇ ਮਾਨਯੋਗ ਕੇਂਦਰੀ ਐਸ ਸੀ ਕਮਿਸ਼ਨ ਨੂੰ ਵੀ ਲਿਖਤੀ ਬੇਨਤੀ ਕੀਤੀ ਹੈ। ਪਰ ਇਹ ਵਿਆਕਤੀ ਆਪਣਾ ਰਾਜਨੀਤਕ ਅਸਰ ਰਸੂਖ ਵਰਤਦੇ ਹੋਏ ਉਨ੍ਹਾਂ ਦੇ ਪੈਰ ਨਹੀਂ ਲੱਗਣ ਦਿੰਦਾ। ਪੰਚਾਇਤੀ ਵਿਭਾਗ ਗੜ੍ਹਸ਼ੰਕਰ ਦੇ ਅਧਿਕਾਰੀ ਤੇ ਉਨ੍ਹਾਂ ਦਾ ਅਧੀਨ ਸਟਾਫ ਇਹਨਾਂ ਗਰੀਬਾਂ ਦੀ ਕੋਈ ਸੁਣਵਾਈ ਨਹੀਂ ਕਰ ਰਿਹਾ।



ਇਸ ਲਈ ਇਹ ਮਾਮਲਾ ਪਿੰਡ ਨੰਗਲਾਂ ਦੇ ਦਲਿਤ ਭਾਈਚਾਰੇ ਵਲੋਂ ਬਹੁਜਨ ਸਮਾਜ ਪਾਰਟੀ ਦੇ ਸੀਨੀਅਰ ਆਗੂਆ ਦੇ ਧਿਆਨ ਵਿੱਚ ਲਿਆਂਦਾ। ਪਿੰਡ ਦੇ ਗਰੀਬ ਲੋਕਾਂ ਵਲੋਂ ਬਾਕੀ ਸਾਰੀਆਂ ਪਾਰਟੀਆਂ ਦੇ ਲੀਡਰਾਂ ਨੂੰ ਦਰਕਿਨਾਰ ਕਰਦਿਆਂ ਅੱਗੇ ਤੋਂ ਬਹੁਜਨ ਸਮਾਜ ਪਾਰਟੀ ਦੇ ਹੱਕ ਵਿੱਚ ਲਾਮਬੰਦ ਹੋਣ ਦਾ ਵੀ ਆਏ ਹੋਏ ਆਗੂਆਂ ਨੂੰ ਭਰੋਸਾ ਦਿੱਤਾ। ਗਰੀਬ ਲੋਕਾਂ ਤੇ ਹੋ ਰਹੇ ਧੱਕੇ ਨੂੰ ਮੁੱਖ ਰੱਖਦਿਆਂ ਬਹੁਜਨ ਸਮਾਜ ਪਾਰਟੀ ਦੀ ਤਰਫੋਂ ਪਿੰਡ ਨੰਗਲਾਂ ਵਿੱਚ ਪਹੁੰਚ ਕੇ ਉਹਨਾਂ ਦੇ ਨਾਲ ਖੜਨ ਦਾ ਮੀਟਿੰਗ ਕਰਕੇ ਭਰੋਸਾ ਦਿੱਤਾ। ਅਤੇ ਸਮੁੱਚੀ ਲੀਡਰਸ਼ਿਪ ਵਲੋਂ ਇਸ ਧੱਕੇਸ਼ਾਹੀ ਵਿਰੁੱਧ ਲੜਨ ਦਾ ਸੰਕਲਪ ਲਿਆ ਹੈ।

ਇਸ ਸਬੰਧੀ ਸਭ ਤੋਂ ਪਹਿਲਾਂ ਪੰਚਾਇਤੀ ਵਿਭਾਗ ਗੜ੍ਹਸ਼ੰਕਰ ਨਾਲ ਗੱਲਬਾਤ ਕੀਤੀ ਜਾਵੇਗੀ ਤੇ ਫਿਰ ਸਟੈਪ ਬਾਈ ਸਟੈਪ ਇਨਸਾਫ ਮਿਲਣ ਤੱਕ ਐਕਸ਼ਨ ਉਲਿਕਿਆ ਜਾਵੇਗਾ ਤੇ ਹਰ ਹੀਲੇ ਪਿੰਡ ਨੰਗਲਾਂ ਦੇ ਦਲਿਤ ਪਰਿਵਾਰਾਂ ਨੂੰ ਇਨਸਾਫ ਦੁਆਇਆ ਜਾਵੇਗਾ। ਇਸ ਮੌਕੇ ਤੇ ਸ਼੍ਰੀ ਗੁਰਲਾਲ ਸੈਲਾ ਜਨਰਲ ਸਕੱਤਰ ਬਹੁਜਨ ਸਮਾਜ ਪਾਰਟੀ ਪੰਜਾਬ ਦੇ ਨਾਲ ਜਿਲ੍ਹਾ ਆਰਗੇਨਾਈਜਰ ਸਕੱਤਰ ਰਣਵੀਰ ਬੱਬਰ,ਹਲਕਾ ਇੰਚਾਰਜ ਹਰਦੇਵ ਸਿੰਘ, ਪ੍ਰਧਾਨ ਅਮਰਜੀਤ ਗੱਡੂ, ਸੈਕਟਰ ਪ੍ਰਧਾਨ ਰਾਮਯਸ ਚੱਕਗੁਰੂ, ਚੈਨ ਰਾਮ ਨੰਬਰਦਾਰ ਤੇ ਪ੍ਰੇਮ ਸਿੰਘ ਸਦਰਪੁਰ ਆਦਿ ਤੇ ਪੀੜਤ ਲੋਕ ਸਮੇਤ ਪਰਿਵਾਰ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# ਤੱਪ ਅਸਥਾਨ ਸ਼੍ਰੀ ਖੁਰਾਲਗੜ੍ਹ ਸਾਹਿਬ ਵਿਖੇ ਬਣ ਰਹੇ ਨਵੇਂ ਗੁਰੂਘਰ ਦੇ ਮੇਨ ਦਰਵਾਜੇ ਲਈ ਸਰਪੰਚ ਅਵਤਾਰ ਸਿੰਘ ਵਲੋਂ ਇੱਕ ਕਿੱਲੋ ਚਾਂਦੀ ਤੇ 15,000 ਰੁਪਏ ਦਾਨ ਕੀਤੇ

**ਸੜੋਆ (ਸਤਨਾਮ ਸਿੰਘ ਸਹੂੰਗੜਾ)** ਬੀਤੇ ਦਿਨ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਤੱਪ ਭੂਮੀ ਤੱਪ ਅਸਥਾਨ ਸ਼੍ਰੀ ਖੁਰਾਲਗੜ੍ਹ ਸਾਹਿਬ ਵਿਖੇ ਸੰਗਤ ਵਲੋਂ ਇੱਕ ਕਿੱਲੋ ਚਾਂਦੀ ਤੇ 15,000 ਰੁਪਏ ਨਗਦ ਦਾਨ ਕੀਤੇ। ਗੁਰੂ ਘਰ ਦੇ ਪ੍ਰਧਾਨ ਤੇ ਮੁੱਖ ਸੇਵਾਦਾਰ ਜੱਥੇਦਾਰ ਸਰਦਾਰ ਕੇਵਲ ਸਿੰਘ ਵਲੋਂ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਿੰਡ ਮਜਾਰੀ (ਜਿਲ੍ਹਾ ਸ਼.ਭ.ਸ ਨਗਰ) ਤੋਂ ਹਰ ਸਾਲ ਸੰਗਤ ਰੂਪ ਵਿੱਚ ਆਉਂਦੇ ਸਰਪੰਚ ਅਵਤਾਰ ਸਿੰਘ ਤੇ ਸਰਦਾਰ ਜਗਤਾਰ ਸਿੰਘ ਵਲੋਂ ਜਦੋਂ ਦਾ ਨਕਸ਼ੇ ਮੁਤਾਬਕ ਨਵੇਂ ਗੁਰੂ ਘਰ ਦਾ ਕੰਮ ਚੱਲ ਰਿਹਾ ਹੈ,ਉਸ ਵੇਲੇ ਤੋਂ ਸਮੇਂ ਸਮੇ ਤੇ ਗੁਰੂਘਰ ਵਿਖੇ





ਹਾਜ਼ਰੀਆਂ ਲਗਵਾਉਂਦੇ ਹਨ ਤੇ ਸ਼ਰਧਾ ਮੁਤਾਬਕ ਆਪਣੀ ਕਮਾਈ ਵਿੱਚੋਂ ਤਿਲ ਫੁਲ ਭੇਂਟ ਵੀ ਕਰ ਜਾਂਦੇ ਹਨ। ਉਹਨਾਂ ਦੱਸਿਆ ਕਿ ਬਣ ਰਹੇ ਨਵੇਂ ਗੁਰੂਘਰ ਦੇ ਮੁੱਖ ਦਰਵਾਜੇ ਨੂੰ ਸੰਗਤਾਂ ਦੀ ਖੁਆਇਸ਼ ਅਨੁਸਾਰ ਵਧੀਆ ਲੱਕੜ ਲਗਾ ਕੇ ਉਸ ਉੱਪਰ ਚਾਂਦੀ ਦੇ ਪੱਤਰੇ ਲਗਾਏ ਜਾਣੇ ਹਨ। ਇਸ ਕੰਮ ਵਾਸਤੇ ਕਾਰੀਗਰਾਂ ਦੇ ਦੱਸਣ ਮੁਤਾਬਕ 65 ਕਿੱਲੋ ਚਾਂਦੀ ਦੀ ਜਰੂਰਤ ਹੈ। ਗੁਰੂਘਰ ਦੇ ਪ੍ਰਬੰਧਕਾਂ ਦੀ ਸਮੁੱਚੀ ਟੀਮ ਵਲੋਂ ਤੇ ਗੁਰੂਘਰ ਵਲੋਂ ਹਰ ਸਮੇਂ ਆਉਣ ਵਾਲੀ ਸੰਗਤ ਨੂੰ ਇਸ ਕੰਮ ਵਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਇਸ ਨਵੇਂ ਦਰਵਾਜੇ ਦੀ ਲੰਬਾਈ 13 ਫੁੱਟ ਤੇ ਚੌੜਾਈ 8 ਫੁੱਟ ਸੰਗਤਾਂ ਦੀ ਆਮਦ ਨੂੰ ਵੇਖ ਕੇ ਰੱਖੀ ਗਈ ਹੈ।ਸੋ ਇਸ ਕਾਰਜ ਨੂੰ ਮੁੱਖ ਰੱਖਦਿਆਂ ਹੋਇਆਂ ਅੱਜ ਪਿੰਡ ਮਜਾਰੀ ਦੇ ਸਰਪੰਚ ਅਵਤਾਰ ਸਿੰਘ ਤੇ ਉਹਨਾਂ ਦੇ ਭਰਾ ਵਲੋਂ 1 ਕਿੱਲੋ ਚਾਂਦੀ ਤੇ 15,000 ਰੁਪਏ ਨਗਦ ਭੇਂਟ ਕੀਤੇ। ਦਾਨੀ ਪਰਿਵਾਰ ਨੂੰ ਗੁਰੂਘਰ ਵਲੋਂ ਸਿਰੋਪਾਓ ਤੇ ਨਵੇਂ ਬਣ ਰਹੇ ਗੁਰੂਘਰ ਦੇ ਫੋਟੋ ਵੀ ਦਿੱਤੇ ਗਏ। ਇਸ ਮੌਕੇ ਤੇ ਪ੍ਰਧਾਨ ਜੱਥੇਦਾਰ ਕੇਵਲ ਸਿੰਘ, ਹੈਡ ਗ੍ਰੰਥੀ ਨਰੇਸ਼ ਸਿੰਘ, ਗੁਰਮੁੱਖ ਸਿੰਘ, ਸੱਤਪਾਲ ਸਿੰਘ ਤੇ ਸੁਖਦੇਵ ਸਿੰਘ ਸਮੇਤ ਦਾਨੀ ਪੂਰਾ ਪਰਿਵਾਰ ਵੀ ਹਾਜ਼ਰ ਸੀ।

# ਸਤਿਗੁਰ ਰਵਿਦਾਸ ਜੀ ਦਾ ਪ੍ਰਕਾਸ਼ ਪੂਰਬ ਮਨਾਉਣ ਸਬੰਧੀ ਕੀਤੀ ਬੈਠਕ

**ਲਸਾੜਾ/ਉੜਾਪੜ (ਬੱਗਾ ਸੇਲਕੀਆਣਾ)–** ਪਿੰਡ ਲਸਾੜਾ ਵਿਖੇ ਸਤਿਗੁਰ ਰਵਿਦਾਸ ਮਹਾਰਾਜ ਜੀ ਦਾ 646ਵਾਂ ਪ੍ਰਗਟ ਦਿਵਸ ਸਮੂੰਹ ਪ੍ਰਬੰਧਕ ਕਮੇਟੀ ,ਐਨਆਰਆਈਜ ਤੇ ਸਮੂਹ ਸੰਗਤਾਂ ਦੇ ਸਹਿਜੋਗ ਨਾਲ ਮਨਾਇਆ ਜਾ ਰਿਹਾ ਹੈ ਇਸ ਸਬੰਧੀ ਵਿਸੇਸ਼ ਮੀਟਿੰਗ ਗੁਰਦੁਆਰਾ ਸੁੱਖ ਸਾਗਰ ਵਿਖੇ ਹੋਈ ਜਾਣਕਾਰੀ ਦਿੰਦੇ ਹੋਏ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਾਸਟਰ ਮੰਗਲ ਦਾਸ ਨੇ ਦੱਸਿਆ ਕਿ ਇੱਕ ਫਰਵਰੀ ਨੂੰ ਪਹਿਲੀ ਪ੍ਰਭਾਤ ਫੇਰੀ ਕੱਢੀ ਜਾਵੇਗੀ ਤੇ 10 ਫਰਵਰੀ ਨੂੰ ਸ਼੍ਰੀ ਆਖੰਡ ਪਾਠ ਸਾਹਿਬ ਆਰੰਭ ਹੋਣਗੇ 11ਫਰਵਰੀ ਨੂੰ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਪੰਜਾਂ ਪਿਆਰਿਆ ਦੀ ਯੋਗ ਅਗਵਾਈ ਚ ਵਿਸ਼ਾਲ ਨਗਰ ਕੀਰਤਨ ਸਜਾਇਆ ਜੋਵੇਗਾ ਜਿਸ ਵਿੱਚ ਪ੍ਰਸਿੱਧ ਰਾਗੀ ਢਾਡੀ ਤੇ ਕੀਰਤਨੀ ਜਥੇ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਨਗੇ ਤੇ 12ਫਰਵਰੀ ਨੂੰ ਸ਼੍ਰੀ ਆਂਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ ਉਪਰੰਤ ਧਾਰਮਿਕ ਸਮਾਗਮ ਹੋਣਗੇ ਜਿਸ ਵਿੱਚ ਪ੍ਰਸਿੱਧ ਕੀਰਤਨੀ ਜਥੇ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਨਗੇ ਤੇ ਦਾਨੀ ਸੰਗਤਾਂ ਦਾ ਵਿਸੇਸ਼ ਸਨਮਾਨ ਕੀਤਾ ਜਾਵੇਗਾ ਸੰਗਤਾਂ ਵਾਸਤੇ ਚਾਹ ਪਕੋੜੇ ਤੇ ਗੁਰੂ ਕੇ ਲੰਗਰ ਵਰਤਾਏ ਜਾਣਗੇ।



# ਸ੍ਰੀ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਦਿਹਾੜੇ ਸਬੰਧੀ ਬਲਾਕ ਪੱਧਰੀ ਨਗਰ ਕੀਰਤਨ ਦਾ ਪੋਸਟਰ ਜਾਰੀ



**ਭੋਗਪੁਰ, (ਜਲੰਧਰ) (ਚਰਨਜੀਤ ਸਿੰਘ ਬਿਨਪਾਲਕ)–** ਸ੍ਰੀ ਗੁਰੂ ਰਵਿਦਾਸ ਨਗਰ ਕੀਰਤਨ ਸਭਾ ਬਲਾਕ ਭੋਗਪੁਰ ਦਾ ਪੋਸਟਰ ਪਿੰਡ ਮੋਗਾ ਵਿਖੇ ਸਮੂਹ ਸੰਗਤਾਂ ਦੀ ਹਾਜ਼ਰੀ ਵਿੱਚ ਰਿਲੀਜ਼ ਕੀਤਾ ਗਿਆ। ਇਸ ਮੌਕੇ ਤਾਰੀ ਲਾਲ ਮਹਿਮੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸ੍ਰੀ ਗੁਰੂ ਰਵਿਦਾਸ ਜੀ ਦੇ 646 ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਭੋਗਪੁਰ ਦਾ 26ਵਾਂ ਬਲਾਕ ਪੱਧਰੀ ਨਗਰ ਕੀਰਤਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਹਜ਼ੂਰੀ ਵਿਚ ਪਿੰਡ ਮੋਗਾ ਤੋਂ ਮਿਤੀ 04-02-2023 ਨੂੰ ਅਰੰਭ ਹੋਵੇਗਾ। ਇਹ ਨਗਰ ਕੀਰਤਨ ਪਿੰਡ ਮੋਗਾ ਦੀ ਪ੍ਰਕਰਮਾਂ ਕਰਦਾ ਮੁਹੱਲਾ ਪੁਰਾਣੀ ਆਬਾਦੀ ਭੋਗਪੁਰ, ਮੁਹੱਲਾ ਨਵੀਂ ਆਬਾਦੀ ਭੋਗਪੁਰ, ਪਿੰਡ ਡੱਲੀ, ਸੱਧਾ ਚੱਕ, ਘੋੜਾਵਾਹੀ, ਕਿੰਗਰਾ, ਲੁਹਾਰਾਂ, ਚੱਕ-ਝੰਡੂ, ਲਾਹਦੜਾ, ਨੰਗਲ ਅਰਾਈਆਂ, ਬਿਨਪਾਲਕੇ, ਮੁਹੱਲਾ ਸ੍ਰੀ ਗੁਰੂ ਰਵਿਦਾਸ ਨਗਰ ਭੋਗਪੁਰ ਤੋਂ ਹੋ ਕੇ ਵਾਪਸ ਪਿੰਡ ਮੋਗਾ ਵਿਖੇ ਸੰਪਨ ਹੋਵੇਗਾ। ਹਰੇਕ ਸਾਲ ਦੀ ਤਰਾਂ ਨਗਰ ਕੀਰਤਨ ਦੀਆਂ ਸੰਗਤਾਂ ਵਾਸਤੇ ਗੁਰੂ ਕੇ ਲੰਗਰਾਂ ਦੀ ਵਿਸ਼ੇਸ਼ ਸੇਵਾ ਪਿੰਡ ਡੱਲੀ ਦੀਆਂ ਸੰਗਤਾਂ ਵੱਲੋਂ ਕੀਤੀ ਜਾਵੇਗੀ। ਇਸ ਮੀਟਿੰਗ ਵਿਚ ਸਰਵ ਸ੍ਰੀ ਰਾਕੇਸ਼ ਬੱਗਾ, ਪਰਮਜੀਤ ਸਿੰਘ, ਮੋਹਣ ਲਾਲ, ਰਾਮ ਲਾਲ, ਕ੍ਰਿਸ਼ਨ ਲਾਲ, ਵਿਪਨ ਕੁਮਾਰ, ਕਮਲਜੀਤ ਸਿੰਘ, ਹਰਜੀਤ ਸਿੰਘ, ਕੁਲਵਿੰਦਰ ਕੁਮਾਰ, ਕੁਲਵੰਤ ਸਿੰਘ, ਵਿਪਨ ਕੁਮਾਰ, ਗੁਰਮੀਤ ਕੌਰ, ਕਮਲਜੀਤ ਕੌਰ, ਵਿਦਿਆ, ਰਣਜੀਤ ਕੌਰ, ਪਰਮਜੀਤ ਕੌਰ, ਕਮਲੇਸ਼ ਕੌਰ, ਚਰਨਜੀਤ ਸਿੰਘ, ਰਾਜਵੀਰ, ਸਵਰਨਾ ਰਾਮ, ਬਲਵੀਰ ਸਿੰਘ, ਸੋਨੀ ਲਾਲ, ਗੁਰਦਿਆਲ, ਮੰਗਲ ਦਾਸ, ਰਿੰਕੂ ਅਤੇ ਹੋਰ ਮੈਬਰਾਂ ਨੇ ਭਾਗ ਲਿਆ।

# ਰਾਏਪੁਰ ਡੱਬਾ ਓਲੰਪਿਕ ਰੈਸਲਿੰਗ ਅਕੈਡਮੀ ਪਰਮ ਨਗਰ ਵਿਖੇ ਸ਼ੁਰੂ ਕਰਵਾਏ ਗੁਰਿੰਦਰਜੀਤ ਯਾਦਗਾਰੀ ਕੁਸ਼ਤੀ ਮੁਕਾਬਲੇ

## ਕੋਚ ਪੀ.ਆਰ. ਸੌਂਧੀ ਵਲੋਂ ਕੁਸ਼ਤੀ ਨੂੰ ਪ੍ਰਫੁੱਲਤ ਕਰਨ ਲਈ ਕੀਤੇ ਜਾ ਰਹੇ ਉਪਰਾਲੇ ਦੀ ਸ਼ਲਾਘਾਯੋਗ - ਬਸਰਾ

**ਫਗਵਾੜਾ 17 ਜਨਵਰੀ (ਬੀ.ਕੇ.ਰੱਤੂ)–** ਰਾਏਪੁਰ ਡੱਬਾ ਓਲੰਪਿਕ ਰੈਸਲਿੰਗ ਅਕੈਡਮੀ ਪਰਮ ਨਗਰ ਖੋਥੜਾਂ ਰੋਡ ਫਗਵਾੜਾ ਵਿਖੇ ਗੁਰਿੰਦਰਜੀਤ ਮੈਮੋਰੀਅਲ ਸਪੋਰਟਸ ਕਲੱਬ ਅਤੇ ਯੰਗ ਸਪੋਰਟਸ ਕਲੱਬ ਮੇਹਲੀ ਵਲੋਂ ਗੁਰਿੰਦਰਜੀਤ ਯਾਦਗਾਰੀ ਕੁਸ਼ਤੀ ਮੁਕਾਬਲੇ ਸਮੂਹ ਨਗਰ ਨਿਵਾਸੀਆਂ ਤੇ ਐਨ. ਆਰ. ਆਈ. ਵੀਰਾਂ ਦੇ ਸਹਿਯੋਗ ਨਾਲ ਸ਼ੁਰੂ ਕਰਵਾਏ ਗਏ। ਅੱਜ ਪਹਿਲੇ ਦਿਨ ਬੱਚਿਆਂ ਦੇ ਕੁਸ਼ਤੀ ਮੁਕਾਬਲੇ ਹੋਏ। ਜਿਸ ਵਿਚ ਕਰੀਬ 60 ਬੱਚਿਆਂ ਨੇ ਹਿੱਸਾ ਲਿਆ। ਇਸ ਦੌਰਾਨ ਬਤੌਰ ਮੁੱਖ ਮਹਿਮਾਨ ਪਹੁੰਚੇ ਅਵਤਾਰ ਸਿੰਘ ਬਸਰਾ ਕਨੇਡਾ ਅਤੇ ਹਰਮਨ ਬਸਰਾ ਯੂ.ਐਸ.ਏ. ਵਲੋਂ ਨਗਦ ਰਾਸ਼ੀ ਭੇਂਟ ਕਰਕੇ ਹੌਸਲਾ ਅਫਜਾਈ ਕੀਤੀ ਗਈ। ਮੁੱਖ ਮਹਿਮਾਨਾਂ ਨੇ ਅਕੈਡਮੀ ਦੇ ਸੰਚਾਲਕ ਅਤੇ ਸਾਬਕਾ ਇੰਟਰਨੈਸ਼ਨਲ ਕੁਸ਼ਤੀ ਕੋਚ ਪੀ.ਆਰ. ਸੌਂਧੀ ਵਲੋਂ ਕੁਸ਼ਤੀ ਨੂੰ ਪ੍ਰਫੁੱਲਤ ਕਰਨ ਲਈ ਕੀਤੇ ਜਾ ਰਹੇ ਉਪਰਾਲੇ ਦੀ ਸ਼ਲਾਘਾ ਕੀਤੀ। ਇਹਨਾਂ ਕੁਸ਼ਤੀ ਮੁਕਾਬਲਿਆਂ ਦੇ ਸੰਚਾਲਕ ਅਤੇ ਅੰਤਰ ਰਾਸ਼ਟਰੀ ਪਹਿਲਵਾਨ ਅਮਰੀਕ ਸਿੰਘ ਮੇਹਲੀ ਨੇ ਦੱਸਿਆ ਕਿ ਫਾਈਨਲ ਮੁਕਾਬਲੇ 18 ਜਨਵਰੀ ਦਿਨ ਬੁੱਧਵਾਰ ਨੂੰ ਮੇਹਲੀ ਵਿਖੇ ਕਰਵਾਏ ਜਾਣਗੇ। ਜਿਸ ਵਿਚ ਅੰਤਰ-ਰਾਸ਼ਟਰੀ ਪੱਧਰ ਦੇ ਪਹਿਲਵਾਨ ਵੀ ਹਿੱਸਾ ਲੈਣਗੇ। ਲੜਕੀਆਂ ਦੀਆਂ ਕੁਸ਼ਤੀਆਂ ਵਿਸ਼ੇਸ਼ ਖਿੱਚ ਦਾ ਕੇਂਦਰ ਹੋਣਗੀਆਂ। ਇਸ ਮੌਕੇ ਰਵਿੰਦਰ ਨਾਥ ਕੋਚ, ਵਿਸ਼ਾਲ ਨੰਨ੍ਹਾ ਡਡਵਾਲ, ਸੱਬਾ ਸੰਘਾ, ਯੁਵਰਾਜ, ਰੀਤ ਪ੍ਰੀਤ ਪਾਲ ਸਿੰਘ ਪੀ.ਆਰ.ਓ. ਪੰਜਾਬ ਰੈਸਲਿੰਗ ਐਸੋਸੀਏਸ਼ਨ ਤੋਂ ਇਲਾਵਾ ਮੈਂਬਰ ਪੰਚਾਇਤ ਕਮਲਜੀਤ ਸਿੰਘ, ਹਰਨੇਕ ਸਿੰਘ ਮੇਹਲੀ, ਅਮਰਪ੍ਰੀਤ ਸਿੰਘ ਮੇਹਲੀ, ਜਗਤਾਰ ਸਿੰਘ ਸ਼ੋਕਰ ਸਰਪੰਚ ਮਜਾਰੀ, ਮਾਸਟਰ ਗੁਰਨਾਮ ਰਾਮ ਭਰੋਮਜਾਰਾ, ਕੋਚ ਬਲਵੀਰ ਸੌਂਧੀ, ਹਰਮੇਸ਼ ਲਾਲ ਆਦਿ ਹਾਜਰ ਸਨ।



# ਡਾ.ਬੀ.ਆਰ.ਅੰਬੇਡਕਰ ਸਭਾ ਕੁਵੈਤ ਦੇ ਪ੍ਰਧਾਨ ਮਲਕੀਤ ਮੁਠੱਡਾ ਨੇ ਟੀਮ ਧੱਮਾ ਫੈਡਰੇਸ਼ਨ ਨੂੰ ਦਿੱਤਾ ਗਿਆਰਾਂ ਹਜ਼ਾਰ ਦਾ ਸਹਿਯੋਗ



**ਫਗਵਾੜਾ 17 ਜਨਵਰੀ (ਬੀ.ਕੇ.ਰੱਤੂ)–** ਬਹੁਜਨ ਅੰਦੋਲਨ ਨੂੰ ਜਨ ਜਨ ਤਕ ਪਹੁੰਚਾਉਣ ਲਈ ਵਚਨਬੱਧ ਜੱਥੇਬੰਦੀ ਡਾ.ਬੀ.ਆਰ.ਅੰਬੇਡਕਰ ਮਿਸ਼ਨਰੀ ਸਭਾ ਕੁਵੈਤ ਦੇ ਪ੍ਰਧਾਨ ਮਲਕੀਤ ਮੁਠੱਡਾ ਨੇ ਆਪਣੀ ਸਪੁੱਤਰੀ ਦੇ ਵਿਆਹ ਦੀ ਖੁਸ਼ੀ ਵਿੱਚ ਟੀਮ ਧੱਮਾ ਫੈਡਰੇਸ਼ਨ ਆਫ਼ ਇੰਡੀਆ ਦੇ ਆਗੂਆਂ ਨੂੰ ਧੱਮ ਅਤੇ ਮਿਸ਼ਨਰੀ ਗਤੀਵਿਧੀਆਂ ਨੂੰ ਹੋਰ ਤੇਜ਼ ਕਰਨ ਲਈ 11,000/- ਰੁਪਏ ਆਰਥਿਕ ਸਹਿਯੋਗ ਕੀਤਾ। ਸਹਿਯੋਗ ਦੇਣ ਸਮੇਂ ਸਭਾ ਪ੍ਰਧਾਨ ਮਲਕੀਤ ਮੁਠੱਡਾ ਕਲਾਂ,ਵਾਇਸ ਪ੍ਰਧਾਨ ਜਗਵੀਰ ਦਿਹਾਣਾ,ਸੁਖਦੇਵ ਵਾਲੀ ਬਾਠ ਕਲਾਂ,ਰਾਜ ਕੁਮਾਰ ਜੰਲਧਰ,ਬੰਟੀ ਲੁਧਿਆਣਾ, ਵਿੱਕੀ ਕੁਕੜਾਂ ਅਤੇ ਲਾਡੀ ਡੁਮੇਲੀ ਹਾਜਰ ਸਨ। ਇਸ ਤੋਂ ਇਲਾਵਾ ਲੋਕ ਲੀਡਰ ਕਾਂਤੀ ਮੋਹਣ ਸਰਪੰਚ ਮੁਠੱਡਾ ਕਲਾਂ,ਬਲਵੀਰ ਮਹਿਮੀ ਮੁਠੱਡਾ ਕਲਾਂ ਅਤੇ ਪਿੰਡ ਦੇ ਹੋਰ ਪਤਵੰਤੇ ਸੱਜਣ ਮੌਜੂਦ ਸਨ। ਟੀਮ ਧੱਮਾ ਫੈਡਰੇਸ਼ਨ ਆਫ਼ ਇੰਡੀਆ ਵੱਲੋਂ ਐਡਵੋਕੇਟ ਸੰਜੀਵ ਕੁਮਾਰ ਭੌਰਾ, ਪ੍ਰੋਫੈਸਰ ਨਿਰਮਲ ਗੁਰੂ,ਅਵਤਾਰ ਬੱਗਾ ਖੁਰਦ ਅਤੇ ਅੰਕੁਸ਼ ਮੁਠੱਡਾ ਕਲਾਂ ਆਦਿ ਨੇ ਮਿਸ਼ਨਰ ਦੀਆਂ ਗਤੀਵਿਧੀਆਂ ਤੇਜ ਕਰਨ ਲਈ ਦਿੱਤੇ ਆਰਥਿਕ ਸਹਿਯੋਗ ਲਈ ਡਾ. ਬੀ. ਆਰ. ਅੰਬੇਡਕਰ ਮਿਸ਼ਨਰੀ ਸਭਾ ਕੁਵੈਤ ਦੀ ਤਹਿ ਦਿਲੋਂ ਧੰਨਵਾਦੀ ਹੈ।

# ਭਾਸ਼ਾ ਵਿਭਾਗ, ਪੰਜਾਬ ਦੇ ਵਿਹੜੇ 'ਚ 'ਮਾਣ ਪੰਜਾਬੀਆਂ 'ਤੇ' ਅੰਤਰ-ਰਾਸ਼ਟਰੀ ਸਾਹਿਤਕ ਮੰਚ ਇੰਗਲੈਂਡ ਵੱਲੋਂ ਵਿਸ਼ਾਲ ਕਵੀ ਦਰਬਾਰ ਤੇ ਸਨਮਾਨ ਸਮਾਰੋਹ





**ਚੰਡੀਗੜ੍ਹ (ਪ੍ਰੀਤਮ ਲੁਧਿਆਣਵੀ)–** ਭਾਸ਼ਾ ਵਿਭਾਗ, ਪੰਜਾਬ ਪਟਿਆਲਾ ਦੇ ਵਿਹੜੇ 'ਮਾਣ ਪੰਜਾਬੀਆਂ ਤੇ' ਅੰਤਰ-ਰਾਸ਼ਟਰੀ ਸਾਹਿਤਕ ਮੰਚ, ਯੂ.ਕੇ ਵੱਲੋਂ ਕਵੀ ਦਰਬਾਰ ਤੇ ਸਨਮਾਨ ਸਮਾਰੋਹ ਕਰਵਾਇਆ ਗਿਆ। ਇਸ ਪ੍ਰੋਗਰਾਮ ਵਿਚ ਪੰਜਾਬ ਹੀ ਨਹੀਂ ਵਿਦੇਸ਼ ਤੋਂ ਵੀ ਕਵੀ ਤੇ ਲੇਖਕ ਪਹੁੰਚੇ। ਸੰਸਥਾ ਵੱਲੋਂ ਮਾਣ ਯੋਗ ਹਸਤੀ ਡਾ ਹਰੀ ਸਿੰਘ ਜਾਚਕ ਜੀ ਤੇ ਭਾਸ਼ਾ ਵਿਭਾਗ ਦੇ ਮੁੱਖੀ ਸਾਹਿਬਾਨਾਂ ਦਾ ਸਨਮਾਨ ਕੀਤਾ ਗਿਆ।

ਇਸ ਪ੍ਰੋਗਰਾਮ ਵਿੱਚ ਅੰਤਰ-ਰਾਸਟਰੀ ਸਾਹਿਤਕ ਮੰਚ ਇੰਗਲੈਂਡ ਵੱਲੋਂ ਉਪਰਾਲਾ ਕਰਨ ਵਾਲੀ 'ਮਾਣ ਪੰਜਾਬੀਆਂ ਤੇ' ਸੰਸਥਾ ਦੇ ਚੇਅਰਮੈਨ ਵਿਸ਼ਵ ਪ੍ਰਸਿੱਧ ਲੇਖਕ ਸ੍ਰ ਲਖਵਿੰਦਰ ਸਿੰਘ ਲੱਖਾ ਸਲੇਮਪੁਰੀ ਜੀ ਦਾ ਸਨਮਾਨ ਵੀ ਕੀਤਾ ਗਿਆ ਤੇ ਉਨ੍ਹਾਂ ਨੂੰ ਲੰਮੇ ਅਰਸੇ ਬਾਅਦ ਵਾਪਸ ਪੰਜਾਬ ਪਰਤਣ ਤੇ ਜੀ ਆਇਆਂ ਕਹਿ ਕੇ ਸਵਾਗਤ ਕੀਤਾ ਗਿਆ।

ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਦਵਿੰਦਰ ਖੁਸ਼ ਧਾਲੀਵਾਲ ਨੇ ਦੱਸਿਆ ਕਿ ਇਸ ਪ੍ਰੋਗਰਾਮ ਵਿੱਚ ਕਰੀਬ 70 ਕਵੀਆਂ ਨੇ ਆਪਣੀਆਂ ਕਵਿਤਾਵਾਂ ਤੇ ਗ਼ਜ਼ਲਾਂ ਸੁਣਾ ਕੇ ਸਮਾਗਮ ਨੂੰ ਚਾਰ ਚੰਨ ਲਾਏ ਤੇ ਹਰੇਕ ਕਵੀ ਦਾ ਸਨਮਾਨ ਕੀਤਾ ਗਿਆ। ਇਸ ਸਮਾਗਮ ਦੌਰਾਨ ਲੱਖਾ ਸਲੇਮਪੁਰੀ ਜੀ ਦਾ ਲਿਖਿਆ ਤੇ ਉਨ੍ਹਾ ਦੀ ਬੁਲੰਦ ਅਵਾਜ਼ ਵਿੱਚ ਰਿਕਾਰਡ ਕੀਤਾ ਗੀਤ, 'ਬੋਲੀਏ ਪੰਜਾਬੀਏ' ਵੀ ਰਿਲੀਜ਼ ਕੀਤਾ ਗਿਆ। ਆਏ ਹੋਏ ਮਹਿਮਾਨਾਂ ਤੇ ਕਵੀਆਂ ਨੇ ਇਸ ਵਿਸ਼ਾਲ ਸਮਾਗਮ ਦੀ ਪ੍ਰਸ਼ੰਸ਼ਾ ਕੀਤੀ।

# ਡਿਪਟੀ ਕਮਿਸ਼ਨਰ ਵੱਲੋ ਗਣਤੰਤਰ ਦਿਵਸ ਮਨਾਉਣ ਲਈ ਅਧਿਕਾਰੀਆਂ ਨੂੰ ਤਨਦੇਹੀ ਨਾਲ ਜ਼ਿੰਮੇਵਾਰੀ ਨਿਭਾਉਣ ਦੀ ਹਦਾਇਤ

**ਸੰਗਰੂਰ, (ਦਲਜੀਤ ਕੌਰ)** ਸਥਾਨਕ ਜ਼ਿਲਾ ਪ੍ਰਬੰਧਕੀ ਕੰਪਲੈਕਸ ਦੇ ਮੀਟਿੰਗ ਹਾਲ ਵਿਖੇ ਜ਼ਿਲਾ ਪੱਧਰੀ ਗਣਤੰਤਰ ਦਿਵਸ ਸਮਾਰੋਹ ਨੂੰ ਮਨਾਉਣ ਲਈ ਡਿਪਟੀ ਕਮਿਸ਼ਨਰ ਸ੍ਰੀ ਜਤਿੰਦਰ ਜੋਰਵਾਲ ਨੇ ਵੱਖ-ਵੱਖ ਵਿਭਾਗੀ ਅਧਿਕਾਰੀਆਂ ਕੋਲੋਂ ਹੁਣ ਤੱਕ ਕੀਤੀ ਗਈ ਕਾਰਵਾਈ ਦਾ ਜਾਇਜ਼ਾ ਲਿਆ। ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਨੇ ਸਮੂਹ ਵਿਭਾਗੀ ਅਧਿਕਾਰੀਆਂ ਨੂੰ ਸਮਾਂ ਰਹਿੰਦੇ ਸਮੁੱਚੇ ਪ੍ਰਬੰਧਾਂ ਨੂੰ ਮੁਕੰਮਲ ਕਰਨ ਦੇ ਆਦੇਸ਼ ਜਾਰੀ ਕੀਤੇ।

ਡਿਪਟੀ ਕਮਿਸ਼ਨਰ ਨੇ ਕਾਰਜ ਸਾਧਕ ਅਫ਼ਸਰ ਸੰਗਰੂਰ ਨੂੰ ਸਮਾਰੋਹ ਵਾਲੇ ਸਥਾਨ ਅਤੇ ਸ਼ਹਿਰ ਦੇ ਆਲੇ-ਦੁਆਲੇ ਸਾਫ਼ ਸਫ਼ਾਈ ਦੇ ਪੁਖਤਾ ਪ੍ਰਬੰਧ ਕਰਨ ਅਤੇ ਮੁੱਖ ਚੌਂਕਾਂ ਦੀ ਸਜਾਵਟ ਲਈ ਢੁਕਵੇਂ ਕਦਮ ਚੁੱਕੇ ਜਾਣ ਦੀ ਹਦਾਇਤ ਕੀਤੀ। ਸ੍ਰੀ ਜੋਰਵਾਲ ਨੇ ਸਿਹਤ ਵਿਭਾਗ ਦੇ ਅਧਿਕਾਰੀਆਂ ਨੂੰ ਸਮਾਰੋਹ ਵਾਲੇ ਸਥਾਨ ਤੇ ਮਾਹਿਰ ਡਾਕਟਰਾਂ ਦੀਆਂ ਟੀਮਾਂ ਸਮੇਤ ਐਬੂਲੈਂਸ ਦਾ ਪ੍ਰਬੰਧ ਕਰਨ ਦੀ ਹਦਾਇਤ ਕੀਤੀ ਅਤੇ ਖਾਣ ਪੀਣ ਵਾਲੀਆ ਵਸਤਾਂ ਦੀ ਜਾਂਚ ਕਰਨ ਲਈ ਫੂਡ ਚੈਕਿੰਗ ਟੀਮ ਤਾਇਨਾਤ ਕਰਨ ਦੇ ਆਦੇਸ਼ ਦਿੱਤੇ। ਉਨ੍ਹਾਂ ਵਿਭਾਗਾਂ ਵੱਲੋਂ ਸਰਕਾਰ ਦੇ ਮਹੱਤਵਪੂਰਨ ਫਲੈਗਸ਼ਿਪ ਪ੍ਰੋਗਰਾਮਾਂ ਉਤੇ ਆਧਾਰਿਤ ਝਾਕੀਆਂ ਤਿਆਰ ਕਰਨ ਅਤੇ ਸਭਿਆਚਾਰਕ ਪ੍ਰੋਗਰਾਮ ਦੀ ਤਿਆਰੀ ਕਰਵਾਉਣ ਦੀ ਹਦਾਇਤ ਵੀ ਕੀਤੀ।



ਉਨਾਂ ਡਿਪਟੀ ਡਾਇਰੈਕਟਰ ਬਾਗਬਾਨੀ, ਜ਼ਿਲਾ ਪ੍ਰੋਗਰਾਮ ਅਫ਼ਸਰ, ਜ਼ਿਲਾ ਸਿੱਖਿਆ ਅਫ਼ਸਰ ਸੈਕੰਡਰੀ, ਜ਼ਿਲ੍ਹਾ ਖੇਡ ਅਫ਼ਸਰ, ਜਨ ਸਿਹਤ, ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ, ਕਾਰਜ ਸਾਧਕ ਅਫ਼ਸਰ, ਨਗਰ ਸੁਧਾਰ ਟਰੱਸਟ ਅਤੇ ਹੋਰਨਾਂ ਵਿਭਾਗੀ ਅਧਿਕਾਰੀਆਂ ਨੂੰ ਗਣਤੰਤਰ ਦਿਵਸ ਨੂੰ ਲੈ ਕੇ ਸੋਂਪੀ ਡਿਊਟੀ ਨੂੰ ਤਨਦੇਹੀ ਅਤੇ ਜਿੰਮੇਵਾਰੀ ਨਾਲ ਨਿਭਾਉਣ ਦੇ ਆਦੇਸ਼ ਦਿੱਤੇ।

ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਵਰਜੀਤ ਵਾਲੀਆ, ਸਹਾਇਕ ਕਮਿਸ਼ਨਰ ਸੰਗਰੂਰ ਦੇਵਦਰਸ਼ਦੀਪ ਸਿੰਘ ਅਤੇ ਹੋਰ ਵੱਖ ਵੱਖ ਵਿਭਾਗੀ ਅਧਿਕਾਰੀ ਮੌਜੂਦ ਸਨ।

# ਭਾਰਤੀ ਸਿੱਖ ਫੌਜੀਆਂ ਦਾ ਆਧੁਨਿਕ ਵਿਸ਼ੇਸ਼ ਹੈਲਮਟ ਦਸਤਾਰਾਂ ਉਪਰ ਸਜੇਗਾ ਕਿ ਨਹੀਂ? ਮਾਮਲਾ ਚਰਚਾ 'ਚ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)-** 100 ਸਾਲਾਂ ਬਾਅਦ ਭਾਰਤੀ ਫੌਜ 'ਚ ਫਿਰ ਦਸਤਾਰ-ਹੈਲਮੇਟ ਵਿਵਾਦ ਛਿੜਿਆ ਹੈ। ਇਹ ਨਵੇਂ ਆਧੁਨਿਕ ਹੈਲਮਟ ਸਿੱਖਾਂ ਲਈ ਭਾਰਤ ਸਰਕਾਰ ਖਰੀਦ ਰਹੀ ਹੈ।

**ਵਿਸ਼ੇਸ਼ਤਾ ਅਤੇ ਸਮੱਸਿਆ ਕੀ ਹੈ?**

9 ਜਨਵਰੀ 2023 ਨੂੰ ਰੱਖਿਆ ਮੰਤਰਾਲੇ ਨੇ ਸਿੱਖ ਸੈਨਿਕਾਂ ਲਈ ਐਮਰਜੈਂਸੀ ਵਸਤੂਆਂ ਵਜੋਂ 12,730 'ਬੈਲਿਸਟਿਕ ਹੈਲਮੇਟ' ਖਰੀਦਣ ਦਾ ਹੁਕਮ ਦਿੱਤਾ ਹੈ। ਇਹ ਵਿਸ਼ੇਸ਼ ਹੈਲਮੇਟ ਥ ਕੰਪਨੀ ਨੇ ਸਿੱਖ ਫੌਜੀਆਂ ਲਈ ਬਣਾਇਆ ਹੈ। ਸਰਕਾਰ ਦੇ ਇਸ ਫੈਸਲੇ ਤੋਂ ਬਾਅਦ ਸਿੱਖਾਂ ਦੀ ਸਭ ਤੋਂ ਵੱਡੀ ਸੰਸਥਾ ਸ਼੍ਰੋਮਣੀ ਕਮੇਟੀ ਨੇ ਇਸ ਦਾ ਸਖ਼ਤ ਵਿਰੋਧ ਕੀਤਾ ਹੈ।

**ਸਭ ਤੋਂ ਪਹਿਲਾਂ ਇਹ ਜਾਣ ਲਓ ਕਿ ਕੀ ਹੈ ਪੂਰਾ ਮਾਮਲਾ?**

ਰਿਪੋਰਟਾਂ ਅਨੁਸਾਰ, ਰੱਖਿਆ ਮੰਤਰਾਲਾ ਫਾਸਟ ਟਰੈਕ ਮੋਡ ਵਿੱਚ ਸਿੱਖ ਸੈਨਿਕਾਂ ਲਈ 12,730 'ਬੈਲਿਸਟਿਕ ਹੈਲਮੇਟ' ਖਰੀਦਣ ਦੀ ਯੋਜਨਾ ਬਣਾ ਰਿਹਾ ਹੈ। ਮੰਤਰਾਲੇ ਨੇ ਸਿੱਖਾਂ ਲਈ ਵਿਸ਼ੇਸ਼ ਤੌਰ 'ਤੇ ਤਿਆਰ ਕੀਤੇ ਇਸ ਹੈਲਮੇਟ ਲਈ ਟੈਂਡਰ ਵੀ ਜਾਰੀ ਕੀਤਾ ਹੈ। ਇਨ੍ਹਾਂ ਵਿੱਚੋਂ 8911 ਵੱਡੇ ਆਕਾਰ ਦੇ ਅਤੇ 3819 ਵਾਧੂ ਵੱਡੇ ਆਕਾਰ ਦੇ ਹੈਲਮੇਟ ਹਨ। ਸਿੱਖ ਫੌਜੀਆਂ ਲਈ ਬਣਿਆ ਪਹਿਲਾ ਆਰਾਮਦਾਇਕ ਹੈਲਮੇਟ ਹੈ ਅਤੇ ਇਸ ਨੂੰ 'ਵੀਰ' ਦਾ ਨਾਂਅ ਵੀ ਦਿੱਤਾ ਗਿਆ ਹੈ।

ਇਸ ਹੈਲਮੇਟ ਨੂੰ ਬਣਾਉਣ ਵਾਲੀ ਕੰਪਨੀ ਐਮ. ਕਿਊ. ਦਾ ਕਹਿਣਾ ਹੈ ਕਿ ਇਹ ਹੈਲਮੇਟ ਸਿੱਖਾਂ ਦੀ ਧਾਰਮਿਕ ਆਸਥਾ ਨੂੰ ਧਿਆਨ 'ਚ ਰੱਖ ਕੇ ਬਣਾਇਆ ਗਿਆ ਹੈ। ਸਿੱਖ ਸਿਪਾਹੀ ਇਸਨੂੰ ਆਸਾਨੀ ਨਾਲ ਆਪਣੀ ਦਸਤਾਰ ਉੱਤੇ ਪਹਿਨ ਸਕਦੇ ਹਨ। ਇਸ ਤੋਂ ਪਹਿਲਾਂ ਸਿੱਖ ਸੈਨਿਕਾਂ ਲਈ ਪਹਿਨਣ ਲਈ ਆਰਾਮਦਾਇਕ ਹੈਲਮੇਟ ਨਹੀਂ ਸੀ। ਇਸ ਨੂੰ ਪਹਿਨ ਕੇ ਫ਼ੌਜੀ ਜੰਗ ਵੀ ਲੜ ਸਕਦੇ ਹਨ। ਇਹ ਐਂਟੀ ਫੰਗਲ, ਐਂਟੀ ਐਲਰਜੀ ਅਤੇ ਬੁਲੇਟ ਪਰੂਫ ਹੈ।

ਇਸ ਤੋਂ ਇਲਾਵਾ ਵੀਰ ਮਲਟੀ ਐਕਸੈਸਰੀ ਕਨੈਕਟਰ ਸਿਸਟਮ ਭਾਵ M13S ਨਾਲ ਲੈਸ ਹੈ। ਇਸ ਨਾਲ ਐਮਰਜੈਂਸੀ 'ਚ ਜਵਾਨ ਦੀ ਲੋਕੇਸ਼ਨ ਆਸਾਨੀ ਨਾਲ ਟਰੇਸ ਕੀਤੀ ਜਾ ਸਕਦੀ ਹੈ। ਇਹ ਹੈਲਮੇਟ ਹੈਡ-ਮਾਊਂਟਡ ਸੈਂਸਰ, ਕੈਮਰਾ, ਟਾਰਚ, ਸੰਚਾਰ ਯੰਤਰ ਅਤੇ ਨਾਈਟ ਵਿਜ਼ਨ ਡਿਵਾਈਸ ਨਾਲ ਲੈਸ ਹੈ।




**ਸਿੱਖਾਂ ਲਈ ਦਸਤਾਰ ਸਿਰਫ਼ ਇੱਕ ਕੱਪੜਾ ਨਹੀਂ ਹੈ, ਇਹ ਸਿਰ ਦਾ ਤਾਜ ਹੈ**

ਸਿੱਖਾਂ ਦੇ ਸਭ ਤੋਂ ਪਵਿੱਤਰ ਅਸਥਾਨ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਹੈਲਮੇਟ ਦੇ ਫ਼ੈਸਲੇ ਨੂੰ 'ਸਿੱਖ ਪਛਾਣ 'ਤੇ ਹਮਲਾ' ਕਰਾਰ ਦਿੱਤਾ ਹੈ। ਉਨ੍ਹਾਂ ਕੇਂਦਰ ਸਰਕਾਰ ਅਤੇ ਫੌਜ ਨੂੰ ਇਸ ਫੈਸਲੇ ਨੂੰ ਤੁਰੰਤ ਵਾਪਸ ਲੈਣ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਦਸਤਾਰ ਦੀ ਥਾਂ ਹੈਲਮੇਟ ਪਾਉਣ ਦੀ ਕਿਸੇ ਵੀ ਕੋਸ਼ਿਸ਼ ਨੂੰ 'ਸਿੱਖ ਪਛਾਣ ਨੂੰ ਦਬਾਉਣ ਦੀ ਕੋਸ਼ਿਸ਼' ਵਜੋਂ ਦੇਖਿਆ ਜਾਵੇਗਾ। ਜਥੇਦਾਰ ਨੇ ਕਿਹਾ ਕਿ ਸਿੱਖ ਦੇ ਸਿਰ 'ਤੇ ਬੰਨ੍ਹੀ ਦਸਤਾਰ ਕੋਈ 5 ਜਾਂ 7 ਮੀਟਰ ਦਾ ਕੱਪੜਾ ਨਹੀਂ ਹੈ, ਇਹ ਸਾਡੀ ਪਛਾਣ ਅਤੇ ਸਿਰ ਦਾ ਤਾਜ ਹੈ।

ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਹਰਜੀਤ ਗਰੇਵਾਲ ਨੇ ਕਿਹਾ ਹੈ ਕਿ ਸਿੱਖਾਂ ਨੂੰ ਹੈਲਮੇਟ ਦੇਣ ਨਾਲ ਉਨ੍ਹਾਂ ਦੀ ਵੱਖਰੀ ਪਛਾਣ ਖ਼ਤਮ ਹੋ ਜਾਵੇਗੀ। ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਦੂਜੇ ਵਿਸ਼ਵ ਯੁੱਧ ਦੌਰਾਨ ਵੀ ਸਿੱਖ ਫੌਜੀਆਂ ਨੇ ਹੈਲਮਟ ਪਾਉਣ ਤੋਂ ਇਨਕਾਰ ਕਰ ਦਿੱਤਾ ਸੀ, ਇਸ ਲਈ ਕੇਂਦਰ ਨੂੰ ਇਸ ਮੁੱਦੇ 'ਤੇ ਮੁੜ ਵਿਚਾਰ ਕਰਨਾ ਚਾਹੀਦਾ ਹੈ। ਸੋ ਭਾਰਤ ਸਰਕਾਰ ਨੂੰ ਅਜੇ ਰੁਕਣ ਦੀ ਗੱਲ ਹੋ ਰਹੀ ਹੈ।

**ਪਹਿਲੇ ਵਿਸ਼ਵ ਯੁੱਧ ਵਿੱਚ ਹੀ ਹੈਲਮੇਟ ਪਾਉਣ ਤੋਂ ਇਨਕਾਰ ਕਰ ਦਿੱਤਾ ਸੀ**

ਹੈਲਮੇਟ ਦੀ ਵਰਤੋਂ ਬਾਰੇ ਬਹਿਸ ਸਿੱਖ ਕੌਮ ਲਈ ਕੋਈ ਨਵੀਂ ਗੱਲ ਨਹੀਂ ਹੈ। ਅਕਤੂਬਰ 1914 ਵਿਚ, ਬ੍ਰਿਟਿਸ਼ ਫੌਜ ਵੱਲੋਂ 15 ਲੁਧਿਆਣੇ ਸਿੱਖ ਪਲਟੂਨ ਜਰਮਨੀ ਵਿਰੁੱਧ ਲੜਨ ਲਈ ਮੋਰਚੇ 'ਤੇ ਪਹੁੰਚੇ ਸਨ। ਇਸ ਦੌਰਾਨ ਬ੍ਰਿਟਿਸ਼ ਅਧਿਕਾਰੀਆਂ ਨੇ ਉਸ ਨੂੰ ਹੈਲਮੇਟ ਪਹਿਨਣ ਦਾ ਹੁਕਮ ਦਿੱਤਾ। ਇਹ ਪਹਿਲੀ ਵਾਰ ਸੀ ਜਦੋਂ ਸਿੱਖ ਫੌ-ਜੀਆਂ ਨੇ ਹੈਲਮਟ ਪਾਉਣ ਤੋਂ ਇਨਕਾਰ ਕੀਤਾ ਸੀ।

ਅੰਗਰੇਜ਼ ਅਫ਼ਸਰਾਂ ਤੋਂ ਇਲਾਵਾ ਪੰਜਾਬ ਦੀਆਂ ਸਿੰਘ ਸਭਾਵਾਂ ਦੀ ਕੇਂਦਰੀ ਸੰਸਥਾ ਚੀਫ਼ ਖ਼ਾਲਸਾ ਦੀਵਾਨ ਨੇ ਵੀ ਉਸ ਸਮੇਂ ਦੌਰਾਨ ਸਿੱਖ ਫ਼ੌਜੀਆਂ ਨੂੰ ਹੈਲਮਟ ਪਾਉਣ ਦੀ ਸਿਫ਼ਾਰਸ਼ ਕੀਤੀ ਸੀ। ਪਰ ਸਿੱਖ ਸਿਪਾਹੀਆਂ ਨੇ ਇਹ ਗੱਲ ਨਹੀਂ ਸੁਣੀ ਅਤੇ ਪੱਗਾਂ ਬੰਨ੍ਹ ਕੇ ਹੀ ਜੰਗ ਲੜੀ।

ਬ੍ਰਿਗੇਡੀਅਰ ਇੰਦਰਜੀਤ ਸਿੰਘ ਗਾਬਲ ਦਾ ਕਹਿਣਾ ਹੈ ਕਿ ਅਜਿਹੀਆਂ ਕੁਝ ਹੋਰ ਘਟਨਾਵਾਂ ਵੀ ਵਾਪਰੀਆਂ ਹਨ। ਹਾਲਾਂਕਿ, ਉਦੋਂ ਤੱਕ ਬ੍ਰਿਟਿਸ਼ ਫੌਜ ਨੇ ਇੱਕ ਆਦੇਸ਼ ਪਾਸ ਕਰ ਦਿੱਤਾ ਸੀ ਕਿ ਸਿੱਖ ਸੈਨਿਕਾਂ ਨੂੰ ਹੈਲਮਟ ਪਾਉਣ ਲਈ ਮਜਬੂਰ ਨਹੀਂ ਕੀਤਾ ਜਾ ਸਕਦਾ ਹੈ।

ਇਸ ਦੇ ਬਾਵਜੂਦ ਅੰਗਰੇਜ਼ ਸਿੱਖ ਫੌਜੀਆਂ ਨੂੰ ਹੈਲਮਟ ਪਾਉਣ ਲਈ ਲਗਾਤਾਰ ਦਬਾਅ ਪਾ ਰਹੇ ਸਨ। ਅੰਗਰੇਜ਼ਾਂ ਨੇ ਇਸ ਮੁੱਦੇ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਲੀਡਰਸ਼ਿਪ ਨੂੰ ਮਨਾਉਣ ਵਿਚ ਵੀ ਕਾਮਯਾਬੀ ਹਾਸਲ ਕਰ ਲਈ ਸੀ। ਇਸ ਦੇ ਬਾਵਜੂਦ ਸਿੱਖ ਫੌਜੀਆਂ ਨੇ ਹੈਲਮੇਟ ਨਹੀਂ ਪਾਇਆ।

ਇਸ ਤੋਂ ਬਾਅਦ ਦੂਜਾ ਵਿਸ਼ਵ ਯੁੱਧ (1939-1945) ਦਸਤਾਰ ਵਿੱਚ ਹੀ ਲੜਿਆ ਗਿਆ। ਮਤਲਬ ਇੱਕ ਵਾਰ ਫਿਰ ਹੈਲਮੇਟ ਨਹੀਂ ਪਹਿਨਿਆ ਗਿਆ।

ਨਵੰਬਰ 1976 ਵਿੱਚ, ਬ੍ਰਿਟਿਸ਼ ਮਹਾਰਾਣੀ ਐਲਿਜ਼ਾਬੈਥ-2 ਨੇ ਦਸਤਾਰਧਾਰੀ ਸਿੱਖ ਭਾਈਚਾਰੇ ਨੂੰ ਦੋਪਹੀਆ ਵਾਹਨਾਂ ਦੀ ਸਵਾਰੀ ਕਰਦੇ ਸਮੇਂ ਹੈਲਮਟ ਪਹਿਨਣ ਤੋਂ ਛੋਟ ਦੇਣ ਲਈ ਇੱਕ ਬਿੱਲ ਨੂੰ ਆਪਣੀ ਸ਼ਾਹੀ ਮਨਜ਼ੂਰੀ ਦੇ ਦਿੱਤੀ ਸੀ।

ਹਾਲਾਂਕਿ ਇਸ ਬਿੱਲ 'ਤੇ ਲੰਬੀ ਬਹਿਸ ਹੋਈ। ਇਸ ਦੌਰਾਨ ਸੁਰੱਖਿਆ, ਦੂਜੇ ਵਿਸ਼ਵ ਯੁੱਧ ਵਿੱਚ ਸਿੱਖ ਸੈਨਿਕਾਂ ਦੇ ਬਹਾਦਰੀ ਭਰੇ ਕਾਰਨਾਮਿਆਂ, ਸਿੱਖਾਂ ਲਈ ਰੁਜ਼ਗਾਰ ਦੇ ਮੌਕਿਆਂ 'ਤੇ ਹੈਲਮੇਟ ਦਾ ਪ੍ਰਭਾਵ ਅਤੇ ਬ੍ਰਿਟਿਸ਼ ਸਮਾਜ ਵਿੱਚ ਸਹਿਣਸ਼ੀਲਤਾ ਸਮੇਤ ਕਈ ਪਹਿਲੂਆਂ ਬਾਰੇ ਗੱਲ ਕੀਤੀ ਗਈ। ਬ੍ਰਿਟਿਸ਼ ਸਿੱਖ ਸੰਸਦ ਮੈਂਬਰ ਸਿਡਨੀ ਸਿੰਘ ਬਿਡਵੇਲ ਨੇ ਇਸ ਬਿੱਲ ਨੂੰ ਪਾਸ ਕਰਵਾਉਣ ਵਿੱਚ ਅਹਿਮ ਭੂਮਿਕਾ ਨਿਭਾਈ। ਬ੍ਰਿਟਿਸ਼ ਸੰਸਦ ਮੈਂਬਰ ਅਰਲ ਗ੍ਰੇ ਨੇ ਬਹਿਸ ਵਿੱਚ ਹਿੱਸਾ ਲੈਂਦੇ ਹੋਏ ਕਿਹਾ ਕਿ ਜਦੋਂ ਦੂਜੇ ਵਿਸ਼ਵ ਯੁੱਧ ਦਾ ਐਲਾਨ ਕੀਤਾ ਗਿਆ ਸੀ, ਇੱਕ ਫੌਜੀ ਆਦੇਸ਼ ਜਾਰੀ ਕੀਤਾ ਗਿਆ ਸੀ।

ਇਸ ਆਦੇਸ਼ ਵਿੱਚ ਕਿਹਾ ਗਿਆ ਸੀ ਕਿ ਭਾਰਤੀ ਫੌਜ ਦੇ ਸਾਰੇ ਜਵਾਨਾਂ ਨੂੰ ਸਟੀਲ ਹੈਲਮੇਟ ਪਹਿਨਣਾ ਹੋਵੇਗਾ। ਇਸ 'ਤੇ ਸਿੱਖ ਫੌਜੀਆਂ ਨੇ ਕਿਹਾ ਕਿ ਜੇਕਰ ਉਨ੍ਹਾਂ ਨੂੰ ਹੈਲਮੇਟ ਪਾਉਣ ਲਈ ਮਜ਼ਬੂਰ ਕੀਤਾ ਗਿਆ ਤਾਂ ਉਹ ਜੰਗ 'ਚ ਹਿੱਸਾ ਨਹੀਂ ਲੈਣਗੇ। ਇਸ ਤੋਂ ਬਾਅਦ ਇਹ ਹੁਕਮ ਵਾਪਸ ਲੈ ਲਿਆ ਗਿਆ।

ਅਰਲ ਗ੍ਰੇ ਨੇ ਦੱਸਿਆ ਕਿ ਕਮਾਂਡਿੰਗ ਅਫਸਰਾਂ ਵੱਲੋਂ ਜੰਗ ਵਿੱਚ ਸਿੱਖਾਂ ਦੀ ਸ਼ਲਾਘਾ ਕਰਨ ਵਾਲੇ ਬਹੁਤ ਸਾਰੇ ਪੱਤਰ ਹਨ। ਉਨ੍ਹਾਂ ਦੱਸਿਆ ਕਿ ਸਿੱਖ ਜੋ ਦਸਤਾਰ ਪਹਿਨਦੇ ਹਨ ਉਸ ਦੀਆਂ ਕਈ ਪਰਤਾਂ ਹੁੰਦੀਆਂ ਹਨ ਜੋ ਉਨ੍ਹਾਂ ਨੂੰ ਪ੍ਰਭਾਵਸ਼ਾਲੀ ਸੁਰੱਖਿਆ ਪ੍ਰਦਾਨ ਕਰਦੀਆਂ ਹਨ। ਦੂਜੇ ਵਿਸ਼ਵ ਯੁੱਧ ਵਿੱਚ ਪੰਜਾਬ ਰੈਜੀਮੈਂਟ ਦੀ ਕਮਾਨ ਸੰਭਾਲਣ ਵਾਲੇ ਕਰਨਲ ਹਿਊਜ਼ ਇੱਕ ਅਜਿਹੇ ਪੱਤਰ ਵਿੱਚ ਲਿਖਦੇ ਹਨ ਕਿ ਸਿੱਖ ਫੌਜੀਆਂ ਨੇ ਜੰਗ ਵਿੱਚ ਪੱਗਾਂ ਬੰਨ੍ਹੀਆਂ ਸਨ। ਇਸ ਦੇ ਬਾਵਜੂਦ, ਹਾਲਾਂਕਿ, ਉਨ੍ਹਾਂ ਨੂੰ ਸਟੀਲ ਹੈਲਮੇਟ ਪਹਿਨਣ ਵਾਲੀ ਕਿਸੇ ਵੀ ਹੋਰ ਬਟਾਲੀਅਨ ਨਾਲੋਂ ਘੱਟ ਸਿਰ ਦੀਆਂ ਸੱਟਾਂ ਲੱਗੀਆਂ।

## ਭਾਈ ਹਰਦੀਪ ਸਿੰਘ ਮੋਹਾਲੀ ਦਾ ਸੈਨਹੋਜ਼ੇ ਵਿਖੇ ਭਰਪੂਰ ਸਵਾਗਤ- ਭਾਈ ਹੋਠੀ ਨੇ ਕੀਤਾ ਸਨਮਾਨਿਤ



**ਲਸਾੜਾ/ਉੜਾਪੜ (ਬੱਗਾ ਸੇਲਕੀਆਣਾ)-** ਇਤਿਹਾਸਕ ਪਿੰਡ ਝਿੰਗੜਾਂ ਦੇ ਉਘੇ ਸਮਾਜ ਸੇਵੀ ਤੇ ਸਿਆਸਤ ਵਿੱਚ ਵੱਖਰੀ ਪਹਿਚਾਣ ਬਣਾਉਣ ਵਾਲੇ ਸ੍ਰ ਬਿਸ਼ਨ ਸਿੰਘ ਝਿੰਗੜ ਦੀਆਂ ਯੂਨੀਅਨ ਪ੍ਰਤੀ ਚੰਗੀਆਂ ਸੇਵਾਵਾਂ ਨੂੰ ਮੱਦੇਨਜਰ ਰੱਖਦੇ ਹੋਏ ਪਿਛਲੇ ਦਿਨੀ ਭਾਰਤੀ ਕਿਸਾਨ ਯੂਨੀਅਨ ਪੰਜਾਬ ਲੱਖੋਵਾਲ ਨੇ ਜਿਲਾ ਸ਼ਹੀਦ ਭਗਤ ਸਿੰਘ ਨਗਰ ਦਾ ਸੀਨੀਅਰ ਮੀਤ ਪ੍ਰਧਾਨ ਨਿਯੁਕਤ ਕੀਤਾ ਗਿਆ ਜਿਕਰਯੋਗ ਹੈ ਕਿ ਜਿਸ ਸਮੇਂ ਖੇਤੀ ਬਿੱਲਾਂ ਸਬੰਧੀ ਦਿਲੀ ਵਿਖੇ ਧਰਨਾ ਚੱਲਰਿਹਾ ਸੀ ਉਸ ਵਕਤ ਬਿਸ਼ਨ ਸਿੰਘ ਝਿੰਗੜ ਵਲੋਂ ਪਿੰਡ ਝਿੰਗੜਾਂ ਅਤੇ ਇਲਾਕੇ ਦੇ ਹੋਰ ਪਿੰਡਾਂ ਤੋਂ ਅਨੇਕਾਂ ਵਾਰ ਰਾਸ਼ਣ ਅਤੇ ਹੋਰ ਸਮੱਗਰੀ ਸਮੇਤ ਟਰਾਲੀਆਂ ਨਾਲ ਲੈ ਜਾਕੇ ਉਸ ਧਰਨੇ ਚ ਆਪਣਾ ਵਿਸੇਸ਼ ਯੋਗਦਾਨ ਪਾਇਆ ਗਿਆ ਸੀ ਤੇ ਜਿਸ ਕਾਰਨ ਉਸ ਧਰਨੇ ਚ ਬਿਸ਼ਨ ਝਿੰਗੜ ਦੀ ਵੱਖਰੀ ਪਹਿਚਾਣ ਬਣ ਗਈ ਸੀ ਤੇ ਬਿਸ਼ਨ ਝਿੰਗੜ ਅਨੇਕਾਂ ਵਾਰ ਖੁਨ ਦਾਨ ਵੀ ਕਰ ਚੁੱਕਾ ਹੈ ਬੜੇ ਲੰਬੇ ਸਮੇਂ ਤੋਂ ਪੰਚਾਇਤ ਅਤੇ ਪਿੰਡ ਦੇ ਅਨੇਕਾਂ ਧਾਰਮਿਕ ਅਤੇ ਸਮਾਜ ਸੇਵੀ ਕਾਰਜਾਂ ਚ ਆਪਣਾ ਅਹਿਮ ਯੋਗਦਾਨ ਪਾਉਂਦਾ ਹੈ।

ਇਸ ਮੌਕੇ ਜਾਣਕਾਰੀ ਦਿੰਦੇ ਹੋਏ ਨਵ ਨਿਯੁਕਤ ਸੀ.ਮੀਤ ਪ੍ਰਧਾਨ ਬਿਸ਼ਨ ਝਿੰਗੜ ਨੇ ਦੱਸਿਆ ਕਿ ਮੈਂ ਧੰਨਵਾਦ ਕਰਦਾ ਪ੍ਰਧਾਨ ਅਜਮੇਰ ਸਿੰਘ ਲੱਖੋਵਾਲ ਤੇ ਜਿਲਾ ਪ੍ਰਧਾਨ ਰਣਜੀਤ ਸਿੰਘ ਰਟੈਂਡਾ ਹੋਰਾਂ ਨੇ ਜਿਨਾਂ ਨੇ ਮੈਨੂੰ ਇਹ ਅਹੁਦੇਦਾਰੀ ਦੀ ਜਿੰਮੇਵਾਰੀ ਸੋਂਪੀ ਹੈ ਇਸ ਜਿੰਮੇਵਾਰੀ ਨੂੰ ਮੈਂ ਪਹਿਲ ਦੇ ਅਧਾਰ ਦੁ ਨਿਭਾਵਾਗਾ ਤੇ ਯੂਨੀਅਨ ਵਲੋਂ ਦਿਤੇ ਹੋਏ ਹਰੇਕ ਕਾਰਜ ਨੂੰ ਚੰਗੀ ਤਰਾਂ ਕਰਾਂਗਾ ਤੇ ਕਿਸਾਨ ਯੂਨੀਅਨ ਦੀ ਸਾਰੀ ਟੀਮ ਨੂੰ ਆਪਣੇ ਨਾਲ ਲੈਕੇ ਚੱਲਾਂਗਾ।

## ਗਾਇਕਾ ਨਾਜ ਦਾ ਧਾਰਮਿਕ ਟਰੈਕ 'ਗੁਰੂ ਦੇ ਦੀਦਾਰ ਲਈ' ਰਿਲੀਜ ਲਈ ਤਿਆਰ



**ਲਸਾੜਾ/ਉੜਾਪੜ (ਬੱਗਾ ਸੇਲਕੀਆਣਾ)-** ਦੋਗਾਣਾ ਗਾਇਕੀ ਚ ਨੰਬਰ ਵੰਨ ਜੋੜੀ ਲੱਖਾ ਨਾ ਦੀਆਂ ਅਨੇਕਾਂ ਟੇਪਾਂ ਆਈਆਂ ਸਰੋਤਿਆਂ ਨੇ ਬਹੁਤ ਮਾਣ ਸਤਿਕਾਰ ਦਿਤਾ ਤੇ ਹੁਣ ਸਤਿਗੁਰ ਰਵਿਦਾਸ ਜੀ ਦੇ 646ਵੇਂ ਪ੍ਰਗਟ ਦਿਵਸ ਨੂੰ ਮੁੱਖ ਰੱਖਦੇ ਹੋਏ ਪ੍ਰਸਿੱਧ ਗਾਇਕਾ ਗੁਰਿੰਦਰ ਨਾਜ ਦੀ ਸੁਰੀਲੀ ਅਵਾਜ ਚ ਧਾਰਮਿਕ ਟਰੈਕ,,ਗੁਰੂ ਦੇ ਦੀਦਾਰ ਲ਼ਈ,, ਜਲਦ ਰਿਲੀਜ ਹੋ ਚੁੱਕੀ ਹੈ ਇਸ ਟਰੈਕ ਸਬੰਧੀ ਜਾਣਕਾਰੀ ਦਿੰਦੇ ਹੋਏ ਗਾਇਕਾ ਗੁਰਿੰਦਰ ਨਾਜ ਤੇ ਲੱਖਾ ਨੇ ਦੱਸਿਆ ਕਿ ਇਸ ਧਾਰਮਿਕ ਰਚਨਾ ਨੂੰ ਮੇਸ਼ੀ ਮੁਠੱਡਾ ਹੋਲੈਂਡ ਨੇ ਕਲਮਬੱਧ ਕੀਤਾ ਹੈ ਇਸ ਸੰਗੀਤ ਸਾਹਿਬ ਹੀਰਾ ਵਲੋਂ ਤਿਆਰ ਕੀਤਾ ਗਿਆ ਹੈ ਇਸ ਦੀ ਵੀਡੀਓ ਡੀਜੀ ਸਟਾਰ ਫਿਲਮ ਵਲੋ ਧਾਰਮਿਕ ਲੋਕੇਸ਼ਨਾਂ ਤੇ ਕੀਤੀ ਗਈ ਹੈ ਤੇ ਇਸ ਧਾਰਮਿਕ ਟਰੈਕ ਨੂੰ ਪ੍ਰਸਿੱਧ ਕੰਪਨੀ ਹਿੱਟ ਮੇਕਰਜ ਰਿਕਾਰਡਜ ਵਲੋਂ ਨਿਰਮਲ ਸਿੱਧੂ ਦੀ ਪੇਸ਼ਕਸ਼ ਚ ਸਤਿਗੁਰ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਦਿਹਾੜੇ ਸੰਗਤਾਂ ਦੇ ਸਨਮੁੱਖ ਕਰ ਦਿਤੀ ਜਾਵੇਗੀ ਬਹੁਤ ਧੰਨਵਾਦ ਏ ਬਿੰਦਰ ਨਵੇਂ ਪਿੰਡੀਆਂ,ਅਜੇ ਮਹਿੰਮੀ,ਬੱਬੂ ਜਲੰਧਰੀਆ, ਜਸਵੰਤ ਬੰਗਾ,ਹੈਪੀ ਯੂਐਸਏ, ਝੱਲੀ ਸਾਬ ਅਮਰੀਕਾ, ਪ੍ਰੀਤ ਬੰਗੜ, ਸੋਨੂੰ ਬੰਗੜ, ਅਮਰਜੀਤ ਰੱਲ ਕਾਂਸ਼ੀ ਟੀਵੀ ਤੇ ਯੂਰਪ ਦੀਆਂ ਸਤਿਗੁਰੂ ਰਵਿਦਾਸ ਪ੍ਰਬੰਧਕ ਕਮੇਟੀਆਂ ਜੋ ਸਮੇਂ ਸਮੇਂ ਤੇ ਬੜਾ ਸਹਿਜੋਗ ਦਿੰਦੀਆਂ ਹਨ ਤੇ ਸ਼ੁਕਰੀਆ ਅਦਾ ਕਰਦੇ ਹਾਂ ਸਾਰੇ ਰੱਬ ਵਰਗੇ ਸਰੋਤਿਆ ਦੇ ਜਿਹੜੇ ਸਾਡੀ ਗਾਇਕੀ ਨੂੰ ਪਿਆਰ ਦੇ ਰਹੇ ਹਨ ਆਸ ਕਰਦੇ ਹਾਂ ਕਿ ਸਾਡੇ ਹੁਣ ਆ ਰਹੇ ਧਾਰਮਿਕ ਟਰੈਕਾਂ ਨੂੰ ਪਸੰਦ ਕਰੋਗੇ।

## ਗੀਤਕਾਰ ਰਾਜੂ ਨਾਹਰ ਦੇ ਲਿਖੇ, ਗਾਇਕ ਭੱਟੀ ਲਵਲੀ ਦੀ ਅਵਾਜ 'ਚ ਰਿਕਾਰਡ ਗੀਤ 'ਮਾਂ ਮੇਰੀ' ਤੋਂ ਖੂਬ ਆਸਾਂ ਤੇ ਉਮੀਦਾਂ




**ਚੰਡੀਗੜ੍ਹ (ਪ੍ਰੀਤਮ ਲੁਧਿਆਣਵੀ)-** ਪੰਜਾਬੀ ਗਾਇਕ ਭੱਟੀ ਲਵਲੀ ਨੇ ਪ੍ਰਸਿੱਧ ਗੀਤਕਾਰ ਰਾਜੂ ਨਾਹਰ ਦੇ ਕਲਮਬੱਧ ਕੀਤੇ ਹੋਏ ਬਹੁਤ ਹੀ ਪਿਆਰੇ ਬੋਲ, 'ਕਿਹੜੀ ਗੱਲੋਂ ਫਿਰਾਂ ਭਗਵਾਨ ਹੋਰ ਲੱਭਦਾ ਮੇਰੇ ਘਰ ਮਾਂ ਮੇਰੀ ਰੂਪ ਸੱਚੇ ਰੱਬ ਦਾ', ਰਿਕਾਰਡ ਕੀਤੇ ਹਨ। ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਗੀਤਕਾਰ ਰਾਜੂ ਨਾਹਰ ਨੇ ਦੱਸਿਆ ਕਿ ਇਸ ਪ੍ਰਜੈਕਟ ਨੂੰ ਸੰਗੀਤ, ਸੰਗੀਤਕਾਰ ਸੋਨੀ ਸੋਹਲ ਵੱਲੋਂ ਦਿੱਤਾ ਗਿਆ ਹੈ ਤੇ ਵੀਡੀਓ ਚਿੰਕਾਰਾ ਰਿਕਾਰਡਜ ਵੱਲੋਂ ਬਣਾਈ ਗਈ ਹੈ। ਪੇਸ਼ਕਸ਼ ਜਸਪਾਲ ਭੱਟੀ ਦੀ ਹੈ ਜਦਕਿ ਪ੍ਰਡਿਊਸਰ ਅਮਨ ਭੱਟੀ ਵੱਲੋਂ ਇਸ ਨੂੰ ਪ੍ਰਡਿਊਸ ਕੀਤਾ ਗਿਆ ਹੈ। ਉਮੀਦ ਹੈ ਕਿ ਸਮੁੱਚੀ ਟੀਮ ਦਾ ਕੀਤਾ ਗਿਆ ਇਹ ਉਪਰਾਲਾ ਗੀਤ-ਸੰਗੀਤ ਪ੍ਰੇਮੀਆਂ ਨੂੰ ਖੂਬ ਪਸੰਦ ਆਵੇਗਾ ਤੇ ਉਹ ਇਸਨੂੰ ਹੱਥਾਂ ਉਤੇ ਬੋਚਣਗੇ।

## ਕਿਰਤੀ ਕਿਸਾਨ ਯੂਨੀਅਨ ਵੱਲੋ ਬੰਦੀ ਸਿੱਖਾਂ ਲਈ ਲੱਗੇ ਮੋਰਚੇ 'ਚ ਭਰਵੀਂ ਸ਼ਮੂਲੀਅਤ

**ਐਸ ਏ ਐਸ ਨਗਰ, (ਦਲਜੀਤ ਕੌਰ)-** ਕਿਰਤੀ ਕਿਸਾਨ ਯੂਨੀਅਨ ਨੇ ਅੱਜ ਮੋਹਾਲੀ ਚ ਸਜਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੱਖਾਂ ਦੀ ਰਿਹਾਈ ਲਈ ਲੱਗੇ ਮੋਰਚੇ ਚ ਜਥੇਬੰਦੀ ਦੇ ਸੂਬਾ ਪ੍ਰਧਾਨ ਨਿਰਭੈ ਸਿੰਘ ਢੁੱਡੀਕੇ ਦੀ ਅਗਵਾਈ ਚ ਸ਼ਮੂਲੀਅਤ ਕੀਤੀ। ਮੋਰਚੇ 'ਚ ਸੰਬੋਧਨ ਕਰਦਿਆਂ ਨਿਰਭੈ ਸਿੰਘ ਢੁੱਡੀਕੇ ਨੇ ਕਿਹਾ ਕੇ ਮੁਲਕ ਦੇ ਕਾਨੂੰਨ ਮੁਤਾਬਿਕ ਦਿੱਤੀਆਂ ਸਜਾਵਾਂ ਪੂਰੀਆਂ ਕਰਨ ਤੇ ਵੀ ਰਿਹਾ ਨਾ ਕਰਨਾ ਸਰਕਾਰ ਦੀ ਘੱਟ ਗਿਣਤੀਆਂ ਵਿਰੋਧੀ ਤੇ ਗੈਰ ਜਮਹੂਰੀ ਪਹੁੰਚ ਹੈ।ਇੱਕ ਪਾਸੇ ਬਲਾਤਕਾਰੀਆਂ, ਘੱਟ ਗਿਣਤੀਆਂ ਦਾ ਕਤਲੇਆਮ ਕਰਨ ਵਾਲੇ ਸਜਾਵਾਂ ਪੂਰੀਆਂ ਕਰਨ ਤੋ ਪਹਿਲਾਂ ਕੇਂਦਰ ਸਰਕਾਰ ਵੱਲੋ ਮੁਆਫੀਆਂ ਦੇ ਕੇ ਛੱਡੇ ਜਾ ਰਹੇ ਤੇ ਦੂਜੇ ਪਾਸੇ ਸਜਾਵਾਂ ਪੂਰੀਆਂ ਕਰਨ ਵਾਲਿਆਂ ਨੂੰ ਜੇਲਾਂ ਚ ਸਾੜਿਆ ਜਾ ਰਿਹਾ। ਉਹਨਾਂ ਕਿਹਾ ਕੇ ਜਦੋਂ ਇਹ ਮਸਲਾ ਉੱਠਦਾ ਤਾ ਕੇਂਦਰ ਸੂਬਾ ਸਰਕਾਰਾਂ ਉੱਪਰ ਤੇ ਸੂਬਾ ਸਰਕਾਰ ਕੇਂਦਰ ਦਾ ਨਾਮ ਲੈਕੇ ਮਸਲੇ ਨੂੰ ਘੱਟੇ ਰੋਲ ਦਿੰਦੀ ਹੈ। ਜਦਕਿ ਕੋਈ ਵੀ ਸਰਕਾਰ ਇਸ ਬਾਰੇ ਸੰਜੀਦਾ ਹੋਵੇ ਤਾਂ ਇਸ ਮਸਲੇ ਦਾ ਆਸਾਨੀ ਨਾਲ ਹੱਲ ਕੱਢਿਆ ਜਾ ਸਕਦਾ ਹੈ।

ਕਿਸਾਨ ਆਗੂ ਨੇ ਕਿਹਾ ਕੇ ਇਹ ਮਸਲਾ ਸਿਰਫ ਸਜਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੱਖਾਂ ਦਾ ਜਾਂ ਸਿਰਫ ਸਿੱਖਾਂ ਦਾ ਨਹੀ ਇਹ ਮਸਲਾ ਹਰ ਇਨਸਾਫਪਸੰਦ ਤੇ ਜਮਹੂਰੀਅਤ ਪਸੰਦ ਸ਼ਹਿਰੀਆਂ ਦਾ ਹੈ ਇਸ ਲਈ ਸਭ ਨੂੰ ਇਸ ਮੰਗ ਦੀ ਹਮਾਇਤ ਚ ਆਉਣਾ ਚਾਹੀਦਾ ਹੈ। ਕਿਸਾਨ ਆਗੂ ਨੇ ਕਿਹਾ ਕੇ ਕਿਰਤੀ ਕਿਸਾਨ ਯੂਨੀਅਨ ਇਸ ਮਸਲੇ ਤੇ ਲਗਾਤਾਰ ਜੱਦੋਜਹਿਦ ਕਰ ਰਹੀ ਹੈ ਤੇ ਹੁਣ ਰਿਹਾਈ ਲਈ ਲੱਗੇ ਮੋਰਚੇ ਦੀ ਵੀ ਡੱਟਵੀਂ ਹਮਾਇਤ ਕਰਦੀ ਹੈ ਤੇ ਜਦੋਂ ਤੱਕ ਮੋਰਚਾ ਚੱਲੇਗਾ ਉਦੋਂ ਤੱਕ ਜਥੇਬੰਦੀ ਇਸ ਮੋਰਚੇ ਨਾਲ ਖੜੇਗੀ।

# ਹਰਿਆਵਲ ਪੰਜਾਬ ਕੋਟਕਪੂਰਾ ਦਾ ਸਵੱਛਤਾ ਸੰਦੇਸ਼

## ਜੇਕਰ ਹਰ ਪਰਿਵਾਰ ਆਪਣੇ ਘਰ ਤੋਂ ਸ਼ੁਰੂਆਤ ਕਰੇ ਤਾਂ ਜਲਦ ਨਤੀਜੇ ਮਿਲਣਗੇ- ਉਦੇ ਰੰਦੇਵ



**ਕੋਟਕਪੂਰਾ-** ਸਮਾਜ ਸੇਵੀ ਸੰਸਥਾ ਹਰਿਆਵਲ ਪੰਜਾਬ ਦੀ ਜ਼ਿਲ੍ਹਾ ਫ਼ਰੀਦਕੋਟ ਇਕਾਈ ਦੇ ਲਗਭਗ ਸਾਰੇ ਹੀ ਮੈਂਬਰ ਆਪਣੇ ਪਰਿਵਾਰਾਂ ਸਮੇਤ ਆਪਣੇ ਸ਼ਹਿਰ ਗਲੀ ਮੁਹੱਲਿਆਂ ਵਿਚ ਸਵੱਛਤਾ, ਹਰਿਆਵਲ, ਮਿਲਵਰਤਣ, ਪਿਆਰ ਵਧਾਉਣ ਲਈ ਲਗਾਤਾਰ ਯਤਨ ਕਰ ਰਹੇ ਹਨ। ਸੰਸਥਾ ਦੇ ਸਰਗਰਮ ਆਗੂ ਬੀ ਐਸ ਐਨ ਐਲ ਅਧਿਕਾਰੀ ਰਿਪੁਦਮਨ ਮਿਤਲ ਨੇ ਸਾਰੇ ਪਰਿਵਾਰ ਜਿਸ ਵਿਚ ਛੋਟੇ ਬੱਚਿਆਂ ਵੀ ਸ਼ਾਮਲ ਸਨ ਪਿਛਲੇ ਇਕ ਸਾਲ ਤੋਂ ਪਲਾਸਟਿਕ ਲਿਫਾਫਿਆਂ ਨੂੰ ਉਪਯੋਗ ਨਹੀਂ ਕੀਤਾ ਅਤੇ ਜੋ ਲਿਫਾਫੇ ਕਿਸੇ ਵੀ ਤਰ੍ਹਾਂ ਘਰ ਆਏ ਉਹਨਾਂ ਨੂੰ ਬੋਰੀਆਂ ਵਿੱਚ ਇਕੱਠੇ ਕਰਕੇ ਨਗਰ ਕੌਂਸਲ ਕੋਟਕਪੂਰਾ ਦੇ ਵੇਸਟ ਕੁਲੈਕਟਰ ਨੂੰ ਦੇ ਦਿੱਤੇ। ਜ਼ਿਲਾ ਟੋਲੀ ਇਨਚਾਰਜ ਸਚਿਨ ਕੁਮਾਰ ਅਤੇ ਉਦੇ ਰੰਦੇਵ ਨੇ ਦੱਸਿਆ ਕਿ ਸਾਡੀ ਸਾਰਿਆਂ ਦੀ ਇਹ ਨੈਤਿਕ ਜ਼ਿੰਮੇਵਾਰੀ ਬਣਦੀ ਹੈ ਕਿ ਅਸੀਂ ਸਭ ਪਹਿਲਾਂ ਆਪਣੇ ਘਰ ਪਰਿਵਾਰ ਛੋਟੇ ਬੱਚਿਆਂ ਨੂੰ ਖੁਦ ਇਹਨਾਂ ਦੇ ਨੁਕਸਾਨ ਬਾਰੇ ਜਾਣਕਾਰੀ ਦਿੰਦੇ ਰਹੀਏ ਅਤੇ ਓਹਨਾ ਨੂੰ ਵੀ ਸਮਾਜ ਸੇਵੀ ਗਤੀਵਿਧੀਆਂ ਵਿਚ ਸ਼ਾਮਿਲ ਕਰੀਏ ਤਾਂ ਕਿ ਇਹਨਾਂ ਸਮੱਸਿਆਵਾਂ ਦਾ ਹੱਲ ਹੋ ਸਕੇ।

# 25 ਵਿਅਕਤੀਆਂ ਦੇ ਤੰਬਾਕੂਨੋਸ਼ੀ ਤਹਿਤ ਚਲਾਨ ਕੱਟ 2250 ਰੁਪਏ ਦਾ ਜੁਰਮਾਨਾ ਵਸੂਲਿਆ

**ਫਗਵਾੜਾ 16 ਜਨਵਰੀ (ਬੀ.ਕੇ.ਰੱਤੂ)** ਸਿਵਲ ਸਰਜਨ ਕਪੂਰਥਲਾ ਡਾ ਗੁਰਵਿੰਦਰਵੀਰ ਕੋਰ ਦੇ ਹੁਕਮਾਂ ਅਤੇ ਜ਼ਿਲ੍ਹਾ ਸਿਹਤ ਅਫ਼ਸਰ ਕਪੂਰਥਲਾ ਡਾ ਕੁਲਜੀਤ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸੀਨੀਅਰ ਮੈਡੀਕਲ ਅਫਸਰ ਡਾ ਮਨਜੀਤ ਸਿੰਘ ਸੋਢੀ ਦੀ ਨਿਗਰਾਨੀ ਹੇਠ ਟੀਮ ਇੰਚਾਰਜ ਸੀਨੀਅਰ ਹੈਲਥ ਇੰਸਪੈਕਟਰ ਕੰਵਲਜੀਤ ਸਿੰਘ ਸੰਧੂ,ਹੈਲਥ ਇੰਸਪੈਕਟਰ ਬਲਿਹਾਰ ਚੰਦ, ਹੈਲਥ ਇੰਸਪੈਕਟਰ ਗੁਰਮੇਜ਼ ਸਿੰਘ , ਸੁਖਦੇਵ ਸਿੰਘ,ਲਖਵਿੰਦਰ ਸਿੰਘ,ਐਮ ਪੀ ਐਚ ਡਬਲਯੂ ਹਰਦੀਪ ਸਿੰਘ,ਗੁਰਿੰਦਰ ਸਿੰਘ ਆਦਿ ਵਲੋਂ ਬੱਸ ਸਟੈਂਡ,ਖੇੜਾ ਰੋਡ,






ਸਟੇਸ਼ਨ ਰੋਡ,ਰੇਲਵੇ ਸਟੇਸ਼ਨ ਵਿਖੇ 25 ਵਿਅਕਤੀਆਂ ਦੇ ਤੰਬਾਕੂਨੋਸ਼ੀ ਤਹਿਤ ਚਲਾਨ ਕੱਟ 2250 ਰੁਪਏ ਜੁਰਮਾਨਾ ਵਸੂਲਿਆ ਗਿਆ। ਇਸ ਦੌਰਾਨ 6 ਵਿਅਕਤੀਆਂ ਨੂੰ ਚਿਤਾਵਨੀ ਦੇ ਕੇ ਛੱਡਿਆ ਗਿਆ। ਟੀਮ ਇੰਚਾਰਜ ਕੰਵਲਜੀਤ ਸਿੰਘ ਸੰਧੂ ਨੇ ਦੱਸਿਆ ਕਿ ਤੰਬਾਕੂ ਨਾਲ ਗਲੇ ਦਾ ਕੈਂਸਰ ਤੇ ਹੋਰ ਭਿਆਨਕ ਬੀਮਾਰੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਲਈ ਸਾਨੂੰ ਇਸ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਤੰਬਾਕੂ ਦੀ ਆਦਤ ਤੋਂ ਛੁਟਕਾਰਾ ਪਾਉਣ ਲਈ ਸਹੀ ਡਾਕਟਰੀ ਇਲਾਜ ਬਹੁਤ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਮਰੀਜ ਨੂੰ ਅਪਣੀ ਸੋਚ ਸਾਕਾਰਾਤਮਕ ਰੱਖਣੀ ਚਾਹੀਦੀ ਹੈ ਅਤੇ ਅਪਣੀ ਰੋਜ਼ਾਨਾ ਜ਼ਿੰਦਗੀ ਵਿੱਚ ਕਸਰਤ ਨੂੰ ਸ਼ਾਮਲ ਕਰਨਾ ਚਾਹੀਦਾ ਹੈ ਉਨ੍ਹਾਂ ਕਿਹਾ ਕਿ ਦ੍ਰਿੜ ਇੱਛਾ ਸ਼ਕਤੀ ਨਾਲ ਇਸ ਆਦਤ ਨੂੰ ਛੱਡਿਆਂ ਜਾ ਸਕਦਾ ਹੈ।

# ਰਾਜ ਪੱਧਰੀ ਮੁਕਾਬਲੇ ਵਿੱਚ ਤਿੰਨ ਸੋਨ ਤਗਮੇ ਜਿੱਤਣ ਵਾਲੇ ਐਥਲੀਟ ਹਰਦੀਪ ਸਿੰਘ ਦਾ ਸਨਮਾਨ

## ਭਗਵੰਤ ਮਾਨ ਸਰਕਾਰ ਖੇਡਾਂ ਅਤੇ ਖਿਡਾਰੀਆਂ ਨੂੰ ਉਤਸ਼ਾਹਿਤ ਕਰਨ ਲਈ ਹਰ ਸੰਭਵ ਯਤਨ ਕਰ ਰਹੀ ਹੈ- ਲਲਿਤ ਸਕਲਾਨੀ

**ਫਗਵਾੜਾ 15 ਜਨਵਰੀ (ਬੀ.ਕੇ.ਰੱਤੂ)–** ਕਮਲਾ ਨਹਿਰੂ ਪਬਲਿਕ ਸਕੂਲ ਫਗਵਾੜਾ ਵਿਖੇ ਸਰੀਰਕ ਸਿੱਖਿਆ ਅਧਿਆਪਕ ਵਜੋਂ ਸੇਵਾਵਾਂ ਨਿਭਾ ਰਹੇ ਅਥਲੀਟ ਹਰਦੀਪ ਸਿੰਘ ਪੁੱਤਰ ਚਰਨਜੀਤ ਸਿੰਘ, ਜਿਸ ਨੇ ਚੰਡੀਗੜ੍ਹ ਵਿਖੇ ਹੋਏ ਰਾਜ ਪੱਧਰੀ ਮਾਸਟਰਜ਼ ਅਥਲੈਟਿਕਸ ਮੁਕਾਬਲੇ ਵਿਚ ਤਿੰਨ ਸੋਨ ਤਗਮੇ ਜਿੱਤ ਕੇ ਬੰਗਲੁਰੂ (ਕਰਨਾਟਕ) ਵਿੱਚ ਹੋਣ ਵਾਲੀ ਰਾਸ਼ਟਰੀ ਪ੍ਰਤਿਯੋਗਿਤਾ ਲਈ ਕੁਆਲੀਫਾਈ ਕੀਤਾ ਹੈ, ਉਸ ਨੂੰ ਆਮ ਆਦਮੀ ਪਾਰਟੀ ਦੀ ਜ਼ਿਲ੍ਹਾ ਪ੍ਰਧਾਨ ਤੇ ਯੋਜਨਾ ਬੋਰਡ ਕਪੂਰਥਲਾ ਦੀ ਚੇਅਰਮੈਨ ਲਲਿਤ ਸਕਲਾਨੀ ਅਤੇ ਜ਼ਿਲ੍ਹਾ ਸਕੱਤਰ ਡਾ: ਜਤਿੰਦਰ ਸਿੰਘ ਪਰਹਾਰ ਵਲੋਂ ਸਨਮਾਨਿਤ ਕਰਕੇ ਹੌਸਲਾ ਅਫਜਾਈ ਕੀਤੀ ਗਈ। ਇਸ ਦੌਰਾਨ ਅਥਲੀਟ ਹਰਦੀਪ ਸਿੰਘ ਨੇ ਦੱਸਿਆ ਕਿ ਉਸ ਨੇ ਲੰਬੀ ਛਾਲ ਅਤੇ ਡਿਸਕਸ ਥਰੋਅ ਮੁਕਾਬਲੇ ਵਿੱਚ ਇਹ ਉਪਲਬਧੀ ਹਾਸਲ ਕੀਤੀ ਹੈ।

ਮੈਡਮ ਲਲਿਤ ਸਕਲਾਨੀ ਨੇ ਅਥਲੀਟ ਹਰਦੀਪ ਸਿੰਘ ਨੂੰ ਸ਼ੁਭ ਇੱਛਾਵਾਂ ਦਿੰਦਿਆਂ ਕਿਹਾ ਕਿ ਪੰਜਾਬ ਦੀ ਭਗਵੰਤ ਮਾਨ ਸਰਕਾਰ ਖੇਡਾਂ ਅਤੇ ਖਿਡਾਰੀਆਂ ਨੂੰ ਉਤਸ਼ਾਹਿਤ ਕਰਨ ਲਈ ਹਰ ਸੰਭਵ ਯਤਨ ਕਰ ਰਹੀ ਹੈ। ਸਰਕਾਰ ਦਾ ਟੀਚਾ ਪੰਜਾਬ ਨੂੰ ਮੁੜ ਖੇਡਾਂ ਵਿੱਚ ਨੰਬਰ ਇੱਕ ਸੂਬੇ ਦਾ ਦਰਜਾ ਦੁਵਾਉਣਾ ਹੈ।



****

# ਨਿਪੁੰਨ ਭਾਰਤ ਮਿਸ਼ਨ ਤਹਿਤ ਜ਼ਿਲ੍ਹਾ ਪ੍ਰੋਜੈਕਟ ਮੈਨੇਜਮੈਂਟ ਯੂਨਿਟ ਦੀ ਬੈਠਕ ਆਯੋਜਿਤ

## ਮੀਟਿੰਗ ਦੌਰਾਨ ਬੱਚਿਆਂ ਨੂੰ ਗੁਣਾਤਮਿਕ ਸਿੱਖਿਆ ਦੇਣ ਲਈ ਬਣਾਈ ਗਈ ਯੋਜਨਾਬੰਦੀ






**ਪਠਾਨਕੋਟ, 16 ਜਨਵਰੀ (ਰਾਜਿੰਦਰ ਸਿੰਘ ਰਾਜਨ)** ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਅਤੇ ਨਿਪੁੰਨ ਭਾਰਤ ਮਿਸ਼ਨ ਡਾਇਰੈਕਟਰ ਸ੍ਰੀਮਤੀ ਕਮਲਦੀਪ ਕੌਰ ਦੀ ਅਗਵਾਈ ਹੇਠ ਨਿਪੁੰਨ ਭਾਰਤ ਮਿਸ਼ਨ ਤਹਿਤ ਜ਼ਿਲ੍ਹਾ ਪ੍ਰੋਜੈਕਟ ਮੈਨੇਜਮੈਂਟ ਯੂਨਿਟ ਦਾ ਗਠਨ ਕੀਤਾ ਗਿਆ ਅਤੇ ਮਹੀਨਾਵਾਰ ਬੈਠਕ ਆਯੋਜਿਤ ਕਰ ਬੱਚਿਆਂ ਨੂੰ ਗੁਣਾਤਮਿਕ ਸਿੱਖਿਆ ਦੇਣ ਲਈ ਯੋਜਨਾਬੰਦੀ ਕੀਤੀ ਗਈ। ਬੈਠਕ ਦੌਰਾਨ ਮਿਸ਼ਨ ਕੋ ਡਾਇਰੈਕਟਰ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਸ੍ਰੀ ਰਾਜੇਸ਼ ਕੁਮਾਰ ਅਤੇ ਡਾਇਟ ਪ੍ਰਿੰਸੀਪਲ ਸ੍ਰੀ ਹਰਿੰਦਰ ਸਿੰਘ ਸੈਣੀ ਅਤੇ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸ੍ਰੀ ਡੀਜੀ ਸਿੰਘ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ। ਬੈਠਕ ਸਬੰਧੀ ਜਾਣਕਾਰੀ ਦਿੰਦਿਆਂ ਮਿਸ਼ਨ ਡਾਇਰੈਕਟਰ ਕਮ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸ੍ਰੀਮਤੀ ਕਮਲਦੀਪ ਕੌਰ ਅਤੇ ਕੋ- ਮਿਸ਼ਨ ਡਾਇਰੈਕਟਰ ਕਮ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਸ੍ਰੀ ਰਾਜੇਸ਼ ਕੁਮਾਰ ਨੇ ਦੱਸਿਆ ਕਿ ਨਿਪੁੰਨ ਭਾਰਤ ਮਿਸ਼ਨ ਤਹਿਤ ਹਰ ਬੱਚੇ ਨੂੰ ਮਿਆਰੀ ਅਤੇ ਗੁਣਾਤਮਿਕ ਸਿੱਖਿਆ ਦੇਣ ਲਈ ਇਸ ਯੂਨਿਟ ਦਾ ਗਠਨ ਕੀਤਾ ਗਿਆ ਹੈ।

ਜਿਸ ਵਿੱਚ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸ੍ਰੀਮਤੀ ਕਮਲਦੀਪ ਕੌਰ ਨੂੰ ਮਿਸ਼ਨ ਡਾਇਰੈਕਟਰ, ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਸ੍ਰੀ ਰਾਜੇਸ਼ ਕੁਮਾਰ ਨੂੰ ਕੋ- ਮਿਸ਼ਨ ਡਾਇਰੈਕਟਰ, ਡਾਇਟ ਪ੍ਰਿੰਸੀਪਲ ਸ੍ਰੀ ਹਰਿੰਦਰ ਸਿੰਘ ਸੈਣੀ ਨੂੰ ਕੋ- ਮਿਸ਼ਨ ਡਾਇਰੈਕਟਰ, ਜ਼ਿਲ੍ਹਾ ਕੋਆਰਡੀਨੇਟਰ ਪੜ੍ਹੋ ਪੰਜਾਬ ਪੜ੍ਹਾਓ ਪੰਜਾਬ ਵਨੀਤ ਮਹਾਜਨ ਨੂੰ ਜ਼ਿਲ੍ਹਾ ਮਿਸ਼ਨ ਕੋਆਰਡੀਨੇਟਰ, ਬੀਐਮਟੀ ਨਵਜੀਵਨ ਸਿੰਘ ਨੂੰ ਮੈਂਬਰ, ਬੀਐਮਟੀ ਅਧੀਰ ਮਹਾਜਨ ਨੂੰ ਮੈਂਬਰ, ਸੀਐਚਟੀ ਸਪ੍ਰਸ ਛੱਤਵਾਲ ਰਮਨ ਕੁਮਾਰ ਨੂੰ ਮੈਂਬਰ , ਸੀਐਚਟੀ ਧੋਬੜਾ ਸੁਨੀਲ ਕੁਮਾਰ ਨੂੰ ਮੈਂਬਰ, ਅਜੇ ਕੁਮਾਰ ਸਪ੍ਰਸ ਲੰਜੇਰਾ ਨੂੰ ਮੈਂਬਰ ਵਿਸ਼ਾ ਮਾਹਿਰ, ਸ਼ਾਮ ਲਾਲ ਸਪ੍ਰਸ ਨੱਕੀ ਨੂੰ ਮੈਂਬਰ ਵਿਸ਼ਾ ਮਾਹਿਰ, ਸਮਰਿਤੀ ਸਪ੍ਰਸ ਭੂਰ ਨੂੰ ਮੈਂਬਰ ਵਿਸ਼ਾ ਮਾਹਿਰ, ਸ੍ਰੀਮਤੀ ਰਜੀਵ ਕੰਡਾ ਸਪ੍ਰਸ ਨਲੂੰਗਾ ਨੂੰ ਮੈਂਬਰ ਵਿਸ਼ਾ ਮਾਹਿਰ, ਡੀ.ਜੀ.ਸਿੰਘ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿੱ.) ਪਠਾਨਕੋਟ ਨੂੰ ਮੈਂਬਰ ਸਿੱਖਿਆ ਮਾਹਿਰ ਅਤੇ ਬਲਕਾਰ ਅੱਤਰੀ ਸਪ੍ਰਸ ਮਦਾਰਪੁਰ ਨੂੰ ਮੈਂਬਰ ਮੀਡੀਆ ਮਾਹਿਰ ਬਣਾਇਆ ਗਿਆ ਹੈ। ਉਨ੍ਹਾਂ ਦੱਸਿਆ ਕਿ ਯੂਨਿਟ ਦੀ ਮਹੀਨਾਵਾਰ ਮੀਟਿੰਗ ਦੌਰਾਨ ਯੋਜਨਾਬੰਦੀ ਕੀਤੀ ਗਈ ਕਿ ਜਮਾਤ ਤੀਜੀ ਤੱਕ ਦੇ ਬੱਚਿਆਂ ਨੂੰ ਮੁੱਖ ਤੌਰ ਤੇ ਫੋਕਸ ਕਰਦੇ ਹੋਏ ਇਹ ਸੁਨਿਸ਼ਚਿਤ ਕੀਤਾ ਜਾਵੇ ਕਿ ਜ਼ਿਲ੍ਹੇ ਦੇ ਸਮੂਹ ਸਕੂਲਾਂ ਵਿੱਚ ਤੀਜੀ ਜਮਾਤ ਤੱਕ ਪੜ੍ਹਦੇ ਸਾਰੇ ਬੱਚਿਆਂ ਨੂੰ ਵਿਭਾਗ ਦੇ ਦਿੱਤੇ ਗਏ ਟੀਚਿਆਂ ਤੱਕ ਲੈਕੇ ਜਾਣ ਲਈ ਇੱਕ ਵਿਉਂਤਬੰਦੀ ਨਾਲ ਕੰਮ ਕੀਤਾ ਜਾਵੇ ਤਾਂ ਜੋ ਤੀਜੀ ਜਮਾਤ ਤੱਕ ਦੇ ਸਾਰੇ ਬੱਚੇ ਪੜ੍ਹ, ਲਿੱਖ ਕੇ ਬੋਲ ਸੱਕਣ।

ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪੱਧਰੀ ਕਮੇਟੀ ਵੱਲੋਂ ਬਣਾਈ ਗਈ ਯੋਜਨਾਬੰਦੀ ਨੂੰ ਜ਼ਮੀਨੀ ਪੱਧਰ ਤੇ ਲਾਗੂ ਕਰਨ ਲਈ ਬਲਾਕ ਪੱਧਰੀ 6 ਮੈਂਬਰੀ ਕਮੇਟੀ ਦਾ ਗਠਨ ਵੀ ਕੀਤਾ ਜਾਵੇਗਾ।

# ਦਿਵਿਆਂਗਤਾ ਸਰਟੀਫਿਕੇਟ ਤੇ ਵਿਲੱਖਣ ਪਹਿਚਾਣ ਪੱਤਰ ਬਣਾਉਣ ਲਈ ਸਿਵਲ ਹਸਪਤਾਲ ਬਲਾਚੌਰ ਵਿਖੇ ਵਿਸ਼ੇਸ਼ ਕੈਂਪ 20 ਨੂੰ

**ਸੜੋਆ (ਸਤਨਾਮ ਸਿੰਘ ਸਹੂੰਗੜਾ)** ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਅਤੇ ਸਿਵਲ ਸਰਜਨ ਡਾ. ਦਵਿੰਦਰ ਢਾਂਡਾ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਸੀਨੀਅਰ ਮੈਡੀਕਲ ਅਫਸਰ ਡਾ. ਕੁਲਵਿੰਦਰ ਮਾਨ ਦੀ ਅਗਵਾਈ ਹੇਠ 20 ਜਨਵਰੀ ਨੂੰ ਲੈਫ. ਜਨਰਲ ਬਿਕਰਮ ਸਿੰਘ ਸਬ ਡਵੀਜ਼ਨਲ ਹਸਪਤਾਲ ਬਲਾਚੌਰ ਵਿਖੇ ਦਿਵਿਆਂਗ ਵਿਅਕਤੀਆਂ ਦੇ ਦਿਵਿਆਂਗਤਾ ਸਰਟੀਫਿਕੇਟ ਅਤੇ ਵਿਲੱਖਣ ਪਹਿਚਾਣ ਪੱਤਰ (ਯੂ.ਡੀ.ਆਈ.ਡੀ.) ਬਣਾਉਣ ਲਈ ਵਿਸ਼ੇਸ਼ ਕੈਂਪ ਲਗਾਇਆ ਜਾਵੇਗਾ। ਇਹ ਵਿਸ਼ੇਸ਼ ਕੈਂਪ ਸਵੇਰੇ 9:00 ਵਜੇ ਤੋਂ ਸ਼ਾਮ 5 ਵਜੇ ਤੱਕ ਚੱਲੇਗਾ। ਇਸ ਮੁਹਿੰਮ ਦੀ ਵਿਸਤ੍ਰਤ ਜਾਣਕਾਰੀ ਦਿੰਦਿਆਂ ਸੀਨੀਅਰ ਮੈਡੀਕਲ ਅਫਸਰ ਡਾ. ਕੁਲਵਿੰਦਰ ਮਾਨ ਨੇ ਦੱਸਿਆ ਕਿ ਸਿਹਤ ਵਿਭਾਗ ਦਿਵਿਆਂਗ ਵਿਅਕਤੀਆਂ ਦੀ ਭਲਾਈ ਲਈ ਹਮੇਸ਼ਾ ਵਚਨਬੱਧ ਹੈ ਅਤੇ ਉਨ੍ਹਾਂ ਨੂੰ ਸਰਕਾਰੀ ਸਕੀਮਾਂ ਦਾ ਲਾਭ ਦਿਵਾਉਣ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾ ਰਹੀ ਹੈ। ਡਾ. ਮਾਨ ਨੇ ਦੱਸਿਆ ਕਿ ਜਿਨ੍ਹਾਂ ਦਿਵਿਆਂਗ ਵਿਅਕਤੀਆਂ ਕੋਲ ਸਿਹਤ ਵਿਭਾਗ ਦੁਆਰਾ ਜਾਰੀ ਆਫ਼-ਲਾਈਨ ਸਰਟੀਫਿਕੇਟ ਹਨ, ਉਹ ਇਹ ਵਿਲੱਖਣ ਪਹਿਚਾਣ ਪੱਤਰ ਪ੍ਰਾਪਤ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਜੋ ਵਿਅਕਤੀ ਨਵਾਂ ਦਿਵਿਆਂਗਤਾ ਸਰਟੀਫਿਕੇਟ ਬਣਾਉਣਾ ਚਾਹੁੰਦੇ ਹਨ, ਉਹ ਸੀਨੀਅਰ ਮੈਡੀਕਲ ਅਫਸਰ ਨਾਲ ਸੰਪਰਕ ਕਰ ਸਕਦੇ ਹਨ। ਸੀਨੀਅਰ ਮੈਡੀਕਲ ਅਫਸਰ ਡਾ. ਕੁਲਵਿੰਦਰ ਮਾਨ ਨੇ ਕਿਹਾ ਕਿ ਇਸ ਦਿਵਿਆਂਗਤਾ ਸਰਟੀਫਿਕੇਟ ਨਾਲ ਇੱਕ ਪਾਸੇ ਦਿਵਿਆਂਗ ਵਿਅਕਤੀ ਸਾਰੀਆਂ ਸਰਕਾਰੀ ਸਹੂਲਤਾਂ ਪ੍ਰਾਪਤ ਕਰ ਸਕਣਗੇ ਅਤੇ ਦੂਜੇ ਪਾਸੇ ਉਨ੍ਹਾਂ ਨੂੰ ਸਮਾਜ ਦੀ ਮੁੱਖ-ਧਾਰਾ ਵਿੱਚ ਲਿਆਂਦਾ ਜਾ ਸਕੇਗਾ। ਉਨ੍ਹਾਂ ਨੇ ਦਿਵਿਆਂਗ ਵਿਅਕਤੀਆਂ ਨੂੰ ਇਨ੍ਹਾਂ ਵਿਸ਼ੇਸ਼ ਕੈਂਪਾਂ ਦਾ ਭਰਪੂਰ ਲਾਹਾ ਲੈਂਦਿਆਂ ਆਪਣੇ ਦਿਵਿਆਂਗਤਾ ਸਰਟੀਫਿਕੇਟ ਬਣਵਾਉਣ ਦੀ ਅਪੀਲ ਕੀਤੀ ਹੈ।



# ਭਾਰਤੀਯ ਅੰਬੇਡਕਰ ਮਿਸ਼ਨ ਦੀ 2023 ਲਈ ਚੌਥੀ ਸੂਚੀ ਜਾਰੀ

**ਸੜੋਆ (ਸਤਨਾਮ ਸਿੰਘ ਸਹੂੰਗੜਾ)** ਭਾਰਤੀਯ ਅੰਬੇਡਕਰ ਮਿਸ਼ਨ ਦੇ ਮੁੱਖ ਸਰਪ੍ਰਸਤ ਸ਼੍ਰੀਮਤੀ ਪੂਨਮ ਕਾਂਗੜਾ ਵਲੋਂ ਬਾਬਾ ਸਾਹਿਬ ਡਾਕਟਰ ਅੰਬੇਡਕਰ ਜੀ ਦੇ ਵੱਡਮੁੱਲੇ ਮਿਸ਼ਨ ਨੂੰ ਘਰ-ਘਰ ਤੱਕ ਪਹੁੰਚਦਾ ਕਰਨ ਲਈ ਅੱਜ ਸਤਿਕਾਰਯੋਗ ਮੈਂ-ਬਰਾਂ ਨੂੰ ਸਤਿਕਾਰਤ ਅਹੁਦਿਆਂ ਨਾਲ ਨਿਵਾਜ ਕੇ ਮਿਸ਼ਨ ਨੂੰ ਸਮਰਪਿਤ ਨੂੰ ਹੋਣ ਦੀ ਪ੍ਰੇਰਨਾ ਕੀਤੀ। ਅਤੇ ਮੁੱਖ ਸਰਪ੍ਰਸਤ ਸ਼੍ਰੀਮਤੀ ਪੂਨਮ ਕਾਂਗੜ ਜੀ ਦੀ ਵਿਸ਼ੇਸ਼ ਅਨੁਮਤੀ ਨਾਲ ਮਿਸ਼ਨ ਦੇ ਕੌਮੀ ਪ੍ਰਧਾਨ ਸ਼੍ਰੀ ਦਰਸ਼ਨ ਸਿੰਘ ਕਾਂਗੜਾ ਵੱਲੋਂ ਸਾਲ 2023 ਲਈ ਭਾਰਤੀਯ ਅੰਬੇਡਕਰ ਮਿਸ਼ਨ ਦੀ ਅੱਜ ਤੀਸਰੀ ਸੂਚੀ ਜਾਰੀ ਕੀਤੀ ਗਈ। ਇਸ ਵਿੱਚ ਹੇਠ ਲਿਖੇ ਨਾਵਾਂ ਨੂੰ ਅਹੁਦੇਦਾਰਾਂ ਦੇ ਰੂਪ ਵਿੱਚ ਸ਼ਾਮਲ ਕਰਦਿਆਂ ਹੋਇਆਂ ਮਹਿਲਾ ਵਿੰਗ ਦੀ ਸੂਬਾ ਪ੍ਰਧਾਨ ਹਰਜਿੰਦਰ ਕੌਰ ਚੱਬੇਵਾਲ ਤੋਂ ਬਾਅਦ ਮਹਿਲਾ ਵਿੰਗ ਦੇ 12 ਸੂਬਾ ਜਨਰਲ ਸਕੱਤਰ,14 ਸੂਬਾ ਸਕੱਤਰ ਅਤੇ 18 ਜ਼ਿਲ੍ਹਾ ਪ੍ਰਧਾਨਾਂ ਦੀ ਘੋਸ਼ਣਾ ਕੀਤੀ।

ਇਹਨਾਂ ਸਮਾਜ ਦੀਆਂ ਸੂਝਵਾਨ 12 ਮਹਿਲਾਵਾਂ ਨੂੰ ਸੂਬਾ ਜਨਰਲ ਸਕੱਤਰ ਦੇ ਅਹੁਦੇ ਲਈ ਨਿਯੁਕਤ ਕੀਤਾ ਗਿਆ।

1) ਜਸਵਿੰਦਰ ਕੌਰ ਬਾਗੜੀਆਂ ਚੇਅਰਪ੍ਰਸਨ ਬਲਾਕ ਸੰਮਤੀ ਮਾਲੇਰਕੋਟਲਾ,
2) ਸਰਬਜੀਤ ਕੌਰ ਸਾਬਕਾ ਚੇਅਰਪ੍ਰਸਨ ਬਲਾਕ ਸੰਮਤੀ ਬਰਨਾਲਾ,
3) ਪ੍ਰਿਯੰਕਾ ਅਨੰਦ ਲੁਧਿਆਣਾ,
4) ਬੇਅੰਤ ਕੌਰ ਸੁਪਰਡੈਂਟ ਸੰਗਰੂਰ,
5)ਰਾਣੀ ਕੌਰ ਠੀਕਰੀਵਾਲ,
6) ਸੱਤਪਾਲ ਕੌਰ ਬਹਾਦਰਪੁਰ,(ਮੈਂਬਰ ਬਲਾਕ ਸੰਮਤੀ)
7) ਜਸਵਿੰਦਰ ਕੌਰ ਸੰਗਤੀਵਾਲਾ (ਮੈਂਬਰ ਬਲਾਕ ਸੰਮਤੀ)
8) ਸ਼ਾਲੂ ਭੱਟੀ ਕੌਂਸਲਰ ਪਠਾਨਕੋਟ,
9) ਚਰਨਜੀਤ ਕੌਰ ਭਦੌੜ,
10) ਜਸਵਿੰਦਰ ਕੌਰ ਰਾਮਗੜ੍ਹ ਬਰਨਾਲਾ,
11) ਬਲਵਿੰਦਰ ਕੌਰ ਸਰਪੰਚ ਝੰਜੋਵਾਲ ਹੁਸ਼ਿਆਰਪੁਰ,
12) ਹਰਵਿੰਦਰ ਕੌਰ ਕੌਂਸਲਰ ਭਵਾਨੀਗੜ੍ਹ ।



ਭਾਰਤੀਯ ਅੰਬੇਡਕਰ ਮਿਸ਼ਨ ਮਹਿਲਾ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਤੇ ਸੂਬਾ ਕਮੇਟੀ।

ਇਨ੍ਹਾਂ 14 ਸੂਝਵਾਨ ਮਹਿਲਾਵਾਂ ਨੂੰ ਸਕੱਤਰਾਂ ਦੀ ਨਿਯੁਕਤੀ ਕੀਤੀ ਗਈ।

1) ਅਮਨਦੀਪ ਕੌਰ ਚੱਕ ਭਾਈ ਕਾ ਲੁਧਿਆਣਾ,
2) ਗਗਨਦੀਪ ਕੌਰ ਕੋਟਭਾਰਾ ਬਠਿੰਡਾ,
3) ਸੁਖਵਿੰਦਰ ਕੌਰ ਧੂਰੀ,
4 )ਹਰਜੀਤ ਕੌਰ ਪਟਿਆਲਾ,
5) ਬਬਲੀ ਸੱਭਰਵਾਲ ਸ਼੍ਰੀ ਅੰਮ੍ਰਿਤਸਰ ਸਾਹਿਬ,
6) ਬਿੰਦੋ ਕੌਰ ਮਲਵਾਲਾ ਬਠਿੰਡਾ,
7) ਜਸਮੇਲ ਕੌਰ ਬਠਿੰਡਾ,
8) ਪਿੰਕੀ ਰਾਨੀ ਸੁਨਾਮ,
9) ਪਰਮਜੀਤ ਕੌਰ ਤਾਜੋਕੇ,
10) ਅਮਰਜੀਤ ਕੌਰ ਘੁੰਨਸ ਬਰਨਾਲਾ,
11) ਮਨਜੀਤ ਕੌਰ ਕੱਟੂ,
12) ਅੰਜੂ ਰਾਣੀ ਫ਼ਰੀਦਕੋਟ,
13 ਰਫੀਆ ਬੇਗਮ ਮਾਲੇਰਕੋਟਲਾ,
14) ਸੁਰਜੀਤ ਕੌਰ ਜੌਹਲ ਜਲੰਧਰ

ਇਸ ਤੋਂ ਇਲਾਵਾ ਇਨ੍ਹਾਂ 18 ਸੂਝਵਾਨ ਮਹਿਲਾਵਾਂ ਨੂੰ ਜ਼ਿਲ੍ਹਾ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ

1) ਸੁਰਿੰਦਰ ਕੌਰ ਬੁਗਰਾ (ਸੰਗਰੂਰ)
2) ਸੁਨੈਨਾ ਗਿੱਲ (ਮਾਲੇਰਕੋਟਲਾ)
3) ਪਰਮਜੀਤ ਕੌਰ ਧੌਲਾ (ਬਰਨਾਲਾ)
4) ਰਾਣੀ ਕੌਰ (ਬਠਿੰਡਾ ਸ਼ਹਿਰੀ)
5) ਗੁਰਮੇਲ ਕੌਰ (ਬਠਿੰਡਾ ਦਿਹਾਤੀ)
6) ਰਾਣੀ ਦੇਵੀ (ਫਿਰੋਜ਼ਪੁਰ)
7) ਮਨਦੀਪ ਕੌਰ (ਮੋਗਾ)
8) ਬਲਵੀਰ ਕੌਰ (ਲੁਧਿਆਣਾ ਸ਼ਹਿਰੀ)
9) ਜੌਤੀ ਲੋਹਾਰਾ (ਲੁਧਿਆਣਾ)
10) ਰੁਪਿੰਦਰ ਕੌਰ (ਨਵਾਂ ਸ਼ਹਿਰ)
11) ਹਰਪਾਲ ਕੌਰ ਸਰਪੰਚ ਮੋਤੀਆਂ (ਹੁਸ਼ਿਆਰਪੁਰ ਦਿਹਾਤੀ)
12 ਨਵਿਤਾ ਕੁਮਾਰੀ (ਗੁਰਦਾਸਪੁਰ)
13) ਕਮਲਜੀਤ ਕੌਰ (ਐਸ ਏ ਐਸ ਨਗਰ, ਮੁਹਾਲੀ)
14) ਜਸਬੀਰ ਕੌਰ (ਖੰਨਾ)
15) ਮਨਪ੍ਰੀਤ ਕੌਰ ਸਰਪੰਚ ਲਚਕਾਣੀ (ਪਟਿਆਲਾ ਦਿਹਾਤੀ)
16) ਰੀਨਾ ਕੁਮਾਰੀ (ਹੁਸ਼ਿਆਰਪੁਰ ਸ਼ਹਿਰੀ)
17) ਰਾਜ ਕੁਮਾਰੀ ਦੌਲਤਪੁਰ (ਪਠਾਨਕੋਟ)
18) ਮਨਦੀਪ ਕੌਰ ਸਰਪੰਚ ਤੁਰਾਂ ਨੂੰ ਜ਼ਿਲ੍ਹਾ ਪ੍ਰਧਾਨ (ਸ਼੍ਰੀ ਫ਼ਤਹਿਗੜ੍ਹ ਸਾਹਿਬ) ਨਿਯੁਕਤ ਕੀਤਾ ਗਿਆ ਹੈ।

# ਮੁਕਤਸਰ ਦਾ ਯੁੱਧ ਜਾਂ ਮਾਘੀ ਦਾ ਤੀਰਥ ਇਸ਼ਨਾਨ?

**(ਸਫਾ 6 ਦੀ ਬਾਕੀ)**

ਸਿੰਘ ਨਾਲ ਮਾਛੀਵਾੜੇ ਤੋਂ ਚੱਲ ਪਏ, ਭਾਈ ਦਇਆ ਸਿੰਘ ਮੋਰ ਦੀ ਚੌਰ ਕਰਦੇ ਗਏ।ਰਸਤੇ ਵਿੱਚ ਸੂਬੇ ਦੇ ਸੂਹੀਏ ਮਿਲੇ, ਪੁਛਿਆ ਇਹ ਕੌਣ ਹਨ? ਪ੍ਰੀਤ ਪਿਆਰਿਆਂ ਕਿਹਾ ਸਾਡੇ ਪੀਰ, ਤਾਂ ਸੂਹੀਆਂ ਦਾ ਸ਼ੱਕ ਦੂਰ ਹੋ ਗਿਆ। ਵੈਸੇ ਵੀ ਭਾਈ ਨਬੀ ਖਾਂ ਤੇ ਗਨੀ ਖਾਂ ਦਾ ਉੱਘੇ ਵਾਪਾਰੀ ਹੋਣ ਕਰਕੇ, ਲੋਕ ਬੜਾ ਮਾਨ ਤਾਨ ਕਰਦੇ ਸਨ।ਇਉਂ ਗੁਰੂ ਜੀ ਕਈ ਪਿੰਡਾਂ ਚੋਂ ਲੰਘਦੇ ਹੋਏ ਆਲਮਗੀਰ ਪਹੁੰਚੇ,ਇਥੇ ਭਾਈ ਮਨੀ ਸਿੰਘ ਦਾ ਵੱਡਾ ਭਾਈ ਨਿਗਾਈਆ ਸਿੰਘ ਆਪਣੇ ਪੁੱਤਰ ਸਮੇਤ ਮਿਲਿਆ।ਦੋਵੇਂ ਪਿਉ-ਪੁੱਤਰ ਵੀ ਘੋੜਿਆਂ ਦੇ ਵਾਪਾਰੀ ਸਨ ਨੇ ਸਤਿਗੁਰਾਂ ਨੂੰ ਇੱਕ ਵਧੀਆ ਘੋੜਾ ਭੇਟ ਕੀਤਾ।ਗੁਰੂ ਜੀ ਹੁਣ ਘੋੜ ਸਵਾਰ ਹੋ ਗਏ ਅਤੇ ਭਾਈ ਨਬੀ ਖਾਂ ਤੇ ਭਾਈ ਗਨੀ ਖਾਂ ਨੂੰ ਵਡਮੁਲੀ ਸੇਵਾ ਲਈ, ਇੱਕ ਯਾਦਗਾਰ ਪੱਤਰ ਦੇ, ਬੜੇ ਸਤਿਕਾਰ ਨਾਲ ਵਿਦਾ ਕੀਤਾ।ਹੁਣ ਗੁਰੂ ਜੀ ਪਿੰਡ ਹੇਹਰੀਂ ਪਹੁੰਚ ਗਏ, ਇਥੇ ਮਹੰਤ ਕ੍ਰਿਪਾਲ ਦਾਸ ਦਾ ਡੇਰਾ ਸੀ ਜਿਸ ਨੇ ਭੰਗਾਣੀ ਦੇ ਯੁੱਧ ਵਿੱਚ, ਆਪਣੇ ਕੁਤਕੇ ਨਾਲ ਵੈਰੀਆਂ ਦੇ ਸਿਰ ਫੇਹੇ ਸਨ, ਦੇ ਚੇਲੇ ਨੇ ਭੜੀ ਆਓ ਭਗਤ ਕੀਤੀ। ਪਰ ਜਦ ਪਤਾ ਲੱਗਾ, ਕਿ ਹਕੂਮਤ ਬਾਗੀ ਗੁਰੂ ਨੂੰ ਪਨਾਹ ਦੇਣ ਵਾਲਿਆਂ ਨੂੰ ਭਾਰੀ ਸਜਾਵਾਂ ਦੇ ਰਹੀ ਹੈ ਤਾਂ ਉਸਨੇ ਗੁਰੂ ਜੀ ਨੂੰ ਜਲਦੀ ਵਿਦਾ ਕਰ ਦਿੱਤਾ।ਇਸ ਤੋਂ ੯ ਮੀਲ ਅੱਗੇ ਸੀਲੋਆਣੀ ਪਹੁੰਚੇ, ਉੱਥੇ ਰਾਇ ਕੋਟ ਦਾ ਚੌਧਰੀ ਰਾਇ ਕੱਲਾ ਆਇਆ ਹੋਇਆ ਸੀ, ਉਸ ਨੇ ਪੀਰ ਸਮਝ ਆਦਰ ਮਾਨ ਦਿੱਤਾ। ਜਦ ਉਸ ਨੂੰ ਮੁਗਲ ਹਕੂਮਤ ਦੀ ਬਦਨੀਤ ਅਤੇ ਜ਼ੁਲਮਾਂ ਦਾ ਪਤਾ ਲੱਗਾ ਤਾਂ ਬੜਾ ਅਫਸੋਸ ਕਰ ਲੋੜੀਂਦੀ ਸੇਵਾ ਲਈ ਆਪਣੇ-ਆਪ ਨੂੰ ਪੇਸ਼ ਕੀਤਾ।ਇਥੋਂ ਹੀ ਰਾਇ ਕੱਲੇ ਨੇ ਇੱਕ ਚੌਧਰੀ ਨੂੰ ਛੋਟੇ ਸਾਹਿਬਜ਼ਾਦਿਆਂ ਦੀ ਖਬਰ ਲੈਣ ਲਈ ਭੇਜਿਆ, ਜਿਸ ਦਾ ਨਾਂ "ਮਾਹੀ" ਸੀ।ਇਥੋਂ ਸਰਹੰਦ ੨੫ ਕੁ ਮੀਲ ਤੇ ਹੈ।ਮਾਹੀ ਅਗਲੇ ਦਿਨ ਹੀ ਸਾਹਿਬਜ਼ਾਦਿਆਂ ਦੀ ਖਬਰ ਲੈ ਆਇਆ ਕਿ ਕਿ ਲੂਣ ਹਰਾਮੀ ਗੰਗੂ ਬਾਮਣ ਨੇ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਨੂੰ ਮੁੱਖਬਰੀ ਕਰਕੇ ਫੜਾੜਿਆ ਫਿਰ ਪਾਪੀ ਅਤੇ ਕੌਮ ਧਰੋਹੀ ਸੁੱਚਾ ਨੰਦ ਦੇ ਇਹ ਕਹਿਣ 'ਤੇ ਕਿ ਇਹ ਸਪੋਲੀਏ ਨੇ ਸੱਪ ਦੇ ਬੱਚੇ ਮਾਰ ਦੇਣੇ ਹੀ ਮੁਨਸਬ ਹਨ ਪਰ ਕਾਜੀ ਨੇ ਕਿਹਾ, ਜਨਾਬ ਕੁਰਾਨਿ ਪਾਕ ਮਸੂਮਾਂ ਤੇ ਜੁਲਮ ਦੀ ਇਜ਼ਾਜਤ ਨਹੀਂ ਦਿੰਦਾ। ਮਲੇਰ ਕੋਟਲੇ ਦਾ ਨਵਾਬ ਸ਼ੇਰ ਖਾ ਵੀ ਹਾਅ ਦਾ ਨਾਹਰਾ ਮਾਰਦਾ ਸੂਬੇ ਦੀ ਕਚਿਹਰੀ ਚੋਂ ਵਾਕ ਆਊਟ ਕਰ ਗਿਆ ਤਾਂ ਸੂਬੇ ਨੇ ਸ਼ਾਹੀ ਕਾਜ਼ੀ ਤੋਂ ਫਤਵਾ ਲੈ, ਮਸੂਮ ਜਿੰਦਾ ਨੂੰ ਬੜੀ ਬੇ ਦਰਦੀ ਨਾਲ ਦੀਵਾਰ ਵਿੱਚ ਚਿਣ ਅਤੇ ਮਾਤਾ ਗੁਜਰੀ ਜੀ ਨੂੰ ਵੀ ਠੰਡੇ ਬੁਰਜ ਵਿੱਚ ਸ਼ਹੀਦ ਕਰ ਦਿੱਤਾ। ਜਿਸ ਬੁਰਜ ਦਾ ਨਾਮੋਂ ਨਿਸ਼ਾਨ ਅੱਜ ਦੇ ਕਾਰ ਸੇਵਾ ਵਾਲੇ ਭੇਖੀ ਸਾਧਾਂ ਨੇ ਮਿਟਾ ਦਿੱਤਾ ਹੈ।

ਇਹ ਸੁਣ ਗੁਰੂ ਜੀ ਬੋਲੇ ਜਦੋਂ ਕੋਈ ਜ਼ਾਬਰ ਹਕੂਮਤ ਇਤਨੀ ਗਿਰਾਵਟ ਤੱਕ ਆ ਜਾਵੇ ਤਾਂ ਉਸ ਦਾ ਅੰਤ ਨੇੜੇ ਹੁੰਦਾ ਹੈ। ਗੁਰੂ ਜੀ ਨੇ ਤੀਰ ਦੀ ਨੋਕ ਨਾਲ, ਕਾਹੀ ਦਾ ਬੂਟਾ ਜੜੋਂ ਪੁੱਟਦਿਆਂ ਕਿਹਾ ਕਿ ਹੁਣ ਜ਼ਾਲਮ ਮੁਗਲ ਹਕੂਮਤ ਦੀਆਂ ਜੜਾਂ ਪੁੱਟੀਆਂ ਗਈਆਂ! ਚੌਧਰੀ ਰਾਇ ਕੱਲੇ ਨੇ ਵਿਦਾਇਗੀ ਸਮੇਂ ਵਧੀਆ ਘੋੜੇ ਤੇ ਸ਼ਸਤਰ ਭੇਟ ਕੀਤੇ। ਗੁਰੂ ਜੀ ਨੇ ਪਿਆਰ ਭਰੀ ਯਾਦਗਰ ਵਜੋਂ ਗਾਤਰੇ ਦੀ ਕ੍ਰਿਪਾਨ ਭਾਈ ਰਾਏ ਕੱਲੇ ਨੂੰ ਦਿੱਤੀ।ਅੱਗੇ ਸਤਿਗੁਰੂ ਜੀ ਦੀਨੇ ਪਹੁੰਚ ਗਏ, ਇੱਥੇ ਰਾਏ ਜੋਧ ਦੇ ਪੋਤਰੇ ਚੌਧਰੀ ਲਖਮੀਰ-ਸ਼ਮੀਰ ਤੇ ਤਖਤ ਮੱਲ ਬੇਨਤੀ ਕਰਕੇ ਘਰ ਲੈ ਗਏ। ਇਥੇ ਹੀ ਭਾਈ ਰੂਪ ਚੰਦ ਦੇ ਪੋਤਰੇ ਧਰਮ ਸਿੰਘ ਤੇ ਪਰਮ ਸਿੰਘ ਵੀ ਹਾਜ਼ਰ ਹੋਏ। ਜਿਉਂ-੨ ਮਾਲਵੇ ਦੇ ਪਿੰਡਾਂ ਵਿੱਚ ਖਬਰ ਖਿਲਰਦੀ ਗਈ ਅਤੇ ਹਜਾਰਾਂ ਸਿੰਘ ਦਰਸ਼ਨਾਂ ਨੂੰ ਆਉਣ ਲੱਗ ਪਏ।ਉਧਰ ਚਮਕੌਰ ਦੀ ਗੜੀ ਦੁਆਲੇ ਇਕੱਠਾ ਹੋਇਆ ਵੈਰੀ ਤੇ ਮੁਲਖਈਆ ਇਹ ਖਬਰ ਸੁਣ ਕੇ ਚਾਲੇ ਪਾ ਗਿਆ ਸੀ ਕਿ ਗੁਰੂ ਜੀ ਗੜੀ ਵਿੱਚ ਮਾਰੇ ਗਏ ਤੇ ਕੋਈ ਉਥੇ ਜਿੰਦਾ ਨਹੀਂ ਬਚਿਆ, ਇਹ ਖਬਰ ਅੱਗੇ ਮੁਲਖਈਏ ਨੇ ਸਭ ਪਾਸੇ ਫੈਲਾ ਦਿੱਤੀ ਸੀ। ਗੁਰੂ ਜੀ ਦੀਨੇ ਤੱਕ ਅਜੇ ਪੀਰ ਦੇ ਲਿਬਾਸ ਵਿੱਚ ਹੀ ਸਨ ਵਿਰਲਿਆਂ ਨੂੰ ਹੀ ਅਸਲੀਅਤ ਦਾ ਪਤਾ ਸੀ। ਇਥੋਂ ਹੀ ਗੁਰੂ ਜੀ ਨੇ ਜ਼ਾਲਮ ਬਾਦਸ਼ਾਹ ਔਰੰਗਜ਼ੇਬ ਨੂੰ ਫਤਿਹ ਦੀ ਚਿੱਠੀ (ਜ਼ਫਰਨਾਮਾ) ਲਿਖਿਆ ਜਿਸ ਵਿੱਚ ਹਿੰਦੂ ਪਹਾੜੀ ਰਾਜਿਆਂ ਤੇ ਔਰੰਜ਼ੇਬ ਦੇ ਜਰਨੈਲਾਂ ਦੀਆਂ ਸਾਰੀਆਂ ਕਾਲੀਆਂ ਕਰਤੂਤਾਂ ਦਾ ਜ਼ਿਕਰ ਕੀਤਾ। ਔਰੰਗਜ਼ੇਬ ਨੂੰ ਜਣਾਇਓ ਨੇ ਕਿ ਤੇਰੀ ਤੇ ਤੇਰੇ ਹਾਕਮਾਂ ਦੀ ਇਹ ਨੀਚਤਾ ਤੇਰੀ ਹਕੂਮਤ ਦੀ ਬੇੜੀ ਹੁਣ ਖਾਰੇ ਸਮੁੰਦਰ ਵਿੱਚ ਡੋਬ ਕੇ ਹੀ ਰਹੇਗੀ। ਇਹ ਚਿੱਠੀ ਭਾਈ ਦਇਆ ਸਿੰਘ ਸਮੇਤ ਚਾਰ ਸਿੰਘਾਂ ਨੂੰ ਦੇ, ਔਰੰਗੇ ਪਾਸ ਪਹੁੰਚਾਈ।

ਇਧਰ ਸੂਬੇ ਸਰਹੰਦ ਨੂੰ ਜਦ ਇਹ ਖਬਰ ਮਿਲੀ ਤਾਂ ਉਸ ਦੀ ਛਾਤੀ ਤੇ ਸੱਪ ਲੇਟ ਗਿਆ। ਉਧਰੋਂ ਔਰੰਗਜ਼ੇਬ ਦੀਆਂ ਝਿੜਕਾਂ ਨੇ, ਗੁਰੂ ਜੀ ਵਿਰੁੱਧ ਹੋਰ ਈਰਖਾ-ਵੈਰ ਦੇ ਭਾਂਬੜ ਮਚਾ ਦਿੱਤੇ।ਸੂਬੇ ਨੇ ਚੌਧਰੀ ਲਖਮੀਰ ਨੂੰ ਬੜੀ ਤਾੜਨਾ ਭਰੀ ਚਿੱਠੀ ਲਿਖੀ ਕਿ ਮੁਗਲ ਹਕੂਮਤ ਦੇ ਬਾਗੀ ਗੁਰੂ ਨੂੰ ਮੇਰੇ ਹਵਾਲੇ ਕਰੋ, ਨਹੀਂ ਤਾਂ ਤੁਹਾਡਾ ਵੀ ਓਹੀ ਹਾਲ ਹੋਵੇਗਾ, ਜੋ ਗੁਰੂ ਦਾ ਹੋਇਆ ਹੈ।ਅੱਗੋਂ ਚੌਧਰੀ ਲਖਮੀਰ ਨੇ ਬੜੇ ਠਰੱਮੇ ਨਾਲ ਉੱਤਰ ਭੇਜਿਆ, ਜਿਵੇਂ ਤੁਸੀਂ ਆਪਣੇ ਪੀਰਾਂ ਦੀ ਖਿਦਮਤ ਕਰਦੇ ਹੋ, ਤਿਵੇਂ ਅਸੀਂ ਵੀ ਆਪਣੇ ਦਿਲ ਦੇ ਪਾਤਸ਼ਾਹ ਗੁਰੂ ਦੀ ਸੇਵਾ ਕਰ ਰਹੇ ਹਾਂ ਜਿਸ ਨੇ ਕਦੇ ਕਿਸੇ ਗੁਆਂਢੀ ਤੇ ਹਮਲਾ ਕਰਕੇ, ਚੱਪਾ ਜ਼ਮੀਨ ਨਹੀਂ ਸਾਂਭੀ। ਦੂਜਿਆਂ ਦੀ ਖਾਤਿਰ ਦੁੱਖ ਸਹਾਰਨੇ, ਗੁਰੂ ਵਾਂਗ ਕੁਰਬਾਨੀ ਕਿਸੇ ਭਾਗਾਂ ਵਾਲੇ ਨੂੰ ਹੀ ਨਸੀਬ ਹੁੰਦੀ ਹੈ। ਇਉਂ ਚੌਧਰੀ ਲਖਮੀਰ ਨੇ ਵੀ ਇੱਕ ਆਦਮੀ ਚਿੱਠੀ ਦੇ ਕੇ ਸਰਹੰਦ ਭੇਜਿਆ ਅਤੇ ਛੇਤੀ ਖਬਰ ਦੇਣ ਲਈ ਕਿਹਾ।ਚੌਧਰੀ ਲਖਮੀਰ ਵਲੋਂ, ਕੋਰਾ ਜਵਾਬ ਮਿਲਣ ਤੇ, ਸੂਬੇ ਨੇ ਹਸਨ ਖਾਂ ਫੌਜਦਾਰ ਨੂੰ, ਗੁਰੂ ਤੇ ਚੜ੍ਹਾਈ ਕਰਨ ਦਾ ਹੁਕਮ ਦੇ ਦਿੱਤਾ।ਇਹ ਖਬਰ ਸਰਹੰਦ ਵਿੱਚ ਖਿਲਰੀ ਅਤੇ ਸਰਹੰਦੋਂ ਅੱਗੇ ਦੁਆਬੇ ਤੇ ਮਾਝੇ ਵਿੱਚ ਵੀ ਪਿੰਡ-੨ ਸਿੱਖਾਂ ਵਿੱਚ ਫੈਲ ਗਈ ਤਾਂ ਚੌਧਰੀ ਲਖਮੀਰ ਨੇ ਸਤਿਗੁਰੂ ਜੀ ਨੂੰ ਵੀ ਦੀਨੇ ਪਿੰਡ ਖਬਰ ਦੇ ਦਿੱਤੀ। ਓਧਰ ਹਾੜੀ ਦੀ ਫਸਲ ਦੇ ਦਿਨ ਨੇੜੇ ਆ ਗਏ, ਕਿਸਾਨ ਫਸਲਾਂ ਸਾਂਭਣ ਵਿੱਚ ਰੁੱਝੇ ਹੋਏ ਸਨ, ਜਿੰਨ੍ਹਾਂ ਦੀ ਖਾਤਰ ਗੁਰੂ ਜੀ ਸਭ ਕੁਝ ਕੁਰਬਾਨ ਕਰ ਰਹੇ ਸਨ। ਹੁਣ ਗੁਰੂ ਜੀ ਨੇ ਮਾਲਵੇ ਦੇ ਪਿੰਡਾਂ ਦਾ ਤੁਫਾਨੀ ਦੌਰਾ ਕੀਤਾ। ਅਨੇਕਾਂ ਨਵੇਂ ਗੱਭਰੂ ਸਿੰਘ ਸਜ, ਵਜੀਰ ਖਾਂ ਦੀ ਵਧੀਕੀ ਦਾ ਟਾਕਰਾਂ ਕਰਨ ਲਈ ਤਿਆਰ ਹੋ ਗਏ।ਦੀਨੇ ਕਾਂਗੜੇ ਦਾ ਇਲਾਕਾ ਯੁੱਧ ਪੱਖੋਂ ਠੀਕ ਨਾਂ ਜਾਪਿਆ ਤਾਂ ਗੁਰੂ ਜੀ ਭਦੌੜ, ਭਗਤਾ, ਜੈਤੋ, ਮਲੂਕੇ ਦਾ ਕੋਟ ਆਦਿਕ ਪਿੰਡਾਂ ਚੋਂ ਲੰਘਦੇ ਹੋਏ, ਕੋਟ ਕਪੂਰੇ ਪਹੁੰਚੇ। ਦੋ ਤਿੰਨ ਦਿਨ ਠਹਿਰੇ ਇਤਨੇ ਤੱਕ ਗੁਰੂ ਜੀ ਨਾਲ ਸੈਂਕੜੇ ਸਿੰਘ ਇਕੱਠੇ ਹੋ ਗਏ।ਫਿਰ ਗੁਰੂ ਜੀ ਪਿੰਡ ਢਿੱਕਵੀਂ ਪਹੁੰਚੇ ਜਿੱਥੇ ਪ੍ਰਿਥੀ ਚੰਦ ਦੀ ਕੁਲ ਚੋਂ ਸੋਢੀ ਕੌਲ ਰਹਿੰਦਾ ਸੀ।ਇਥੇ ਗੁਰੂ ਜੀ ਨੇ ਪੀਰਾਂ ਵਾਲਾ ਨੀਲਾ ਬਾਣਾ ਉਤਾਰ ਦਿੱਤਾ। ਇੱਥੇ ਇੱਕ ਸਿੰਘ ਸਰਹੰਦ ਤੋਂ ਖਬਰ ਲੈ ਆਇਆ ਕਿ ਸੂਬਾ ੭-੮ ਹਜ਼ਾਰ ਦੀ ਫੌਜ ਲੈ ਆ ਰਿਹਾ ਹੈ। ਸਰਦਾਰ ਕਪੂਰਾ (ਬਰਾੜ ਜੱਟ) ਵੀ ਓਥੇ ਸੀ ਨੇ ਸਲਾਹ ਦਿੱਤੀ ਕਿ ਵੈਰੀ ਦਾ ਮੂੰਹ ਭੰਨਣ ਲਈ ਇਸ ਇਲਾਕੇ ਵਿੱਚ ਖਿਦਰਾਣੇ ਦੀ ਢਾਬ, ਸਭ ਤੋਂ ਸੁਰੱਖਿਆਤ ਥਾਂ ਹੈ। ਸਿਰਫ ਓਥੇ ਹੀ ਪਾਣੀ ਹੈ, ਹੋਰ ਆਲੇ ਦੁਆਲੇ ਕੋਹਾਂ ਤੱਕ ਪਾਣੀ ਦਾ ਨਾਮੋ ਨਿਸ਼ਾਨ ਵੀ ਨਹੀਂ।ਇਸ ਲਈ ਗੁਰੂ ਜੀ ਪੂਰੇ ਵਹੀਰ ਸਮੇਤ ਓਧਰ ਨੂੰ ਚੱਲ ਪਏ।

ਵਿਛੜੇ ਮੁੜ ਮਿਲੇ-ਜਿਹੜੇ ਸਿੰਘ ਸਰਸਾ ਨਦੀ ਦੇ ਰੋੜ੍ਹ ਕਾਰਨ ਵਿਛੜ ਗਏ ਅਤੇ ਕਿਹਾ ਜਾਂਦਾ ਹੈ ਕਿ ਇਹ ਗੁਰੂ ਨੂੰ ਬੇਦਾਵਾ ਦੇ ਕੇ ਆ ਗਏ ਸਨ, ਇਹ ਸਰਾਸਰ ਇਤਿਹਾਸ ਤੇ ਗੁਰਮਤਿ ਸਿਧਾਂਤ ਵਿਰੋਧੀ ਹੈ ਅਤੇ ਕਿਸੇ ਪੰਥ ਦੋਖੀ ਦੀ ਜੋੜੀ ਕਹਾਣੀ ਹੈ। ਦੇਖੋ ਆਪਣੀਆਂ ਜਾਨਾਂ ਤਲੀ ਤੇ ਰੱਖ ਗੁਰੂ ਜੀ ਦੇ ਹਜ਼ੂਰੀ ਸਿੱਖ, ਘੇਰੇ ਪਏ ਸਮੇ ਗੁਰੂ ਦਾ ਸਾਥ ਕਦੀ ਵੀ ਨਹੀਂ ਛੱਡ ਸਕਦੇ,ਉਨ੍ਹਾਂ ਨੂੰ ਤਾਂ ਰਸਤੇ ਵਿੱਚ ਹੀ ਵੈਰੀਆਂ ਨੇ ਮਾਰ ਮੁਕਾਉਣਾ ਸੀ। ਜਿਹੜਾ ਵੈਰੀ ਟੁੱਟੇ ਛਿੱਤਰਾਂ ਤੇ ਫਟੇ ਪੁਰਾਣੇ ਕਪੜਿਆਂ ਦੀਆਂ ਗੱਠਾਂ ਤੇ ਹੀ ਟੁੱਟ ਕੇ ਪੈ ਗਿਆ ਸੀ, ਉਹ ਗੁਰੂ ਦੇ ਸਾਥੀ ਸਿੱਖਾਂ ਨੂੰ ਕਿਵੇਂ ਜਾਣ ਦੇ ਸਕਦਾ ਸੀ? ਫਿਰ ਭਾਈ ਮਹਾਂ ਸਿੰਘ ਵਰਗੇ ਬਹਾਦਰ ਜਰਨੈਲ ਜਿਨ੍ਹਾਂ ਦਾ ਸਾਰਾ ਪਰਵਾਰ ਹੀ ਸ਼ਹੀਦਾਂ ਨਾਲ ਸਬੰਧ ਰੱਖਦਾ ਹੈ ਗੁਰੂ ਨਾਲ ਬੇਵਫਾਈ ਕਿਵੇਂ ਕਰ ਸਕਦੇ ਸਨ? ਹਾਂ ਦੂਨੀ ਚੰਦ ਵਰਗੇ ਮਸੰਦ ਜਰੂਰ ਸਾਥ ਛੱਡ ਗਏ ਜੋ ਪਹਿਲਾਂ ਹੀ ਗੁਰੂ ਤੋਂ ਔਖੇ ਸਨ। ਪਰ ਸੂਰਮਿਆਂ ਵਾਸਤੇ ਗੁਰਮਤਿ ਸਿਧਾਂਤ ਹੈ-ਸੂਰਾ ਸੋ ਪਹਿਚਾਨੀਐਂ ਜੁ ਲਰੈ ਦੀਨ ਕੇ ਹੇਤੁ॥ ਪੁਰਜਾ ਪੁਰਜਾ ਕਟਿ ਮਰੈ ਕਬਹੂੰ ਨ ਛਾਡੇ ਖੇਤੁ॥(੧੧੦੫)

ਸਰਸਾ ਦੇ ਬਰਸਾਤੀ ਰੋੜ੍ਹ ਨੇ ਗੁਰੂ ਦੇ ਸਾਰੇ ਸਿੰਘ ਪਰਵਾਰ ਨੂੰ ਵਿਛੋੜ ਦਿੱਤਾ। ਜਦ ਵਿਛੜੇ ਘਰੀਂ ਪਹੁੰਚੇ ਤਾਂ ਅੱਗੋਂ ਘਰਵਾਲੀਆਂ ਨੇ ਲਾਹਨਤਾਂ ਪਾਈਆਂ ਕਿ ਤੁਸੀਂ ਚੱਪਣੀਆਂ ਚ' ਨੱਕ ਡੋਬ ਕੇ ਕਿਉਂ ਨਾਂ ਮਰ ਗਏ? ਔਖੇ ਵੇਲੇ ਗੁਰੂ ਦਾ ਸਾਥ ਛੱਡ ਆਏ ਹੋ? ਲੈ ਆਹ ਫੜੋ ਚਕਲੇ-ਵੇਲਣੇ ਅਤੇ ਪੱਗਾਂ ਦੀ ਥਾਂ ਚੁੰਨੀਆਂ ਪਹਿਨ ਲਵੋ "ਪੱਗਾਂ ਪਾੜ ਕੇ ਸਿਰਾਂ ਤੇ ਲਓ ਲੀੜੇ, ਕਾਲਖ ਤਵੇ ਦੀ ਮੱਥੇ ਨੂੰ ਲਾ ਲਵੋ ਖਾਂ" ਸਿੰਘਾਂ ਨੇ ਜਦ ਵਿਛੋੜੇ ਦਾ ਕਾਰਣ ਦੱਸਿਆ ਕਿ ਕਿਵੇਂ ਸਰਸਾ ਨਦੀ ਦੇ ਰੋੜ੍ਹ ਚ' ਵਹਿੰਦੇ ਹੀ ਗੁਰੂ ਤੋਂ ਵਿਛੜ ਗਏ ਸਾਂ, ਹਨੇਰੇ ਵਿੱਚ ਜਿਧਰ ਨੂੰ ਰਾਹ ਮਿਲਿਆ ਉਧਰ ਨੂੰ ਚਲੇ ਗਏ ਤਾਂ ਕਿਤੇ ਜਾ ਕੇ ਸਿੰਘਣੀਆਂ ਦਾ ਗੁੱਸਾ ਠੰਡਾ ਹੋਇਆ। ਓਧਰੋਂ ਵੱਡੇ ਸਾਹਿਬਜ਼ਾਦੇ ਚਮਕੌਰ ਵਿੱਚ ਵੈਰੀ ਦਲਾਂ ਨਾਲ ਝੂਜਦੇ ਸ਼ਹੀਦ ਹੋ ਗਏ ਤੇ ਹੋਰ ਅਨੇਕਾਂ ਅਕੀਦਤਮੰਦ ਸਿੰਘ ਵੈਰੀ ਨੂੰ ਚਨੇ ਚਬਾਉਂਦੇ ਵੀ ਸ਼ਹੀਦੀ ਜਾਮ ਪੀ ਗਏ। ਛੋਟੇ ਸਾਹਿਬਜ਼ਾਦਿਆਂ ਨੂੰ ਬੜੀ ਬੇਦਰਦੀ ਨਾਲ ਸਰਹੰਦ ਦੀ ਖੂਨੀ ਦਿਵਾਰ ਵਿੱਚ ਚਿਣ ਕੇ ਸ਼ਹੀਦ ਕਰ ਦਿੱਤਾ ਗਿਆ।ਇਹ ਸੁਣ ਕੇ ਮਾਈ ਭਾਗ ਕੌਰ ਤੇ ਭਾਈ ਮਹਾਂ ਸਿੰਘ ਜਥੇਦਾਰ ਨੇ ਗੁਰੂ ਵਾਸਤੇ ਮਾਝੇ ਇਲਾਕੇ ਵਿੱਚ ਪੱਲੂ ਫੇਰ ਦਿੱਤਾ। ਬੜੇ ਜੋਸ਼ ਨਾਲ ਮਾਝੇ ਅਤੇ ਫਿਰ ਦੁਆਬੇ ਦੇ ਸਿੰਘ ਸਿੰਘਣੀਆਂ ਮਾਈ ਭਾਈ ਹੋਰ ਪਿੰਡੋ-ਪਿੰਡੀ ਜ਼ਾਲਮ ਹਕੂਮਤ ਦੀਆਂ ਕਾਲੀਆਂ ਕਰਤੂਤਾਂ ਲੋਕਾਂ ਨੂੰ ਦਸਦੇ ਹੋਏ, ਵਹੀਰ ਦੇ ਰੂਪ ਵਿੱਚ ਮਾਈ ਭਾਗ ਕੌਰ ਤੇ ਜਥੇਦਾਰ ਭਾਈ ਮਹਾਂ ਸਿੰਘ ਦੀ ਅਗਵਾਈ ਵਿੱਚ ਇਕੱਤਰ ਹੋ ਗੁਰੂ ਜੀ ਵੱਲ ਮਾਲਵੇ ਨੂੰ ਚੱਲ ਪਏ ਅਤੇ ਪਿੰਡ ਰਾਮੇਆਣੇ ਦੇ ਨੇੜੇ ਗੁਰੂ ਜੀ ਕੋਲ ਆਣ ਪਹੁੰਚੇ। ਓਥੋਂ ਖਿਦਰਾਣੇ ਦੀ ਢਾਬ 6 ਕੋਹਾਂ ਤੇ ਸੀ ਅਤੇ ਮਜਬੂਰੀ ਵਿੱਚ ਹੋਈ ਬੇਵਫਾਈ ਦੀ ਗੁਰੂ ਪਾਸੋਂ ਖਿੰਮਾਂ ਮੰਗੀ-ਜੈਸਾ ਬਾਲਕੁ ਭਾਇ ਸੁਭਾਈ ਲਖਿ ਅਪਰਾਧ ਕਮਾਵੈ॥ ਕਰਿ ਉਪਦੇਸ ਝਿੜਕੇ ਬਹੁ ਭਾਂਤੀ ਬਹੁਰ ਪਿਤਾ ਗਲਿ ਲਾਵੈ॥(੬੨੪) ਲੱਖੀ ਜੰਗਲ ਵਿੱਚ ਭਾਰੀ ਇਕੱਠ ਹੋਇਆ, ਕਈ ਪੁਰਾਣੇ ਵਿਛੜੇ ਕਵੀ ਵੀ ਆ ਮਿਲੇ- ਲੱਖੀ ਜੰਗਲ ਖਾਲਸਾ ਆਇ ਦਿਦਾਰ ਕੀਤੋ ਨੇ॥ ਸਰਦਾਰ ਕਪੂਰੇ ਜੱਟ ਨਾਲ ਸਲਾਹ ਮਸ਼ਵਰਾ ਕਰਕੇ ਖਿਰਾਣੇ ਦੀ ਢਾਬ ਤੇ ਮੋਰਚਾਬੰਦੀ ਕੀਤੀ ਗਈ।ਗੁਰੂ ਜੀ ਆਪ ਟਿੱਬੀ ਤੇ ਚੜ੍ਹ ਗਏ, ਆਲੇ ਦੁਆਲੇ ਜੰਗਲ ਅਤੇ ਝਾੜੀਆਂ ਹੀ ਸਨ, ਸਿੰਘਾਂ ਨੇ ਉਨ੍ਹਾਂ ਤੇ ਚਾਦਰਾਂ ਪਾ ਦਿੱਤੀਆਂ, ਜੋ ਵੇਖਣ ਨੂੰ ਤੰਬੂ ਲਗਦੇ ਸਨ।ਵੈਸਾਖ ਦੀ ੨੦-੨੧ ਤਾਰੀਖ ਸੀ ਓਧਰੋਂ ਵੈਰੀ ਦਲ ਨੇ ਆ ਹੱਲਾ ਬੋਲਿਆ, ਸਿੰਘਾਂ ਨੇ ਵੀ ਜੈਕਾਰੇ ਬੁਲਾਉਂਦੇ ਹੋਏ, ਤਲਵਾਰਾਂ ਸੂਤ ਲਈਆਂ ਬੜੇ ਘਮਸਾਣ ਦਾ ਜੁੱਧ ਹੋਇਆ।ਗੁਰੂ ਜੀ ਤੋਂ ਵਿਛੜੇ ਸਿੰਘ ਆ ਕੇ ਜ਼ਖਮੀ ਸ਼ੇਰਾਂ ਦੀ ਤਰਾਂ ਵੈਰੀਆਂ ਤੇ ਟੁੱਟ ਪਏ। ਗਾਜਰ ਮੂਲੀਆਂ ਦੀ ਤਰਾਂ ਸਿੰਘਾਂ ਨੇ ਵਜ਼ੀਰ ਖਾਂ ਦੀਆਂ ਪਾਮਰ ਤੇ ਪਾਪੀ ਫੌਜਾਂ ਨੂੰ ਵੱਢਣਾ ਸ਼ੁਰੂ ਕਰ ਦਿੱਤਾ ਓਧਰੋਂ ਗੁਰੂ ਜੀ ਵੀ ਟਿੱਲੇ ਤੋਂ ਤੀਰਾਂ ਦੀ ਵਰਖਾ ਕਰ ਰਹੇ ਸਨ।

ਟਿੱਡੀ ਦਲ ਦਾ ਮੁਕਾਬਲਾ ਕਰਦੇ, ਭਾਰੀ ਗਿਣਤੀ ਵਿੱਚ ਦੁਸ਼ਮਣਾਂ ਦੇ ਆਹੂ ਲੌਂਦੇ ਬਹੁਤ ਸਾਰੇ ਸਿੰਘ ਵੀ ਸ਼ਹੀਦ ਹੋ ਗਏ। ਸੂਬਾ ਸਰਹੰਦ ਆਪਣੀ ਫੌਜ ਦਾ ਭਾਰੀ ਨੁਕਸਾਨ ਕਰਵਾ, ਪਾਣੀ ਨੂੰ ਵਿਲਕਦੇ ਅਤੇ ਜਾਨਾਂ ਬਚਾਉਂਦੇ ਹੋਏ ਫੌਜੀਆਂ ਸਮੇਤ ਸਰਦਾਰ ਕਪੂਰੇ ਦੀ ਸਲਾਹ ਦੇਣ ਤੇ ਕਿ ਇੱਥੇ ਨੇੜੇ ਦਸ ਕੋਹਾਂ ਤੱਕ ਪਾਣੀ ਦੀ ਬੂੰਦ ਵੀ ਨਹੀਂ ਤਾਂ ਘਬਰਾਇਆ ਹੋਇਆ ਪਿਛੇ ਮੁੜ ਗਿਆ। ਉਸ ਦੇ ਆਪਣੇ ਫੌਜੀ ਵੀ ਕਹਿਣ ਲੱਗ ਪਏ ਕਿ ਜਿਹੜਾ ਗੁਰੂ ਲੱਖਾਂ ਦੇ ਘੇਰੇ ਵਿੱਚ ਸਾਡੇ ਹੱਥ ਨਹੀਂ ਆਇਆ, ਇਨ੍ਹਾਂ ਖੁੱਲ੍ਹੀਆਂ ਰੇਤਲੀਆਂ ਅਤੇ ਖੁਸ਼ਕ ਜੂਹਾਂ ਵਿੱਚ, ਉਸ ਨੂੰ ਪਕੜਨਾ ਕੋਈ "ਖਾਲਾ ਜੀ ਦਾ ਵਾੜਾ" ਨਹੀਂ।ਇਉਂ ਗੱਲਾਂ ਕਰਦੇ ਮੂੰਹ ਦੀ ਖਾਕੇ ਮੁਗਲ ਅਤੇ ਪਹਾੜੀ ਤਿੱਤਰ-ਬਿੱਤਰ ਹੋ ਵਾਪਸ ਮੁੜ ਗਏ।

ਹੁਣ ਓਧਰੋਂ ਗੁਰੂ ਜੀ ਟਿੱਬੇ ਤੋਂ ਥੱਲੇ ਆ ਕੀ ਵੇਖਦੇ ਹਨ ਕਿ ਮੈਦਾਨੇ ਜੰਗ ਵਿੱਚ, ਬਹੁਤ ਸਾਰੇ ਸਿੰਘ ਵੀ ਸ਼ਹੀਦ ਹੋ ਚੁੱਕੇ ਹਨ।ਸਿੰਘਾਂ ਦੀ ਝਾੜੀਆਂ ਤੇ ਚਾਦਰਾਂ ਦੇ ਤੰਬੂ ਤਾਨਣ ਦੀ ਵਿਉਂਤ ਅਤੇ ਜਾਨਾਂ ਹੂਲ ਕੇ ਸ਼ਹੀਦ ਹੋਣ ਨੂੰ ਵੇਖ ਕੇ, ਗੁਰੂ ਜੀ ਦਾ ਹਿਰਦਾ ਦ੍ਰਵ ਗਿਆ।ਆਪਣੇ ਹੱਥਾਂ ਚ' ਰੁਮਾਲ ਲੈ, ਸ਼ਹੀਦ ਸਿੰਘਾਂ ਦੇ ਮੁਖੜੇ ਸਾਫ ਕਰਦਿਆਂ, ਕਿਸੇ ਨੂੰ ਪੰਜ ਹਜ਼ਾਰੀ, ਕਿਸੇ ਨੂੰ ਦਸ ਹਜ਼ਾਰੀ, ਕਿਸੇ ਨੂੰ ਵੀਹ ਹਜ਼ਾਰੀ, ਤੀਹ ਹਜ਼ਾਰੀ ਅਤੇ ਕਿਸੇ ਨੂੰ ਪੰਜਾਹ ਹਜ਼ਾਰੀ ਕਿਹਾ।ਮਾਈ ਭਾਗੋ ਵੀ ਇਸ ਜੰਗ ਵਿੱਚ ਜ਼ਖਮੀ ਹੋ ਗਈ ਜੋ ਬਾਅਦ ਵਿੱਚ ਗੁਰੂ ਜੀ ਨਾਲ ਨਾਦੇੜ ਵੱਲ ਚਲੀ ਗਈ ਤੇ ਅੰਤ ਤੱਕ ਨਾਲ ਰਹੀ। ਗੁਰੂ ਜੀ ਜਦ ਸਿੰਘਾਂ ਦੇ ਮੁਖੜੇ ਪੂੰਝਦੇ ਹੋਏ ਜਥੇਦਾਰ ਮਹਾਂ ਸਿੰਘ ਕੋਲ ਪਹੁੰਚੇ ਜੋ ਅਜੇ ਸਹਕ ਰਿਹਾ ਸੀ। ਗੁਰੂ ਜੀ ਨੇ ਉਸ ਦਾ ਮੁਖੜਾ ਆਪਣੇ ਰੁਮਾਲ ਨਾਲ ਪੂੰਝਿਆ ਅਤੇ ਮੁੱਖ ਵਿੱਚ ਕੁੱਝ ਪਾਣੀ ਪਾਇਆ ਤਾਂ ਭਾਈ ਮਹਾਂ ਸਿੰਘ ਦੀਆਂ ਕੁਝ ਅੱਖਾਂ ਉਘੜੀਆਂ, ਆਖਰੀ ਸਵਾਸਾਂ ਤੇ ਸਰਬੰਸਦਾਨੀ ਗੁਰੂ ਦੇ ਦਰਸ਼ਨ ਕੀਤੇ, ਵੈਰਾਗ ਤੇ ਪਿਆਰ ਦੀ ਕਾਂਗ ਪੈਦਾ ਹੋ ਗਈ। ਦੋਨੋਂ ਹੱਥ ਪਿਆਰੇ ਦੇ ਨੇਂਹ ਵਿੱਚ ਜੁੜ ਗਏ।ਗੁਰੂ ਜੀ ਨੇ ਵੀ ਭਾਈ ਮਹਾਂ ਸਿੰਘ ਦੀ ਇਹ ਹਾਲਤ ਵੇਖ ਕਿਹਾ, ਮਹਾਂ ਸਿੰਘਾ! ਤੁਸੀਂ ਮਹਾਨ ਹੋ, ਤੁਹਾਡੀਆਂ ਕੁਰਬਾਨੀਆਂ ਮਹਾਨ ਹਨ।ਕੋਈ ਮਨ ਅੰਦਰ ਮਹਿਸੂਸ ਨਹੀਂ ਕਰਨਾ, ਸਰਸਾ ਤੋਂ ਰੋੜ੍ਹੇ ਪੈ ਵਿਛੜਨ ਦੀ ਬੇਵਫਾਈ ਦਾ ਕਿਉਂਕਿ ਮੇਰੇ ਸਿੰਘ, ਕਿਸੇ ਵੇਲੇ ਕਿਸੇ ਖਾਸ ਕਾਰਨ ਕਰਕੇ, ਵਿਛੜ ਤਾਂ ਸਕਦੇ ਹਨ ਪਰ ਗੁਰੂ ਨੂੰ ਨਹੀਂ ਵਿਸਾਰਦੇ।ਇਹ ਸੁਣ ਮਹਾਂ ਸਿੰਘ ਜੀ ਦੀਆਂ ਅੱਖਾਂ ਚੋਂ ਵੈਰਾਗ ਦਾ ਜਲ ਵਹਿ ਤੁਰਿਆ ਤੇ ਥੜਕਦੀ ਜ਼ਬਾਨ ਵਿੱਚ ਫਿਰ ਵੀ ਮਜਬੂਰੀ ਕਾਰਨ ਹੋਈ ਬੇਵਫਾਈ ਦੀ ਖਿਮਾ ਮੰਗੀ।"ਗੁਰ ਬਖਸੰਦ ਸਦਾ ਮਿਹਰਵਾਨਾ" ਦੇ ਮਹਾਂਵਾਕ ਅਨੁਸਾਰ ਗੁਰੂ ਜੀ ਮਹਾਂ ਸਿੰਘ ਦਾ ਮੁੱਖੜਾ ਚੁੰਮਦੇ ਹੋਏ "ਮੁਕਤਿ ਦਾਨ" ਦੇ ਬਖਸ਼ਿਸ਼ ਕੀਤੀ। ਲੱਗ-ਪੱਗ ਚਾਲੀ ਦੇ ਕਰੀਬ ਸਿੰਘ ਸ਼ਹੀਦ ਹੋਏ।

ਜਿੱਥੇ ਸਤਿਗੁਰੂ ਨੇ ਸਭ ਸ਼ਹੀਦਾਂ ਦਾ ਆਪਣੇ ਹੱਥੀ ਅੰਤਮ ਸਸਕਾਰ ਕੀਤਾ ਓਥੇ ਮੁਕਤਸਰ ਦਾ ਮਹਾਂਨ ਅਸਥਾਨ ਸੁਭਾਇਮਾਨ ਹੈ।ਮੁਕਤਸਰ ਤੋਂ ਭਾਵ ਹੈ ਮੁਕਤੀ ਦਾ ਸਰੋਵਰ, ਜਿਥੇ ਇਹ ਥਾਂ ਪਹਿਲਾਂ ਆਮ ਤਲਾਅ ਸੀ ਸ਼ਹੀਦ ਸਿੰਘਾਂ ਦਾ ਡੁਲਿਆਂ ਖੂਨ ਅਤੇ ਗੁਰੂ ਜੀ ਦੀ ਪਾਵਨ ਚਰਨ ਛੋਹ ਪ੍ਰਾਪਤ ਕਰਕੇ, ਮੁਕਤਸਰ ਬਣ ਗਿਆ। ਇਤਿਹਾਸ ਅਨੁਸਾਰ ਇਹ ਯੁੱਧ ਵੈਸਾਖ ਵਿੱਚ ਹੋਇਆ। ਵੈਸਾਖੀ ਦੀ ਫਸਲ ਪੱਕੀ ਹੋਈ ਸੀ, ਕਿਸਾਨ ਉਸ ਨੂੰ ਸਾਂਭਨ ਵਿੱਚ ਰੁਝੇ ਹੋਏ ਸਨ ਪਰ ਫਿਰ ਵੀ ਉਨ੍ਹਾਂ ਨੇ ਸਦੀਆਂ ਤੋਂ ਲਿਤਾੜਿਆਂ ਨੂੰ ਸਵੈਮਾਨਤਾ ਦੀ ਜ਼ਿੰਦਗੀ ਬਖਸ਼ਣ ਵਾਲੇ ਮਹਾਨ ਗੁਰੂ ਦਾ ਹਰ ਸਮੇ ਸਾਥ ਦਿੱਤਾ।ਮਾਘੀ ਦੀ ਸੰਗਰਾਂਦ ਨਾਲ ਇਸ ਮਹਾਨ ਸਾਕੇ ਦਾ ਕੋਈ ਸਬੰਧ ਨਹੀਂ। ਸੰਗ੍ਰਾਦਾਂ ਦੇ ਇਸ਼ਨਾਨ ਅਤੇ ਪੂਜਾ ਚਲਾਕ ਬ੍ਰਾਹਮਣ ਦੀ ਕਾਢ ਹਨ।ਗੁਰ ਫੁਰਮਾਨ ਹੈ-ਚਉਦਸ ਅਮਾਵਸ ਰਚਿ ਰਚਿ ਮਾਗਹਿ ਹਠੇ ਕਰਮ ਕਰਿ ਉਦਰ ਭਰਹਿ (੯੭੦) ਚੱਲੀ ਆ ਰਹੀ ਰਵਾਇਤ ਅਨੁਸਾਰ ਇਹ ਜੋੜ ਮੇਲਾ ਮਾਘ ਮਹੀਨੇ ਵਿੱਚ ਹੁੰਦਾ ਹੈ।ਮਾਘੀ ਦੇ ਇਸ਼ਨਾਨ ਬਾਰੇ ਗੁਰੂ ਜੀ ਬਾਰਹ ਮਾਹ ਦੀ ਬਾਣੀ ਵਿੱਚ ਲਿਖਦੇ ਹਨ ਕਿ-ਮਾਘਿ ਮਜਨੁ ਸੰਗਿ ਸਾਧੂਆਂ ਧੂੜੀ ਕਰਿ ਇਸਨਾਨੁ॥ਹਰਿ ਕਾ ਨਾਮੁ ਧਿਅਇ ਸੁਣਿ ਸਭਨਾ ਨੂੰ ਕਰਿ ਦਾਨੁ॥(੧੩੫) ਭਾਵ ਭਲੇ ਪੁਰਖਾਂ ਦੀ ਸੰਗਤ ਕਰ, ਨਿਮਰ ਹੋਣਾ ਹੀ ਮਾਘ ਦਾ ਪਵਿਤਰ ਇਸ਼ਨਾਨ ਅਤੇ ਪ੍ਰਮਾਤਮਾਂ ਦਾ ਨਾਮ ਜਪਣਾ ਤੇ ਹੋਰਨਾਂ ਨੂੰ ਜਪਾਉਂਣਾ ਹੀ ਉੱਤਮ ਦਾਨ ਹੈ। ਇਸ ਮੁਕਤਸਰ ਦੇ ਮਹਾਂਨ ਸਾਕੇ ਤੋਂ ਸਾਨੂੰ ਗੁਰੂ ਨਾਲ ਸਿੰਘਾਂ ਦਾ ਕਿਨਾ ਪਿਆਰ ਸੀ ਦਾ ਸਬਕ ਲੈਣਾ ਚਾਹੀਦੈ ਨਾਂ ਕਿ ਕੇਵਲ ਤੀਰਥ ਇਸ਼ਨਾਨ ਕਰ ਛੱਡਣਾ ਹੀ ਇਸ ਜੋੜ ਮੇਲੇ ਦਾ ਮਕਸਦ ਹੈ। ਸੋ ਇਹ ਮੁਕਤਸਰ ਦਾ ਮਹਾਨ ਯੁੱਧ ਸੀ ਨਾਂ ਕਿ ਮਾਘੀ ਦੀ ਸੰਗ੍ਰਾਦ ਦਾ ਤੀਰਥ ਇਸ਼ਨਾਨ।






ਬੀਤੀ 12 ਜਨਵਰੀ 2023 ਨੂੰ ਅਮਰੀਕਨ ਸੀਨੀਅਰਜ਼ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਪੁਰਬ ਮਨਾਇਆ। -ਸੁਖਚੈਨ ਸਿੰਘ

# ਯੂਨੀਵਰਸਿਟੀ ਆਫ ਜਾਰਜੀਆ ਦੇ ਇਕ ਫੁੱਟਬਾਲ ਖਿਡਾਰੀ ਤੇ ਸਟਾਫ ਮੈਂਬਰ ਦੀ ਸੜਕ ਹਾਦਸੇ ਵਿਚ ਮੌਤ

## ਜਿੱਤ ਦੇ ਜਸ਼ਨ ਮਨਾਉਣ ਦੇ ਕੁਝ ਘੰਟਿਆਂ ਬਾਅਦ ਵਾਪਰਿਆ ਹਾਦਸਾ



**ਸੈਕਰਾਮੈਂਟੋ 16 ਜਨਵਰੀ (ਹੁਸਨ ਲੜੋਆ ਬੰਗਾ)-** ਯੂਨੀਵਰਸਿਟੀ ਆਫ ਜਾਰਜੀਆ ਦੇ ਇਕ ਫੁੱਟਬਾਲ ਖਿਡਾਰੀ ਡੈਵਿਨ ਵਿਲਾਕ ਤੇ ਸਟਾਫ ਮੈਂਬਰ ਚੰਦਲਰ ਲੀਕਰੋਇ ਦੀ ਸੜਕ ਹਾਦਸੇ ਵਿਚ ਮੌਤ ਹੋ ਗਈ ਜਦ ਕਿ ਦੋ ਹੋਰ ਜ਼ਖਮੀ ਹੋ ਗਏ। ਯੂ ਜੀ ਏ ਅਥਲੈਟਿਕ ਐਸੋਸੀਏਸ਼ਨ ਵੱਲੋਂ ਜਾਰੀ ਬਿਆਨ ਅਨੁਸਾਰ ਉਹ ਨੈਸ਼ਨਲ ਚੈਂਪੀਅਨਸ਼ਿੱਪ ਦੀ ਜਿੱਤ ਦੀ ਖੁਸ਼ੀ ਮਨਾ ਕੇ ਪਰਤ ਰਹੇ ਸਨ ਕਿ ਉਹਨਾਂ ਦੀ ਕਾਰ ਹਾਦਸਾਗ੍ਰਸਤ ਹੋ ਗਈ। ਐਥਨਜ ਕਲਾਰਕ ਕਾਊਂਟੀ ਪੁਲਿਸ ਵਿਭਾਗ ਅਨੁਸਾਰ ਵਿਲਾਕ (20) ਤੇ ਲੀਕਰੋਇਇ (24) ਸਮੇਤ ਕਾਰ ਵਿਚ 4 ਲੋਕ ਸਵਾਰ ਸਨ। ਜਿਸ ਜਗਾ 'ਤੇ ਕਾਰ ਨੂੰ ਹਾਦਸਾ ਪੇਸ਼ ਆਇਆ ਉਹ ਐਥਨਜ ਵਿਚ ਯੂਨੀ-ਵਰਸਿਟੀ ਕੈਂਪਸ ਤੋਂ ਜਿਆਦਾ ਦੂਰ ਨਹੀਂ ਹੈ। ਪੁਲਿਸ ਅਨੁਸਾਰ ਲੀਕਰੋਇ ਕਾਰ ਚਲਾ ਰਿਹਾ ਸੀ । ਕਾਰ ਸੜਕ ਤੋਂ ਉਤਰ ਕੇ ਬਿਜਲੀ ਦੇ ਖੰਭੇ ਨਾਲ ਟਕਰਾਉਣ ਤੋਂ ਬਾਅਦ ਦਰਖਤਾਂ ਨਾਲ ਜਾ ਵੱਜੀ। ਵਿਲਾਕ ਦੀ ਮੌਕੇ ਉਪਰ ਹੀ ਮੌਤ ਹੋ ਗਈ ਜਦ ਕਿ ਲੀਕਰੋਇ ਹਸਪਤਾਲ ਵਿਚ ਦਮ ਤੋੜ ਗਈ।

ਇਕ ਔਰਤ ਸਮੇਤ ਹਾਦਸੇ ਵਿਚ ਜ਼ਖਮੀ ਹੋਏ ਦੋ ਹੋਰਨਾਂ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ ਜਿਨਾਂ ਦੇ ਨਾਂ ਪੁਲਿਸ ਨੇ ਨਸ਼ਰ ਨਹੀਂ ਕੀਤੇ ਹਨ। ਯੂ ਜੀ ਏ ਅਥਲੈਟਿਕ ਐਸੋਸੀਏਸ਼ਨ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਡੈਵਿਨ ਤੇ ਚੰਦਲਰ ਯੂਨੀਵਰਸਿਟੀ ਆਫ ਜਾਰਜੀਆ, ਫੁੱਟਬਾਲ ਪ੍ਰੋਗਰਾਮ ਤੇ ਅਥਲੈਟਿਕ ਵਿਭਾਗ ਦੀਆਂ ਅਹਿਮ ਸਖਸ਼ੀਅਤਾਂ ਸਨ ਜਿਨਾਂ ਦੇ ਜਾਣ ਨਾਲ ਵੱਡਾ ਘਾਟਾ ਪਿਆ ਹੈ। ਇਸ ਦੀ ਦੁੱਖ ਦੀ ਘੜੀ ਵਿਚ ਅਸੀਂ ਪੀੜਤ ਪਰਿਵਾਰਾਂ ਦੇ ਨਾਲ ਹਾਂ।

# ਪ੍ਰਵਾਸੀ ਭਾਰਤੀ ਵੱਲੋਂ ਸਫਾਈ ਸੇਵਕਾਂ ਲਈ ਭੇਜੇ ਗਰਮ ਕੱਪੜੇ ਵੰਡੇ



**ਲੋਹੀਆਂ ਖਾਸ-** ਮਾਸਟਰ ਸੰਤੋਖ ਸਿੰਘ ਗਿੱਲ ਤੇ ਪਰਿਵਾਰ ਵੱਲੋਂ ਨਗਰ ਪੰਚਾਇਤ ਲੋਹੀਆਂ ਦੇ 44 ਸਫਾਈ ਸੇਵਕਾਂ ਨੂੰ ਗਰਮ ਕੱਪੜੇ (ਕੋਟੀਆਂ) ਭੇਂਟ ਕੀਤੀਆਂ ਗਈਆਂ। ਲੋੜਵੰਦ ਸਫਾਈ ਸੇਵਕਾਂ ਦਾ ਦਰਦ ਸਮਝਣ ਵਾਲੇ ਪ੍ਰਵਾਸੀ ਭਾਰਤੀ ਮਾ. ਸੰਤੋਖ ਸਿੰਘ ਗਿੱਲ ਤੇ ਸਮੂਹ ਗਿੱਲ ਪਰਿਵਾਰ ਅਮਰੀਕਾ ਵਾਲਿਆਂ ਦਾ ਵਿਸ਼ੇਸ਼ ਧੰਨਵਾਦ ਕਰਦਿਆਂ ਲੋਹੀਆਂ ਦੇ ਕੌਂਸਲਰ ਮਨਜੀਤ ਸਿੰਘ, ਜਸਵੀਰ ਸਿੰਘ ਜਲਾਲਪੁਰੀ, ਸੂਬਾ ਵਾਈਸ ਪ੍ਰਧਾਨ ਐਸ. ਸੀ. ਵਿੰਗ ਆਮ ਆਦਮੀ ਪਾਰਟੀ, ਹਰਜਿੰਦਰ ਰਾਮ ਜ਼ਿੰਦਾ ਆਗੂ ਐਸ. ਸੀ. ਭਾਈਚਾਰਾ, ਹਰਮੇਸ਼ ਲਾਲ ਮੇਸ਼ੀ ਤੇ ਸਾਥੀਆਂ ਨੇ ਕਿਹਾ ਕਿ ਲੋੜਵੰਦ ਸਫਾਈ ਸੇਵਕਾਂ ਨੂੰ ਗਰਮ ਕੋਟੀਆਂ ਭੇਟ ਕਰਕੇ ਉਹਨਾਂ ਦੀ ਜ਼ਰੂਰੀ ਲੋੜ ਪੂਰੀ ਕੀਤੀ ਹੈ। ਇਸ ਮੌਕੇ ਹਰਪਾਲ ਸਿੰਘ, ਬਲਵਿੰਦਰ ਸਿੰਘ, ਸੁਖਵਿੰਦਰ ਸਿੰਘ ਮੁਲਾਜ਼ਮ ਨਗਰ ਪੰਚਾਇਤ ਦਫਤਰ, ਸੰਦੀਪ ਸਿੰਘ, ਰਾਜੂ, ਪ੍ਰਕਾਸ਼, ਨਰਿੰਦਰ ਸਿੰਘ, ਸ਼ੁਭਮ ਸਮੇਤ ਹੋਰ ਸਫਾਈ ਸੇਵਕ ਵੀ ਹਾਜ਼ਰ ਸਨ।

# ਬਹੁਤ ਹੀ ਸਮਰਪਿਤ ਅਤੇ ਮਿਹਨਤੀ ਅਧਿਆਪਕ ਹਰਪ੍ਰੀਤ ਕੌਰ



ਹਰਪ੍ਰੀਤ ਕੌਰ, ਮੁੱਖ ਅਧਿਆਪਕਾ, ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਸ਼ੰਭੂ ਕਲਾਂ, ਪੰਜਾਬ, ਭਾਰਤ ਇੱਕ ਬਹੁਤ ਹੀ ਸਮਰਪਿਤ ਅਤੇ ਮਿਹਨਤੀ ਅਧਿਆਪਕ ਹਨ ਜੋ ਪ੍ਰਾਇਮਰੀ ਪੱਧਰ ਦੇ ਵਿਦਿਆਰਥੀਆਂ ਨੂੰ ਉਹਨਾਂ ਦੇ ਵਿਦਿਅਕ ਟੀਚਿਆਂ ਨੂੰ ਪ੍ਰਾਪਤ ਕਰਨ ਅਤੇ ਉਹਨਾਂ ਦੇ ਵੱਖ-ਵੱਖ ਯਤਨਾਂ ਦੁਆਰਾ ਉਹਨਾਂ ਦੇ ਸਮਾਜਿਕ ਰੁਤਬੇ ਨੂੰ ਉੱਚਾ ਚੁੱਕਣ ਵਿੱਚ ਸੇਵਾ ਕਰ ਰਹੀ ਹੈ। ਉਸਨੇ ਲਗਭਗ 2 ਸਾਲਾਂ ਦੇ ਸਮੇਂ ਲਈ ਲਗਭਗ 180 ਵਿਦਿਆਰਥੀਆਂ ਨੂੰ ਇਕੱਲੇ ਹੀ ਪੜ੍ਹਾਇਆ ਸੀ। ਇੰਨੀ ਵੱਡੀ ਮਾਤਰਾ ਵਿੱਚ ਨੌਜਵਾਨ ਵਿਦਿਆਰਥੀਆਂ ਨੂੰ ਇੱਕ ਸਮੇਂ ਵਿੱਚ ਇਕੱਠਾ ਕਰਨਾ ਯਕੀਨੀ ਤੌਰ 'ਤੇ ਇੱਕ ਮੁਸ਼ਕਲ ਅਤੇ ਸ਼ਲਾਘਾਯੋਗ ਕੰਮ ਹੈ। ਉਸਨੇ ਇਹਨਾਂ ਛੋਟੇ ਵਿਦਿਆਰਥੀਆਂ ਨੂੰ ਵੱਖ-ਵੱਖ ਵਿਦਿਅਕ ਅਤੇ ਸਹਿ-ਪਾਠਕ੍ਰਮ ਗਤੀਵਿਧੀਆਂ ਵਿੱਚ ਸ਼ਾਮਲ ਕਰਨ ਅਤੇ ਉਹਨਾਂ ਦੀਆਂ ਯੋਗਤਾਵਾਂ ਅਤੇ ਸਮਰੱਥਾਵਾਂ ਨੂੰ ਵਿਕਸਤ ਕਰਨ ਲਈ ਬਹੁਤ ਸਾਰੇ ਤਰੀਕੇ ਅਪਣਾਏ ਸਨ। ਉਸਨੇ ਵਾਧੂ ਕਲਾਸਾਂ ਲਈਆਂ, ਉਸਦੀ ਸਿੱਖਿਆ ਵਿੱਚ ਸਹਾਇਤਾ ਕਰਨ ਲਈ ਵੱਖ-ਵੱਖ ਅਧਿਆਪਨ ਸਮੱਗਰੀਆਂ ਅਤੇ ਈ-ਸਿਖਲਾਈ ਸਰੋਤਾਂ ਦੀ ਵਰਤੋਂ ਕੀਤੀ ਅਤੇ ਇੱਕੋ ਸਮੇਂ ਵਿੱਚ 180 ਵਿਦਿਆਰਥੀਆਂ ਦੀ ਸੇਵਾ ਕੀਤੀ। ਉਸਨੇ ਆਪਣੇ ਸੀਨੀਅਰ ਵਿਦਿਆਰਥੀਆਂ ਨੂੰ ਸਿਖਲਾਈ ਦਿੱਤੀ ਸੀ, ਭਾਵ, ਕਲਾਸ 5 ਦੇ ਅਤੇ ਉਹਨਾਂ ਨੂੰ ਜੂਨੀਅਰ ਅਧਿਆਪਕਾਂ ਵਜੋਂ ਹੱਕਦਾਰ ਬਣਾਇਆ ਸੀ ਜੋ ਅੱਗੇ ਜੂਨੀਅਰ ਵਿਦਿਆਰਥੀਆਂ ਨੂੰ ਬੁਨਿਆਦੀ ਧਾਰਨਾਵਾਂ ਸਿਖਾਉਣਗੇ। ਉਸਨੇ ਇੱਕ ਅਧਿਆਪਨ ਸਿੱਖਣ ਦਾ ਤਰੀਕਾ ਅਪਣਾਇਆ ਜਿਸ ਵਿੱਚ ਬੱਡੀ ਗਰੁੱਪ ਸ਼ਾਮਲ ਸਨ। ਉਨ੍ਹਾਂ ਨੇ ਹਰ ਵੱਡੀ ਅਤੇ ਛੋਟੀ ਪ੍ਰਾਪਤੀ ਲਈ ਵਿਦਿਆਰਥੀ ਨੂੰ ਇਨਾਮ ਦੇ ਕੇ ਉਨ੍ਹਾਂ ਦੇ ਯਤਨਾਂ ਦੀ ਸ਼ਲਾਘਾ ਵੀ ਕੀਤੀ। ਕੁੱਲ ਮਿਲਾ ਕੇ ਉਸਦੇ ਯਤਨ ਧਿਆਨ ਦੇਣ ਯੋਗ ਹਨ ਅਤੇ ਉਹਨਾਂ ਦੀ ਸ਼ਲਾਘਾ ਕੀਤੀ ਜਾਣੀ ਚਾਹੀਦੀ ਹੈ।

**- ਡਾ. ਗੁਰਬਖਸ਼ ਸਿੰਘ ਬਾਘਾ, ਕੈਲੇਫੋਰਨੀਆ**

# ਭਾਰਤੀਆਂ ਨੂੰ ਵੀਜ਼ਾ ਇੰਟਰਵਿਊ ਦੀਆਂ ਤਰੀਕਾਂ ਛੇਤੀ ਦੇਣ ਲਈ ਤੇਜ਼ੀ ਨਾਲ ਕੰਮ ਕੀਤਾ ਜਾ ਰਿਹਾ ਹੈ: ਅਮਰੀਕਾ

**ਵਾਸ਼ਿੰਗਟਨ-** ਅਮਰੀਕਾ ਦੀ ਵੀਜ਼ਾ ਸੇਵਾਵਾਂ ਲਈ ਉਪ ਸਹਾਇਕ ਮੰਤਰੀ ਜੂਲੀ ਸਟਫਟ ਨੇ ਕਿਹਾ ਕਿ ਅਮਰੀਕਾ ਭਾਰਤ ਵਿੱਚ ਵੀਜ਼ਾ ਇੰਟਰਵਿਊ ਲਈ ਸਮਾਂ ਤੈਅ ਕਰਨ ਲਈ ਲੱਗਣ ਵਾਲੇ ਸਮੇਂ ਨੂੰ ਘਟਾਉਣ ਲਈ ਹਰ ਕੋਸ਼ਿਸ਼ ਕਰ ਰਿਹਾ ਹੈ। ਸਟਫਟ ਨੇ ਕਿਹਾ ਕਿ ਇਨ੍ਹਾਂ ਯਤਨਾਂ ਵਿੱਚ ਭਾਰਤ ਵਿੱਚ ਕੌਂਸਲਰ ਅਫਸਰਾਂ ਨੂੰ ਭੇਜਣਾ ਅਤੇ ਭਾਰਤੀ ਵੀਜ਼ਾ ਬਿਨੈਕਾਰਾਂ ਲਈ ਜਰਮਨੀ ਅਤੇ ਥਾਈਲੈਂਡ ਵਿੱਚ ਆਪਣੇ ਹੋਰ ਵਿਦੇਸ਼ੀ ਦੂਤਾਵਾਸ ਖੋਲ੍ਹਣਾ ਸ਼ਾਮਲ ਹੈ।

# ਭਾਰਤੀ ਮੂਲ ਦੇ ਨੀਰਵ ਸ਼ਾਹ ਬਣੇ ਅਮਰੀਕੀ ਸਿਹਤ ਅਧਿਕਾਰੀ ਏਜੰਸੀ 'ਚ ਦੂਜੇ ਨੰਬਰ ਦੇ ਸਿਖਰ ਅਧਿਕਾਰੀ



**ਵਾਸ਼ਿੰਗਟਨ-** ਅਮਰੀਕਾ ਦੀ ਰਾਸ਼ਟਰੀ ਸਿਹਤ ਏਜੰਸੀ ਵਿਚ ਭਾਰਤੀ ਮੂਲ ਦੇ ਨੀਰਵ ਡੀ. ਸ਼ਾਹ ਦੂਜੇ ਨੰਬਰ ਦੇ ਸਿਖਰ ਅਧਿਕਾਰੀ ਹੋਣਗੇ। ਉਨ੍ਹਾਂ ਨੂੰ ਅਮਰੀਕਾ ਦੇ ਰੋਗ ਕੰਟਰੋਲ ਅਤੇ ਰੋਕਥਾਮ ਕੇਂਦਰ ਵਿਚ ਫਸਟ ਡਿਪਟੀ ਡਾਇਰੈਕਟਰ ਨਿਯੁਕਤ ਕੀਤਾ ਗਿਆ ਹੈ। ਮਹਾਮਾਰੀ ਮਾਹਰ ਨੀਰਵ ਸ਼ਾਹ ਵਰਤਮਾਨ ਵਿਚ ਮੇਨ ਸੈਂਟਰ ਫਾਰ ਡਿਜੀਜ਼ ਕੰਟਰੋਲ ਐਂਡ ਪ੍ਰੀਵੈਂਸ਼ਨ ਦੇ ਡਾਇਰੈਕਟਰ ਹਨ, ਉਹ ਮਾਰਚ ਵਿਚ ਯੂਐੱਸ ਸੀਡੀਸੀ ਦੇ ਡਾਇਰੈਕਟਰ ਰੋਸ਼ੇਲ ਵਾਲੈਂਸਕੀ ਦੇ ਅਧੀਨ ਆਪਣੀ ਨਵੀਂ ਭੂਮਿਕਾ ਸੰਭਾਲਣਗੇ। ਉਨ੍ਹਾਂ ਦੀ ਨਿਯੁਕਤੀ ਯੂਐੱਸ ਸੀਡੀਸੀ ਡਾਇਰੈਕਟਰ ਵੱਲੋਂ ਪਿਛਲੇ ਵਰ੍ਹੇ ਅਗਸਤ ਵਿਚ ਐਲਾਨੇ ਵਿਆਪਕ ਬਦਲਾਅ ਤਹਿਤ ਕੀਤੀ ਗਈ ਹੈ।

# ਗ਼ਦਰੀ ਬਾਬਾ ਬਾਬੂ ਮੰਗੂ ਰਾਮ ਮੂਗੋਵਾਲੀਆ ਜੀ ਦਾ ਜਨਮ ਦਿਨ ਮਨਾਇਆ ਗਿਆ











**ਭੋਗਪੁਰ (ਜਲੰਧਰ) (ਚਰਨਜੀਤ ਸਿੰਘ ਬਿਨਪਾਲਕੇ)–** ਗ਼ਦਰੀ ਬਾਬਾ ਬਾਬੂ ਮੰਗੂ ਰਾਮ ਮੂਗੋਵਾਲੀਆ ਜੀ ਦਾ ਜਨਮ ਦਿਨ ਸ਼ਨੀਵਾਰ 14 ਜਨਵਰੀ ਨੂੰ ਆਦਿ ਦੁਆਰਾ ਸਵਾਮੀ ਫ਼ਕੀਰ ਦਾਸ, ਪਿੰਡ ਰੁੜਕੀ ਜ਼ਿਲਾ ਜਲੰਧਰ ਪੰਜਾਬ ਵਿਖੇ ਬੜੀ ਧੂਮ–ਧਾਮ ਅਤੇ ਅਥਾਹ ਸ਼ਰਧਾ ਨਾਲ ਸਵਾਮੀ ਫ਼ਕੀਰ ਦਾਸ ਸਮਾਧੀ ਆਦਿ ਦੁਆਰਾ ਵੈਲਫੇਅਰ ਟਰੱਸਟ (ਰਾਜਿ:) ਪਿੰਡ ਰੁੜਕੀ ਵਲੋਂ ਮਨਾਇਆ ਗਿਆ। ਇਸ ਸਮਾਗਮ ਦੀ ਰਸਮੀ ਸ਼ੁਰੂਆਤ ਸਵਾਮੀ ਈਸ਼ਰ ਦਾਸ ਜੀ ਦੁਆਰਾ ਰਚਿਤ ਗ੍ਰੰਥ "ਸ੍ਰੀ ਆਦਿ ਪ੍ਰਕਾਸ਼ ਰਤਨਾਕਰ" ਜੀ ਦੀ ਬਾਣੀ ਦਾ ਪਾਠ ਕਰਕੇ ਕੀਤੀ ਗਈ ਅਤੇ ਗਿਆਨੀ ਹੁਸਨ ਲਾਲ ਜੀ ਦੇ ਕੀਰਤਨੀ ਜਥੇ ਵਲੋਂ ਬਾਣੀ ਦਾ ਕੀਰਤਨ ਕੀਤਾ ਗਿਆ।

ਵਿਸ਼ੇਸ਼ ਮਹਿਮਾਨ ਸ੍ਰੀ ਮਤੀ ਜਗਦੀਸ਼ ਕੌਰ ਜੀ ਵਲੋਂ ਗ਼ਦਰੀ ਬਾਬਾ ਬਾਬੂ ਮੰਗੂ ਰਾਮ ਮੂਗੋਵਾਲੀਆ ਜੀ ਦੀ ਡਿਜੀਟਲ ਨਵੀਂ ਤਸਵੀਰ ਤੋਂ ਪਰਦਾ ਉਠਾਉਣ ਦੀ ਰਸਮ ਅਦਾ ਕੀਤੀ ਗਈ ਅਤੇ ਸਵਾਗਤੀ ਭਾਸ਼ਣ ਵੀ ਪ੍ਰਭਾਵਸ਼ਾਲੀ ਢੰਗ ਨਾਲ ਸ੍ਰੀ ਮਤੀ ਜਗਦੀਸ਼ ਕੌਰ ਜੀ ਨੇ ਪੜ੍ਹਿਆ। ਇਸ ਸਮਾਰੋਹ ਵਿਚ ਪਹੁੰਚੇ ਬਤੌਰ ਮੁੱਖ ਮਹਿਮਾਨ ਸਤਵਿੰਦਰ ਮਦਾਰਾ, ਵਿਸ਼ੇਸ਼ ਮਹਿਮਾਨ ਸੁਭਾਸ਼ ਗੰਗੜ ਜੀ ਜੋ ਕਿ ਗ਼ਦਰੀ ਬਾਬਾ ਬਾਬੂ ਮੰਗੂ ਰਾਮ ਮੂਗੋਵਾਲੀਆ ਜੀ ਦੇ ਪੜਪੋਤੇ ਹਨ, ਡਾ. ਜਸਵੰਤ ਰਾਏ ਸਾਹਿਤਕਾਰ, ਸ੍ਰੀ ਕੁਲਦੀਪ ਦਭੇਟਾ, ਸਾਹਿਤਕਾਰ, ਸ੍ਰੀਮਤੀ ਸਿਫਾਲੀ ਰਿਸਰਚਰ, ਸ੍ਰੀ ਸੋਢੀ ਰਾਣਾ (ਫਾਊਡਰ, ਡਾਇਰੈਕਟਰ, ਪ੍ਰਗਤੀ ਕਲਾ ਕੇਂਦਰ ਲਾਂਧੜਾਂ ਰਾਜਿ:) ਨੂੰ ਜੀ ਆਇਆਂ ਆਖਿਆ।

ਲੰਬੇ ਸਮੇਂ ਤੋਂ ਬਹੁਜਨ ਅੰਦੋਲਨ ਵਿੱਚ ਆਪਣੀ ਬਣਦੀ ਅਹਿਮ ਭੂਮਿਕਾ ਨਿਭਾਉਣ ਵਾਲੇ ਗਾਇਕ ਹਰਨਾਮ ਸਿੰਘ ਬਹਿਬਲਪੁਰੀ ਜੀ ਨੇ ਗ਼ਦਰੀ ਬਾਬਾ ਬਾਬੂ ਮੰਗੂ ਰਾਮ ਮੂਗੋਵਾਲੀਆ ਜੀ ਦੇ ਜੀਵਨ ਮਿਸ਼ਨ ਨੂੰ ਸਮਰਪਿਤ ਪੰਜਾਬ ਲੋਕ ਵਿਰਸਾ ਸਾਜ ਤੂੰਬੀ ਨਾਲ ਰਚਨਾਵਾਂ ਗਾਇਨ ਕੀਤੀਆਂ। ਇਸ ਸਮਾਗਮ ਦੇ ਦੋ ਪ੍ਰਮੁੱਖ ਬੁਲਾਰੇ ਸਾਹਿਤਕਾਰ ਕੁਲਦੀਪ ਦੋਭੇਟਾ ਜੀ ਨੇ ਗ਼ਦਰੀ ਬਾਬੂ ਮੰਗੂ ਰਾਮ ਮੂਗੋਵਾਲੀਆ ਜੀ ਦੇ ਦੁਆਰਾ "ਆਦਿ ਧਰਮ ਮੰਡਲ ਦੀ ਸਥਾਪਨਾ" ਅਤੇ ਡਾ. ਜਸਵੰਤ ਰਾਏ ਜੀ ਨੇ "ਗ਼ਦਰੀ ਬਾਬਾ ਬਾਬੂ ਮੰਗੂ ਰਾਮ ਮੂਗੋਵਾਲੀਆ ਜੀ ਦਾ ਭਾਰਤ ਦੇਸ਼ ਦੀ ਅਜ਼ਾਦੀ ਵਿੱਚ ਵਡਮੁੱਲਾ ਯੋਗਦਾਨ" ਵਿਸ਼ੇ ਤੇ ਆਪਣਾ ਪੇਪਰ ਪੜਿਆ। ਬੁਲਾਰਿਆਂ ਨੇ ਆਉਣ ਵਾਲੇ ਸਮੇਂ ਚ ਗ਼ਦਰੀ ਬਾਬਾ ਬਾਬੂ ਮੰਗੂ ਰਾਮ ਮੂਗੋਵਾਲੀਆ ਜੀ ਦੇ ਜੀਵਨ ਸੰਘਰਸ਼ ਨੂੰ ਜਨ–ਜਨ ਤੱਕ ਪਹੁੰਚਾਉਣ ਲਈ ਸਮੂਹ ਸਮਾਜ ਵਿੱਚ ਸਮਾਜਿਕ ਏਕਤਾ ਸਥਾਪਿਤ ਕਰਨ ਦੀ ਬੇਨਤੀ ਕੀਤੀ।

ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ ਸੁਭਾਸ਼ ਗੰਗੜ ਜੀ ਨੇ ਮਾਇਕ ਤੇ ਆਪਣੇ ਵਿਚਾਰ ਰੱਖਦਿਆਂ ਕਿਹਾ ਕਿ ਗ਼ਦਰੀ ਬਾਬਾ ਬਾਬੂ ਮੰਗੂ ਰਾਮ ਮੂਗੋਵਾਲੀਆ ਜੀ ਦੇ ਦੁਆਰਾ ਸਥਾਪਿਤ ਕੀਤੇ ਆਦਿ ਧਰਮ ਮੰਡਲ ਦੀਆਂ ਉਪਲਬੱਧੀਆਂ ਕਰਕੇ ਹੀ ਅੱਜ ਸਮਾਜ ਵਿੱਚ ਸਾਡੀ ਚੰਗੀ ਪਹਿਚਾਣ ਬਣੀ ਹੈ ਅਤੇ ਇਹ ਗ਼ਦਰ ਲਹਿਰ ਅਤੇ ਆਦਿ ਧਰਮੀ ਗ਼ਦਰੀ ਬਾਬਿਆਂ ਦੇ ਸਦਕਾ ਅਸੀਂ ਅਜ਼ਾਦੀ ਦਾ ਨਿੱਘ ਮਾਣ ਰਹੇ ਹਾਂ। ਸਮਾਗਮ ਵਿੱਚ ਪਹੁੰਚੀਆਂ ਸ਼ਖ਼ਸੀਅਤਾਂ ਸ੍ਰੀ ਮਤੀ ਸ਼ਿਫਾਲੀ ਸੈਣੀ, ਸ੍ਰੀ ਸੋਢੀ ਰਾਣਾ ਅਤੇ ਮੁੱਖ ਮਹਿਮਾਨ ਸਤਵਿੰਦਰ ਮਦਾਰਾ ਜੀ ਨੇ ਆਪਣੇ ਵਡਮੁੱਲੇ ਵਿਚਾਰਾਂ ਵਿੱਚ ਕਿਹਾ ਕਿ ਆਦਿ ਧਰਮ ਮੰਡਲ ਪੰਜਾਬ ਨੇ ਵੱਡੀਆਂ ਉਪਲਬੱਧੀਆਂ ਪ੍ਰਾਪਤ ਕੀਤੀਆਂ ਹਨ। ਅੱਜ ਵੀ ਸਮੇਂ ਦੀ ਮੁੱਖ ਮੰਗ ਕਿ ਇਸ ਆਦਿ ਧਰਮ ਮੰਡਲ ਅਤੇ ਆਦਿ ਧਰਮ ਮੰਡਲ ਦੇ ਮਹਾਨ ਯੋਧੇਆਂ ਦੀਆਂ ਕੁਰਬਾਨੀਆਂ ਨੂੰ ਡਿਜੀਟਲ ਪੇਂਟਿੰਗ ਰਾਹੀ, ਡਿਜੀਟਲ ਸਾਹਿਤ ਰਾਹੀਂ ਜਨ ਜਨ ਪਹੁੰਚਾਇਆ ਜਾਵੇ।

ਸਵਾਮੀ ਫ਼ਕੀਰ ਦਾਸ ਸਮਾਧੀ ਆਦਿ ਦੁਆਰਾ ਵੈਲਫੇਅਰ ਟਰੱਸਟ ਰਾਜਿ: ਪਿੰਡ ਰੁੜਕੀ ਵਲੋਂ ਗ਼ਦਰੀ ਬਾਬਾ ਬਾਬੂ ਮੰਗੂ ਰਾਮ ਮੂਗੋਵਾਲੀਆ ਜੀ ਦੇ ਜੀਵਨ ਸੰਘਰਸ਼ ਨੂੰ ਸਾਹਿਤਕ ਅਤੇ ਆਰਟ ਕਲਾ ਰਾਹੀਂ ਜ਼ਮੀਨੀ ਪੱਧਰ ਤੇ ਕੰਮ ਕਰਨ ਵਾਲੀਆਂ ਸ਼ਖ਼ਸੀਅਤਾਂ ਨੂੰ ਗ਼ਦਰੀ ਬਾਬਾ ਬਾਬੂ ਮੰਗੂ ਰਾਮ ਮੂਗੋਵਾਲੀਆ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਇਨਾਂ ਸ਼ਖ਼ਸੀਅਤਾਂ ਵਿੱਚ ਡਾ. ਜਸਵੰਤ ਰਾਏ (ਗ਼ਦਰੀ ਬਾਬਾ ਬਾਬੂ ਮੰਗੂ ਰਾਮ ਮੂਗੋਵਾਲੀਆ ਐਵਾਰਡ ਐਵਾਰਡ ), ਕੁਲਦੀਪ ਚੰਦ ਦੋਭੇਟਾ (ਗ਼ਦਰੀ ਬਾਬਾ ਬਾਬੂ ਮੰਗੂ ਰਾਮ ਮੂਗੋਵਾਲੀਆ ਐਵਾਰਡ), ਕੁਲਪ੍ਰੀਤ ਰਾਣਾ (ਗ਼ਦਰੀ ਬਾਬਾ ਬਾਬੂ ਮੰਗੂ ਰਾਮ ਮੂਗੋਵਾਲੀਆ ਐਵਾਰਡ), ਸ੍ਰੀ ਮਤੀ ਸ਼ਿਫਾਲੀ ਸੈਣੀ (ਗ਼ਦਰੀ ਬਾਬਾ ਬਾਬੂ ਮੰਗੂ ਰਾਮ ਮੂਗੋਵਾਲੀਆ ਐਵਾਰਡ) ਨਾ.ਲ ਸਨਮਾਨਿਤ ਕੀਤਾ ਗਿਆ।

ਕੁਲਪ੍ਰੀਤ ਰਾਣਾ ਕਨੇਡਾ ਜੀ ਦਾ ਐਵਾਰਡ ਉਹਨਾਂ ਦੇ ਪਿਤਾ ਸ੍ਰੀ ਸੋਢੀ ਰਾਣਾ ਜੀ ਵਲੋਂ ਪ੍ਰਾਪਤ ਕੀਤਾ ਗਿਆ। ਸੰਤ ਸੁਐਮ ਦਾਸ ਜੀ ਵਲੋਂ ਆਇਆਂ ਸੰਗਤਾਂ ਦਾ ਆਪਣੇ ਵਡਮੁੱਲੇ ਪ੍ਰਵਚਨਾਂ ਰਾਹੀਂ ਧੰਨਵਾਦ ਕੀਤਾ। ਸੰਤ ਸੁਐਮ ਦਾਸ ਜੀ ਨੇ ਆਈਆਂ ਸ਼ਖ਼ਸੀਅਤਾਂ ਵਰਿੰਦਰ ਕੈਂਥ, ਬੀਬੀ ਜਗਦੀਸ਼ ਕੌਰ, ਭਾਰਤ ਕੁਮਾਰ ਧਨੋਵਾਲੀ, ਮਨਜਿੰਦਰ ਸਿਆਣ, ਜਗਜੀਵਨ ਭਟੋਆ, ਮਹਾਂਪੁਰਸ਼ ਅਮਰਜੀਤ ਸੈਂਪਲਾ ਆਦਿ ਨੂੰ ਸਨਮਾਨਿਤ ਕੀਤਾ। ਇਸ ਇਤਿਹਾਸਕ ਸਮਾਰੋਹ ਦੀ ਸਟੇਜ ਸਕੱਤਰ ਦੀ ਅਹਿਮ ਭੂਮਿਕਾ ਡਾ. ਚਰਨਜੀਤ ਸਿੰਘ ਬਿਨਪਾਲਕੇ ਵਲੋਂ ਬਾਖੂਬੀ ਨਿਭਾਈ ਗਈ।

# ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੁਨਾਮ ਹਲਕੇ ਦੇ ਸਰਵਪੱਖੀ ਵਿਕਾਸ ਲਈ ਵਚਨਬੱਧ: ਕੈਬਨਿਟ ਮੰਤਰੀ ਅਮਨ ਅਰੋੜਾ

**ਸੁਨਾਮ ਊਧਮ ਸਿੰਘ ਵਾਲਾ (ਦਲਜੀਤ ਕੌਰ)–** ਪੰਜਾਬ ਦੇ ਸੂਚਨਾ ਅਤੇ ਲੋਕ ਸੰਪਰਕ, ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ, ਨਵੀਂ ਅਤੇ ਨਵਿਆਉਣਯੋਗ ਊਰਜਾ ਸਰੋਤ ਅਤੇ ਪ੍ਰਿੰਟਿੰਗ ਤੇ ਸਟੇਸ਼ਨਰੀ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੁਨਾਮ ਹਲਕੇ ਦੇ ਸਰਵਪੱਖੀ



ਵਿਕਾਸ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਅਤੇ ਇਸ ਮੰਤਵ ਦੀ ਪੂਰਤੀ ਲਈ ਪੂਰੀ ਤਨਦੇਹੀ ਨਾਲ ਉਪਰਾਲੇ ਕੀਤੇ ਜਾ ਰਹੇ ਹਨ। ਅੱਜ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਹਲਕਾ ਸੁਨਾਮ 'ਚ ਚੱਲ ਰਹੇ ਵਿਕਾਸ ਕਾਰਜਾਂ ਅਤੇ ਸਰਕਾਰ ਦੀਆਂ ਭਲਾਈ ਸਕੀਮਾਂ ਦੀ ਪ੍ਰਗਤੀ ਦੀ ਸਮੀਖਿਆ ਲਈ ਡਿਪਟੀ ਕਮਿਸ਼ਨਰ ਸੰਗਰੂਰ ਜਤਿੰਦਰ ਜੋਰਵਾਲ ਸਮੇਤ ਹੋਰਨਾਂ ਪ੍ਰਸ਼ਾਸਨਿਕ ਅਧਿਕਾਰੀਆਂ ਨਾਲ ਮੀਟਿੰਗ ਕੀਤੀ।

ਇਸ ਮੌਕੇ ਕੈਬਨਿਟ ਮੰਤਰੀ ਨੇ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਪੰਜਾਬ ਸਰਕਾਰ ਲੋਕਾਂ ਨੂੰ ਪਾਰਦਰਸ਼ੀ ਅਤੇ ਭ੍ਰਿਸ਼ਟਚਾਰ ਮੁਕਤ ਪ੍ਰਸ਼ਾਸਨ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ ਅਤੇ ਇਸ ਲਈ ਸਾਰੇ ਅਧਿਕਾਰੀ ਅਤੇ ਕਰਮਚਾਰੀ ਪੂਰੀ ਇਮਾਨਦਾਰੀ ਅਤੇ ਤਨਦੇਹੀ ਨਾਲ ਆਪਣੀਆਂ ਸੇਵਾਵਾਂ ਨਿਭਾਉਣ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਭਲਾਈ ਸਕੀਮਾਂ ਦਾ ਲਾਭ ਅਸਲ ਲੋੜਵੰਦਾਂ ਤੱਕ ਪਹੁੰਚਾਉਣਾ ਯਕੀਨੀ ਬਣਾਇਆ ਜਾਵੇ ਅਤੇ ਲੋਕਾਂ ਨੂੰ ਬਿਨਾਂ ਕਿਸੇ ਦਿੱਕਤ–ਪ੍ਰੇਸ਼ਾਨੀ ਤੋਂ ਪ੍ਰਸ਼ਾਸਨਿਕ ਸੇਵਾਵਾਂ ਮੁਹੱਈਆ ਕਰਵਾਈਆਂ ਜਾਣ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦਾ ਟੀਚਾ ਸੂਬੇ ਨੂੰ ਸਿਹਤ ਅਤੇ ਸਿੱਖਿਆ ਵਰਗੇ ਬੁਨਿਆਦੀ ਖੇਤਰਾਂ 'ਚ ਦੇਸ਼ ਦਾ ਬਿਹਤਰੀਨ ਖਿੱਤਾ ਬਣਾਉਣਾ ਹੈ ਜਿਸ ਲਈ ਸਕੂਲਾਂ ਅਤੇ ਹਸਪਤਾਲਾਂ ਦੀ ਦਸ਼ਾ ਸੁਧਾਰਨ ਲਈ ਵੱਡੇ ਪੱਧਰ 'ਤੇ ਕੰਮ ਕੀਤਾ ਜਾ ਰਿਹਾ ਹੈ। ਅਮਨ ਅਰੋੜਾ ਨੇ ਕਿਹਾ ਕਿ ਸੁਨਾਮ ਹਲਕੇ 'ਚ ਸਿਹਤ ਸੁਵਿਧਾਵਾਂ ਨੂੰ ਸਮੇਂ ਦੇ ਹਾਣੀ ਬਣਾਉਣ ਲਈ ਮੁੱਢਲੇ ਸਿਹਤ ਕੇਂਦਰਾਂ ਨੂੰ ਆਮ ਆਦਮੀ ਕਲੀਨਿਕਾਂ ਦੀ ਤਰਜ਼ 'ਤੇ ਅਪਗ੍ਰੇਡ ਕੀਤਾ ਜਾ ਰਿਹਾ ਹੈ ਅਤੇ ਸਿਹਤ ਵਿਭਾਗ ਦੇ ਨਾਲ–ਨਾਲ ਪ੍ਰਸ਼ਾਸਨਿਕ ਅਧਿਕਾਰੀ ਵੀ ਇਸ ਕੰਮ ਦੀ ਗੁਣਵੱਤਾ ਅਤੇ ਕੰਮ ਨੂੰ ਸਮੇਂ ਸਿਰ ਨੇਪਰੇ ਚੜ੍ਹਾਉਣ ਲਈ ਨਿਗਰਾਨੀ ਕਰਨ। ਉਨ੍ਹਾਂ ਕਿਹਾ ਕਿ ਇਸੇ ਤਰ੍ਹਾਂ ਹਲਕੇ ਦੇ ਸਰਕਾਰੀ ਸਕੂਲਾਂ ਅਤੇ ਹੋਰਨਾਂ ਸਿੱਖਿਆ ਸੰਸਥਾਵਾਂ 'ਚ ਲੋੜੀਂਦੀਆਂ ਸਹੂਲਤਾਂ ਮੁਹੱਈਆ ਕਰੋੜਾਂ ਰੁਪਏ ਦੇ ਕੰਮ ਕਰਵਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ ਸ਼ਹਿਰਾਂ ਤੇ ਪਿੰਡਾਂ ਨੂੰ ਉੱਚ ਪੱਧਰੀ ਸਹੂਲਤਾਂ ਮੁਹੱਈਆ ਕਰਵਾਉਣ ਲਈ ਲੋੜੀਂਦੇ ਫੰਡ ਜਾਰੀ ਕੀਤੇ ਜਾ ਰਹੇ ਹਨ ਜੋ ਹਰ ਹੀਲੇ ਸਹੀ ਢੰਗ ਨਾਲ ਵਰਤੇ ਜਾਣੇ ਯਕੀਨੀ ਬਣਾਏ ਜਾਣ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਐਸ.ਡੀ.ਐਮ. ਨਵਰੀਤ ਕੌਰ ਸੇਖੋਂ, ਐਸ.ਡੀ.ਐਮ. ਜਸਪ੍ਰੀਤ ਸਿੰਘ, ਸਿਵਲ ਸਰਜਨ ਡਾ. ਪਰਮਿੰਦਰ ਕੌਰ, ਜ਼ਿਲ੍ਹਾ ਖੇਡ ਅਫ਼ਸਰ ਰਣਬੀਰ ਸਿੰਘ ਅਤੇ ਐਕਸੀਅਨ ਲੋਕ ਨਿਰਮਾਣ ਵਿਭਾਗ ਕੇ.ਐਸ. ਸੰਧੂ ਵੀ ਹਾਜ਼ਰ ਸਨ।

# ਨੱਡਾ ਦੇ ਕਾਰਜਕਾਲ ਨੂੰ 2024 ਤੱਕ ਵਧਾਉਣ ਦਾ ਅਸ਼ਵਨੀ ਸ਼ਰਮਾ ਨੇ ਸਵਾਗਤ ਕੀਤਾ

**ਚੰਡੀਗੜ੍ਹ: 17 ਜਨਵਰੀ–** ਭਾਰਤੀ ਜਨਤਾ ਪਾਰਟੀ ਦੀ ਕੌਮੀ ਕਾਰਜਕਾਰਨੀ ਵੱਲੋਂ ਭਾਜਪਾ ਦੇ ਕੌਮੀ ਪ੍ਰਧਾਨ ਸ੍ਰੀ ਜਗਤ ਪ੍ਰਕਾਸ਼ ਨੱਡਾ ਦੇ ਕਾਰਜਕਾਲ ਨੂੰ ਜੂਨ 2024 ਤੱਕ ਵਧਾਉਣ ਦੇ ਸਰਬਸੰਮਤੀ ਨਾਲ ਲਏ ਫੈਸਲੇ ਦਾ ਭਾਜਪਾ ਪੰਜਾਬ ਦੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਸਵਾਗਤ ਕਰਦਿਆਂ ਇਸ ਨੂੰ ਇਤਿਹਾਸਕ ਫੈਸਲਾ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਕੌਮੀ ਕਾਰਜਕਾਰਨੀ ਦਾ ਇਹ ਫੈਸਲਾ ਸ਼ਲਾਘਾਯੋਗ ਅਤੇ ਅਗਾਂਹਵਧੂ ਹੈ।



ਅਸ਼ਵਨੀ ਸ਼ਰਮਾ ਨੇ ਜਾਰੀ ਆਪਣੇ ਪ੍ਰੈਸ ਬਿਆਨ ਵਿੱਚ ਕਿਹਾ ਕਿ ਭਾਜਪਾ ਦੁਨੀਆਂ ਦੀ ਸਭ ਤੋਂ ਵੱਡੀ ਲੋਕਤੰਤਰੀ ਪਾਰਟੀ ਹੈ ਅਤੇ ਅਜਿਹੇ ਫੈਸਲੇ ਸਿਰਫ ਭਾਜਪਾ ਵਿੱਚ ਹੀ ਸੰਭਵ ਹਨ। ਨੱਡਾ ਜੀ ਆਪਣੇ ਸਿਆਸੀ ਜੀਵਨ ਵਿੱਚ ਜੰਮੂ–ਕਸ਼ਮੀਰ, ਪੰਜਾਬ, ਹਰਿਆਣਾ, ਛੱਤੀਸਗੜ੍ਹ, ਤੇਲੰਗਾਨਾ, ਕੇਰਲ, ਰਾਜਸਥਾਨ, ਮਹਾਰਾਸ਼ਟਰ, ਉੱਤਰ ਪ੍ਰਦੇਸ਼ ਸਮੇਤ ਕਈ ਰਾਜਾਂ ਦੇ ਇੰਚਾਰਜ ਅਤੇ ਚੋਣ ਇੰਚਾਰਜ ਰਹੇ ਹਨ ਅਤੇ ਉਨ੍ਹਾਂ ਦੀ ਅਗਵਾਈ ਵਿੱਚ ਭਾਜਪਾ ਨੇ ਕਈ ਅਹਿਮ ਚੋਣਾਂ ਜਿੱਤੀਆਂ ਹਨ। ਜੇ. ਪੀ. ਨੱਡਾ ਦੀ ਅਗਵਾਈ 'ਚ ਭਾਜਪਾ ਨੇ ਬਿਹਾਰ 'ਚ ਸਭ ਤੋਂ ਵੱਧ ਸਟ੍ਰਾਈਕ ਰੇਟ ਹਾਸਲ ਕੀਤਾ। ਉਨ੍ਹਾਂ ਦੀ ਅਗਵਾਈ ਵਿੱਚ ਐਨਡੀਏ ਨੇ ਮਹਾਰਾਸ਼ਟਰ ਵਿੱਚ ਬਹੁਮਤ ਹਾਸਲ ਕੀਤਾ। ਅਸੀਂ ਉੱਤਰ ਪ੍ਰਦੇਸ਼ ਵਿੱਚ ਜਿੱਤੇ ਅਤੇ ਅਸੀਂ ਪੱਛਮੀ ਬੰਗਾਲ ਵਿੱਚ ਬਹੁਤ ਵਧੀਆ ਪ੍ਰਦਰਸ਼ਨ ਕੀਤਾ। ਅਸੀਂ ਗੁਜਰਾਤ ਵਿੱਚ ਵੀ ਸ਼ਾਨਦਾਰ ਜਿੱਤ ਦਰਜ ਕੀਤੀ ਹੈ। ਕੋਵਿਡ ਮਹਾਮਾਰੀ ਦੌਰਾਨ, ਨੱਡਾ ਜੀ ਦੀ ਅਗਵਾਈ ਹੇਠ ਭਾਜਪਾ ਵਰਕਰਾਂ ਨੇ ਲੋਕਾਂ ਦੀ ਸੇਵਾ ਲਈ ਦਿਨ–ਰਾਤ ਕੰਮ ਕੀਤਾ।

ਅਸ਼ਵਨੀ ਸ਼ਰਮਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਅਤੇ ਭਾਜਪਾ ਪ੍ਰਧਾਨ ਸ਼੍ਰੀ ਨੱਡਾ ਜੀ ਦੀ ਯੋਗ ਅਗਵਾਈ ਵਿੱਚ ਪਾਰਟੀ 2019 ਦੇ ਮੁਕਾਬਲੇ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਜਿੱਤ ਪ੍ਰਾਪਤ ਕਰੇਗੀ ਅਤੇ ਦੇਸ਼ ਦੀ ਜਨਤਾ ਵੱਲੋਂ ਦਿੱਤੇ ਗਏ ਵੱਡੇ ਫਤਵੇ ਨਾਲ ਮੁੜ ਤੋਂ ਫਿਰ 'ਤੋਂ ਕੇਂਦਰ ਵਿੱਚ ਭਾਜਪਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗੁਵਾਈ 'ਚ ਸਰਕਾਰ ਬਣਾਏਗੀ।

# ਜੋਸ਼ੀਮੱਠ ਨੂੰ ਕਿਵੇਂ ਬਚਾਇਆ ਜਾਵੇ?



ਡਾ. ਗੁਰਿੰਦਰ ਕੌਰ
001-408-493-9776

7 ਜਨਵਰੀ 2023 ਉੱਤਰਾਖੰਡ ਦੇ ਜੋਸ਼ੀਮੱਠ ਸ਼ਹਿਰ ਨੂੰ ਜ਼ਮੀਨ-ਧਸਣ ਵਾਲਾ ਖੇਤਰ ਐਲਾਨ ਕਰ ਦਿੱਤਾ ਗਿਆ ਹੈ। ਰਹਿਣ ਯੋਗ ਨਾ ਰਹੇ ਘਰਾਂ ਵਿਚੋਂ ਲਗਭਗ 60 ਪਰਿਵਾਰਾਂ ਨੂੰ ਆਰਜ਼ੀ ਰਾਹਤ ਕੇਂਦਰਾਂ ਵਿਚ ਲਿਜਾਇਆ ਗਿਆ ਹੈ ਅਤੇ 90 ਹੋਰ ਪਰਿਵਾਰਾਂ ਨੂੰ ਸੁਰੱਖਿਅਤ ਥਾਵਾਂ ਉੱਤੇ ਹਾਲੇ ਭੇਜਿਆ ਜਾਣਾ ਹੈ। ਜੋਸ਼ੀਮੱਠ ਸ਼ਹਿਰ ਵਿਚ ਕੁੱਲ 4500 ਇਮਾਰਤਾਂ ਹਨ ਜਿਨ੍ਹਾਂ ਵਿਚੋਂ 610 ਵਿਚ ਵੱਡੀਆਂ ਦਰਾੜਾਂ ਪੈ ਗਈਆਂ ਹਨ। ਨੁਕਸਾਨੀਆਂ ਗਈਆਂ ਇਮਾਰਤਾਂ ਦੀ ਗਿਣਤੀ ਵਧ ਸਕਦੀ ਹੈ। ਲੋਕਾਂ ਨੂੰ ਹੋਟਲਾਂ, ਕਾਲਜਾਂ ਅਤੇ ਇਕ ਗੁਰਦੁਆਰੇ ਵਿਚ ਠਹਿਰਾਇਆ ਗਿਆ ਹੈ। ਰਾਜ ਸਰਕਾਰ ਨੇ ਉਨ੍ਹਾਂ ਲੋਕਾਂ ਨੂੰ ਜੋ ਕਿਰਾਏ ਦਾ ਮਕਾਨ ਲੈਣਾ ਚਾਹੁੰਦੇ ਹਨ ਨੂੰ ਛੇ ਮਹੀਨਿਆਂ ਤੱਕ 4000 ਰੁਪਏ ਪ੍ਰਤਿ ਮਹੀਨਾ ਦੇਣ ਦਾ ਫ਼ੈਸਲਾ ਕੀਤਾ ਹੈ। ਰਾਜ ਸਰਕਾਰ ਨੇ ਲੋਕਾਂ ਨੂੰ ਨੁਕਸਾਨੇ ਗਏ ਘਰਾਂ ਵਿਚ ਨਾ ਰਹਿਣ ਦੀ ਅਪੀਲ ਵੀ ਕੀਤੀ ਹੈ।

ਜੋਸ਼ੀਮੱਠ ਸ਼ਹਿਰ, ਉਤਰਾਖੰਡ ਰਾਜ ਦੇ ਚਮੋਲੀ ਜ਼ਿਲ੍ਹੇ ਵਿਚ ਬਦਰੀਨਾਥ ਅਤੇ ਹੇਮਕੁੰਟ ਸਾਹਿਬ (ਦੋ ਧਾਰਮਿਕ ਸਥਾਨਾਂ) ਦੇ ਵਿਚਕਾਰ 6000 ਫੁੱਟ ਦੀ ਉਚਾਈ ਉੱਤੇ ਸਥਿਤ ਹੈ। ਇੱਥੇ ਪਿੱਛਲੇ ਕੁਝ ਮਹੀਨਿਆਂ ਤੋਂ ਘਰਾਂ ਅਤੇ ਇਮਾਰਤਾਂ ਦੀਆਂ ਕੰਧਾਂ ਵਿਚ ਤਰੇੜਾਂ ਆਉਣੀਆਂ ਸ਼ੁਰੂ ਹੋ ਗਈਆਂ ਹਨ। ਪਹਿਲਾਂ-ਪਹਿਲ ਲੋਕਾਂ ਨੇ ਇਨ੍ਹਾਂ ਤਰੇੜਾਂ ਨੂੰ ਨਜ਼ਰਅੰਦਾਜ਼ ਕਰਦਿਆਂ ਸੀਮਿੰਟ ਨਾਲ ਭਰ ਦਿੱਤਾ, ਪਰ ਦਸੰਬਰ ਦੇ ਆਖ਼ੀਰਲੇ ਹਫ਼ਤੇ ਤੋਂ ਇਨ੍ਹਾਂ ਤਰੇੜਾਂ ਦਾ ਆਕਾਰ ਤੇਜ਼ੀ ਨਾਲ ਵਧਣ ਲਗ ਪਿਆ, ਘਰਾਂ ਦੀਆਂ ਕੰਧਾਂ ਥੱਲੇ ਨੂੰ ਖਿਸਕਣ ਲੱਗੀਆਂ, ਕਿਸੇ ਘਰ ਦੇ ਕਮਰੇ ਦਾ ਇਕ ਕੋਨਾ ਦਬ ਗਿਆ, ਕਿਸੇ ਦਾ ਵਿਹੜਾ, ਕਿਸੇ ਦੀ ਪੌੜੀ, ਗੱਲ ਕੀ ਇਕੋ ਘਰ ਕਈ ਥਾਵਾਂ ਉੱਤੇ ਖਿਲਰ ਗਿਆ। ਸੜਕਾਂ ਵਿਚ ਵੱਡੀਆਂ ਵੱਡੀਆਂ ਦਰਾੜਾਂ ਪੈ ਗਈਆਂ ਜਿਸ ਕਾਰਨ ਲੋਕਾਂ ਨੂੰ ਪੈਦਲ ਤੁਰਨ ਵਿਚ ਵੀ ਕਾਫ਼ੀ ਦਿੱਕਤ ਆਉਣ ਲੱਗੀ। ਬਿਜਲੀ ਦੇ ਖੰਭੇ ਥੱਲੇ ਨੂੰ ਤਿਲਕਣ ਲੱਗੇ ਅਤੇ ਦਰਖ਼ਤ ਵੀ ਜ਼ਮੀਨ ਉੱਤੇ ਡਿੱਗਣੇ ਸ਼ੁਰੂ ਹੋ ਗਏ। ਕਈ ਥਾਵਾਂ ਉੱਤੇ ਦਰਾੜਾਂ ਪੈਣ ਨਾਲ ਧਰਤੀ ਵਿਚੋਂ ਆਪ-ਮੁਹਾਰੇ ਪਾਣੀ ਨਿਕਲਣਾ ਸ਼ੁਰੂ ਹੋ ਗਿਆ ਸੀ। ਸ਼ਹਿਰ ਵਿਚ ਇਸ ਤਰ੍ਹਾਂ ਦੀ ਕੁਦਰਤੀ ਆਫ਼ਤ ਨੂੰ ਦੇਖਦੇ ਹੋਏ ਸ਼ਹਿਰ ਦੇ ਲੋਕਾਂ ਨੇ ਪ੍ਰਸ਼ਾਸ਼ਨ ਕੋਲ ਬਚਾਓ ਦੇ ਉਪਰਾਲਿਆਂ ਲਈ ਅਪੀਲ ਕੀਤੀ। ਪਹਿਲਾਂ-ਪਹਿਲ ਤਾਂ ਪ੍ਰਸ਼ਾਸ਼ਨ ਨੇ ਇਸ ਦੁਖਦਾਈ ਵਰਤਾਰੇ ਵੱਲ ਤੱਵਜੋਂ ਨਹੀਂ ਦਿੱਤੀ, ਜਦੋਂ ਸ਼ਹਿਰ ਦੇ ਲੋਕਾਂ ਅਤੇ ਜੋਸ਼ੀਮੱਠ ਬਚਾਓ ਸੰਘਰਸ਼ ਕਮੇਟੀ ਨੇ ਪ੍ਰਸ਼ਾਸ਼ਨ ਖ਼ਿਲਾਫ ਰੋਸ ਪ੍ਰਦਰਸ਼ਨ ਕਰਨਾ ਸ਼ੁਰੂ ਕਰ ਦਿਤਾ ਉਸ ਤੋਂ ਬਾਅਦ ਪ੍ਰਸ਼ਾਸ਼ਨ ਹਰਕਤ ਵਿਚ ਆਇਆ ਹੈ। ਲੋਕਾਂ ਦਾ ਕਹਿਣਾ ਹੈ ਕਿ ਜੋਸ਼ੀਮੱਠ ਦੀ ਜ਼ਮੀਨ ਖਿਸਕਣ ਅਤੇ ਉਨ੍ਹਾਂ ਦਾ ਘਰਾਂ ਵਿਚ ਤਰੇੜਾਂ ਆਉਣ ਦਾ ਕਾਰਨ ਨੈਸ਼ਨਲ ਥਰਮਲ ਪਾਵਰ ਕਾਰਪੋਰੇਸ਼ਨ (ਐੱਨ.ਟੀ.ਪੀ.ਸੀ.) ਦੇ ਤਪੋਵਨ ਵਿਸ਼ਨੂੰਗਾਡ ਪਣ-ਬਿਜਲੀ ਪ੍ਰੋਜੈਕਟ ਲਈ ਬਣ ਰਹੀ 12 ਕਿਲੋਮੀਟਰ ਲੰਮੀ ਸੁਰੰਗ, ਚਾਰ ਧਾਮ ਰੋਡ ਪ੍ਰੋਜੈਕਟ, ਹੀਲਾਂਗ ਮਾਰਵਾੜੀ ਬਾਈਪਾਸ ਜੋ ਜੋਸ਼ੀਮੱਠ ਤੋਂ ਬਦਰੀਨਾਥ ਦੀ ਦੂਰੀ 30 ਕਿਲੋਮੀਟਰ ਘਟਾ ਦੇਵੇਗਾ ਆਦਿ ਯੋਜਨਾਵਾਂ ਹਨ ਜੋ ਜੋਸ਼ੀਮੱਠ ਦੇ ਆਲ਼ੇ ਦੁਆਲ਼ੇ ਚੱਲ ਰਹੀਆਂ ਹਨ। ਸਥਾਨਕ ਲੋਕ ਚਾਹੁੰਦੇ ਹਨ ਕਿ ਜੋਸ਼ੀਮੱਠ ਦੇ ਆਲ਼ੇ-ਦੁਆਲ਼ੇ ਹੋ ਰਹੇ ਹਰ ਤਰ੍ਹਾਂ ਦੇ ਵਿਕਾਸ ਕਾਰਜ ਬੰਦ ਕੀਤੇ ਜਾਣ ਅਤੇ ਉਤਰਾਖੰਡ ਸਰਕਾਰ ਜੋਸ਼ੀਮੱਠ ਦੇ ਵਾਸੀਆਂ ਦਾ ਪੱਕੇ ਤੌਰ ਮੁੜ ਵਸੇਬੇ ਦਾ ਪ੍ਰਬੰਧ ਕਰੇ।

ਰਾਜ ਸਰਕਾਰ ਨੇ ਹਾਲ ਦੀ ਘੜੀ ਹੀਲਾਂਗ ਬਾਈਪਾਸ ਦੇ ਨਿਰਮਾਣ ਕਾਰਜ ਤੋਂ ਲੈ ਕੇ ਤਪੋਵਨ-ਵਿਸ਼ਨੂੰਗੜ ਹਾਈਡਲ ਪ੍ਰੋਜੈਕਟ ਦੇ ਕੰਮ ਅਤੇ ਹੋਰ ਸਾਰੇ ਨਿਰਮਾਣ ਕਾਰਜਾਂ ਨੂੰ ਫੌਰੀ ਤੌਰ ਉੱਤੇ ਬੰਦ ਕਰਨ ਦਾ ਹੁਕਮ ਦੇ ਦਿੱਤਾ ਹੈ। ਇਸ ਦੇ ਨਾਲ ਨਾਲ ਜੋਸ਼ੀਮੱਠ ਸ਼ਹਿਰ ਦੀ ਜ਼ਮੀਨ ਖਿਸਕਣ ਦੇ ਕਾਰਨਾਂ ਦੀ ਜਾਂਚ ਕਰਨ ਲਈ 14 ਮੈਂਬਰੀ ਕਮੇਟੀ ਦਾ ਗਠਨ ਕੀਤਾ ਹੈ। ਇਸ ਕਮੇਟੀ ਵਿਚ ਜਿਓਲੌਜ਼ੀਕਲ ਸਰਵੇ ਆਫ਼ ਇੰਡੀਆ, ਵਾਡੀਆ ਇੰਸਟੀਚਿਊਟ ਅਤੇ ਆਈ.ਆਈ.ਟੀ. ਰੁੜਕੀ ਦੇ ਮਾਹਿਰ ਸ਼ਾਮਲ ਕੀਤੇ ਗਏ ਹਨ। ਜੋਸ਼ੀਮੱਠ ਸ਼ਹਿਰ ਨੂੰ ਜ਼ਮੀਨ ਖਿਸਕਣ ਵਾਲਾ (ਗਰਕਣ ਵਾਲਾ) ਖੇਤਰ ਐਲਾਨ ਕਰਨ ਤੋਂ ਬਾਅਦ ਉਤਰਾਖੰਡ ਸਰਕਾਰ ਨੇ ਉਨ੍ਹਾਂ ਘਰਾਂ ਅਤੇ ਇਮਾਰਤਾਂ, ਜਿਨ੍ਹਾਂ ਵਿਚ ਜ਼ਿਆਦਾ ਤਰੇੜਾਂ ਆ ਗਈਆਂ ਹਨ, ਨੂੰ ਢਾਉਣ ਦਾ ਹੁਕਮ ਦੇ ਦਿੱਤਾ ਹੈ। ਇਮਾਰਤਾਂ ਅਤੇ ਘਰ ਢਾਹੁਣ ਦੀ ਕਾਰਵਾਈ 10 ਜਨਵਰੀ ਤੋਂ ਸ਼ੁਰੂ ਹੋ ਗਈ ਹੈ।

ਜੋਸ਼ੀਮੱਠ ਸ਼ਹਿਰ ਦੀਆਂ ਇਮਾਰਤਾਂ ਅਤੇ ਘਰਾਂ ਦੇ ਖਿਸਕਣ ਦੇ ਵਰਤਾਰੇ ਨੂੰ ਸਰਕਾਰ ਅਤੇ ਕੁਝ ਲੋਕ ਸ਼ਹਿਰ ਵਿਚ ਵਧ ਰਹੀ ਮਨੁੱਖੀ ਆਬਾਦੀ ਅਤੇ ਇਮਾਰਤਾਂ ਦੀ ਵਧ ਰਹੀ ਗਿਣਤੀ ਨੂੰ ਜ਼ਿੰਮੇਵਾਰ ਠਹਿਰਾ ਰਹੇ ਹਨ ਕਿਉਂਕਿ ਪਿਛਲੇ ਕੁਝ ਸਾਲਾਂ ਵਿਚ ਇਥੋਂ ਦੀ ਆਬਾਦੀ ਬਹੁਤ ਤੇਜ਼ੀ ਨਾਲ ਵਧੀ ਹੈ। 1950 ਵਿਚ ਜੋਸ਼ੀਮੱਠ ਵਿਚ ਸਿਰਫ਼ 8719 ਵਿਅਕਤੀ ਰਹਿੰਦੇ ਸਨ, ਪਰ 2020 ਵਿਚ ਇਨ੍ਹਾਂ ਦੀ ਗਿਣਤੀ ਵਧ ਕੇ 34,188 ਹੋ ਗਈ ਹੈ। ਘਰਾਂ ਅਤੇ ਵਿਅਕਤੀਆਂ ਦੇ ਵਾਧੇ ਨਾਲ ਤਾਂ ਸ਼ਾਇਦ ਜੋਸ਼ੀਮੱਠ ਦੀ ਜ਼ਮੀਨ ਉੱਤੇ ਬਹੁਤ ਜ਼ਿਆਦਾ ਭਾਰ ਨਹੀਂ ਵਧਿਆ ਹੋਵੇਗਾ, ਪਰ ਇਸ ਸੰਕਟ ਦਾ ਮੁੱਖ ਕਾਰਨ ਜੋਸ਼ੀਮੱਠ ਸ਼ਹਿਰ ਅਤੇ ਉਸ ਦੇ ਆਲ਼ੇ-ਦੁਆਲ਼ੇ ਹੋ ਰਿਹਾ ਅਣਯੋਜਿਤ ਵਿਕਾਸ ਹੈ।

ਜੋਸ਼ੀਮੱਠ ਸ਼ਹਿਰ ਦੋ ਧਾਰਮਿਕ ਸਥਾਨਾਂ ਬਦਰੀਨਾਥ ਅਤੇ ਹੇਮਕੁੰਟ ਦੇ ਸ਼ਰਧਾਲੂਆਂ ਨੂੰ ਠਾਹਰ ਦਿੰਦਾ ਹੈ। ਇਸ ਸ਼ਹਿਰ ਵਿਚ ਫੌਜੀਆਂ ਦੇ ਰਹਿਣ ਲਈ ਇਕ ਛਾਉਣੀ ਹੈ। ਇਸ ਤੋਂ ਇਲਾਵਾ ਇਹ ਸ਼ਹਿਰ ਪਹਾੜਾਂ ਉੱਤੇ ਚੜ੍ਹਣ ਵਾਲੇ ਨੌਜੁਆਨਾਂ ਲਈ ਬੇਸ ਕੈਂਪ ਅਤੇ ਫੁੱਲਾਂ ਦੀ ਵਾਦੀ ਵਿਚ ਜਾਣ ਵਾਲੇ ਸੈਲਾਨੀਆਂ ਨੂੰ ਵੀ ਰੈਣ-ਬਸੇਰਾ ਪ੍ਰਦਾਨ ਕਰਦਾ ਹੈ। ਇੰਨੇ ਸਾਰੇ ਸੈਲਾਨੀਆਂ ਅਤੇ ਸ਼ਰਧਾਲੂਆਂ ਦੇ ਰਹਿਣ ਅਤੇ ਖਾਣ-ਪੀਣ ਦੇ ਇੰਤਜ਼ਾਮ ਲਈ ਜੋਸ਼ੀਮੱਠ ਵਿਚ ਵੱਡੇ-ਵੱਡੇ ਹੋਟਲ ਉਸਾਰੇ ਗਏ ਹਨ। ਬਹੁ-ਮੰਜ਼ਲੇ ਹੋਟਲ, ਤਪੋਵਨ ਵਿਸ਼ਨੂੰਗਾਡ ਅਤੇ ਐੱਨ.ਟੀ.ਪੀ.ਸੀ. ਪਣ-ਬਿਜਲੀ ਪ੍ਰੋਜੈਕਟ, ਚਾਰ ਧਾਮ ਸੜਕ, 12 ਕਿਲੋਮੀਟਰ ਲੰਮੀ ਸੁਰੰਗ, ਹੀਲਾਂਗ ਤੋਂ ਮਾਰਵਾੜੀ ਤੱਕ ਸੜਕ ਅਤੇ ਹੋਰ ਇਸ ਤਰ੍ਹਾਂ ਦੇ ਪ੍ਰੋਜੈਕਟ ਜੋਸ਼ੀਮੱਠ ਦੀ ਤਬਾਹੀ ਦਾ ਕਾਰਨ ਬਣੇ ਹਨ।



ਤਪੋਵਨ ਵਿਸ਼ਨੂੰਗਾਡ ਅਤੇ ਐੱਨ.ਟੀ.ਪੀ.ਸੀ. ਪਣ-ਬਿਜਲੀ ਪ੍ਰੋਜੈਕਟ ਉਹ ਹਨ ਜਿੱਥੇ 7 ਫਰਵਰੀ 2021 ਨੂੰ ਨੰਦਾ ਦੇਵੀ ਗਲੇਸ਼ੀਅਰ ਦਾ ਇਕ ਵੱਡਾ ਹਿੱਸਾ ਜੋਸ਼ੀਮੱਠ ਦੇ ਨੇੜੇ ਅਲਕਨੰਦਾ ਨਦੀ ਵਿਚ ਗਿਰ ਗਿਆ ਸੀ। ਇਸ ਘਟਨਾ ਵਿਚ ਰਿਸ਼ੀਗੰਗਾ ਪਣ-ਬਿਜਲੀ ਪ੍ਰੋਜੈਕਟ ਬੁਰੀ ਤਰ੍ਹਾਂ ਤਬਾਹ ਹੋ ਗਿਆ ਸੀ। ਤਪੋਵਨ ਵਿਸ਼ਨੂੰਗਾਡ ਅਤੇ ਐੱਨ.ਟੀ.ਪੀ.ਸੀ. ਪਣ-ਬਿਜਲੀ ਪ੍ਰੋਜੈਕਟਾਂ ਨੂੰ ਵੀ ਭਾਰੀ ਨੁਕਸਾਨ ਪਹੁੰਚਿਆ ਸੀ। ਤਪੋਵਨ ਤੋਂ ਵਿਸ਼ਨੂੰਗਾਡ ਵਿਚਕਾਰ 12 ਕਿਲੋਮੀਟਰ ਲੰਮੀ ਸੁਰੰਗ ਹੈ, ਜਿਸ ਰਾਹੀਂ ਧੌਲੀਗੰਗਾ ਦਾ ਪਾਣੀ ਸ਼ੇਲੌਂਗ ਪਾਵਰ ਹਾਊਸ ਤੱਕ ਬਿਜਲੀ ਬਚਾਉਣ ਲਈ ਲਿਆਂਦਾ ਜਾਣਾ ਹੈ। ਇਹ ਸੁਰੰਗ ਉਸੇ ਪਹਾੜ ਦੇ ਵਿਚੋਂ ਲੰਘ ਰਹੀ ਹੈ ਜਿਸ ਨਾਲ ਜੋਸ਼ੀਮੱਠ ਸ਼ਹਿਰ ਵੱਸਿਆ ਹੋਇਆ ਹੈ। ਇਸ ਸੁਰੰਗ ਵਿਚ ਹੀ 2021 ਵਿਚ ਕੰਮ ਕਰਦੇ 200 ਤੋਂ ਉੱਤੇ ਮਜ਼ਦੂਰ ਮਾਰੇ ਗਏ ਸਨ। ਚਾਰ ਧਾਮ ਸੜਕ ਜਿਹੜੀ 900 ਕਿਲੋਮੀਟਰ ਲੰਮੀ ਹੈ ਵੀ ਜੋਸ਼ੀਮੱਠ ਕੋਲੋਂ ਹੀ ਲੰਘਦੀ ਹੈ। ਜੋਸ਼ੀਮੱਠ ਦੇ ਘਰਾਂ ਦਾ ਖਿਸਕਣਾ, 2021 ਵਿਚ ਪਣ-ਬਿਜਲੀ ਘਰਾਂ ਦਾ ਤਬਾਹ ਹੋਣਾ ਅਤੇ ਸੁਰੰਗ ਮਜ਼ਦੂਰਾਂ ਦਾ ਦਮ-ਘੁਟ ਕੇ ਮਰਨਾ ਹੀ ਘਟਨਾਵਾਂ ਨਹੀਂ ਹਨ ਜੋ ਅਣਯੋਜਿਤ ਆਰਥਿਕ ਵਿਕਾਸ ਦੀ ਅੰਨ੍ਹੀ ਰੇਸ ਵਿਚ ਦੌੜਦਿਆਂ ਜੋਸ਼ੀਮੱਠ ਸ਼ਹਿਰ ਅਤੇ ਉੱਤਰਾਖੰਡ ਵਾਸੀਆਂ ਨੇ ਸਹੀਆਂ ਹਨ।

ਇਸ ਤੋਂ ਪਹਿਲਾਂ 16 ਜੂਨ 2013 ਨੂੰ ਵੀ ਉਤਰਾਖੰਡ ਵਾਸੀਆਂ ਨੇ ਰਾਜ ਵਿਚ ਹੋਏ ਅਣਯੋਜਿਤ ਵਿਕਾਸ ਕਾਰਨ ਬਹੁਤ ਮਾਰ ਝੱਲੀ ਸੀ। ਜੇਕਰ ਇਕੱਲੇ ਜੋਸ਼ੀਮੱਠ ਦੀ ਗੱਲ ਕਰੀਏ ਤਾਂ 1970 ਵਿਚ ਵੀ ਜੋਸ਼ੀਮੱਠ ਦੇ ਕੁਝ ਘਰਾਂ ਵਿਚ ਤਰੇੜਾਂ ਆ ਗਈਆਂ ਸਨ। ਸੋ ਜੋਸ਼ੀਮੱਠ ਵਿਚ ਜ਼ਮੀਨ ਦਾ ਧੱਸਣਾ ਨਾ ਤਾਂ ਨਵਾਂ ਵਰਤਾਰਾ ਹੈ ਅਤੇ ਨਾ ਹੀ ਅਚਾਨਕ ਹੋਇਆ ਹੈ। ਘਰਾਂ ਵਿਚ ਆਈਆਂ ਤਰੇੜਾਂ ਨੂੰ ਦੇਖਦੇ ਹੋਏ ਲੋਕਾਂ ਦੀ ਮੰਗ ਉੱਤੇ ਪ੍ਰਸ਼ਾਸ਼ਨ ਨੇ ਇਸ ਖੇਤਰ ਵਿਚ ਜ਼ਮੀਨ ਖਿਸਕਣ ਅਤੇ ਥੋੜ੍ਹੇ ਸਮੇਂ ਦੇ ਨਾਲ ਨਾਲ ਲੰਮੇ ਸਮੇਂ ਦੇ ਹੱਲ ਲਭਣ ਲਈ ਮਿਸ਼ਰਾ ਕਮੇਟੀ ਦਾ ਗਠਨ ਕੀਤਾ। ਇਸ ਕਮੇਟੀ ਨੇ ਇਸ ਖੇਤਰ ਵਿਚ ਕਿਸੇ ਵੀ ਤਰ੍ਹਾਂ ਦੀ ਭਾਰੀ ਉਸਾਰੀ ਉੱਤੇ ਪਾਬੰਦੀ ਲਗਾਉਣ ਦੀ ਸਿਫ਼ਾਰਸ਼ ਕੀਤੀ ਸੀ ਕਿਉਂਕਿ ਮਿਸ਼ਰਾ ਕਮੇਟੀ ਅਨੁਸਾਰ ਜੋਸ਼ੀਮੱਠ ਪਹਿਲਾਂ ਹੀ ਪਹਾੜਾਂ ਤੋਂ ਖਿਸਕੀ ਹੋਈ ਜ਼ਮੀਨ ਉੱਤੇ ਬਣਿਆ ਹੋਇਆ ਹੈ। ਇਸ ਖੇਤਰ ਦੇ ਨੇੜੇ ਕੁਦਰਤੀ ਜੰਗਲਾਂ ਦੀ ਕਟਾਈ ਅਤੇ ਪਹਾੜਾਂ ਨੂੰ ਵਿਸਫੋਟਕ ਸਮੱਗਰੀ ਨਾਲ ਉਡਾਉਣ ਨਾਲ ਇੱਥੋਂ ਦੇ ਸੰਵੇਦਨਸ਼ੀਨ ਵਾਤਾਵਰਨ ਵਿਚ ਬਹੁਤ ਜ਼ਿਆਦਾ ਵਿਗਾੜ ਆ ਸਕਦੇ ਹਨ।

2009 ਵਿਚ ਵੀ ਐਕੁਵੀਫਰ ਟੁੱਟਣ ਨਾਲ ਸ਼ਹਿਰ ਵਿਚ ਪਾਣੀ ਵਹਿਣ ਲੱਗ ਪਿਆ ਸੀ। ਐਕੁਵੀਫਰ ਧਰਤੀ ਹੇਠਲੇ ਪਾਣੀ ਦੇ ਸਰੋਤ ਹਨ। ਜੋਸ਼ੀਮੱਠ ਵਿਚ ਲਾਪਰਵਾਹੀ ਕਾਰਨ ਕੀਤੇ ਗਏ ਨਿਰਮਾਣ ਕਾਰਨ ਸ਼ਹਿਰ ਵਿਚ ਕਈ ਥਾਵਾਂ ਉੱਤੇ ਪਾਣੀ ਦਾ ਨਿਕਾਸ ਹੋ ਰਿਹਾ ਹੈ ਅਤੇ ਜ਼ਮੀਨ ਧੱਸ ਰਹੀ ਹੈ। ਫਰਵਰੀ 2021 ਵਿਚ ਵਾਪਰੀ ਚਮੌਲੀ ਤਰਾਸਦੀ ਤੋਂ ਬਾਅਦ ਵੀ ਸਥਾਨਕ ਨਿਵਾਸੀਆਂ ਦੀ ਬੇਨਤੀ ਉੱਤੇ ਬਣਾਈ ਗਈ ਕਮੇਟੀ ਨੇ ਜੋਸ਼ੀਮੱਠ ਦੇ ਆਲ਼ੇ-ਦੁਆਲ਼ੇ ਦੇ ਖੇਤਰ ਦਾ ਸਰਵੇਖਣ ਕਰਕੇ ਦੱਸਿਆ ਸੀ ਕਿ ਹੋਰ ਖੁਦਾਈ ਦੇ ਕੰਮ ਨਾਲ ਜੋਸ਼ੀਮੱਠ ਗਰਕ ਸਕਦਾ ਹੈ। ਇਸ ਕਮੇਟੀ ਦੀਆਂ ਸਿਫ਼ਾਰਸਾਂ ਉੱਤੇ ਉੱਤਰਾਖੰਡ ਸਟੇਟ ਪ੍ਰਬੰਧਨ ਡਿਜ਼ਾਸਟਰ ਮੈਨੇਜ਼ਮੈਂਟ ਅਥਾਰਟੀ ਨੇ ਅਗਸਤ 2022 ਵਿਚ ਜੋਸ਼ੀਮੱਠ ਸ਼ਹਿਰ ਦੇ ਭੂ-ਵਿਗਿਆਨਕ ਅਤੇ ਭੂ-ਤਕਨੀਕੀ ਸਰਵੇਖਣ ਲਈ ਇਕ ਬਹੁ-ਸੰਸਥਾਗਤ ਕਮੇਟੀ ਦਾ ਗਠਨ ਕੀਤਾ। ਇਸ ਕਮੇਟੀ ਨੇ ਸਤੰਬਰ 2022 ਵਿਚ ਆਪਣੀ ਰਿਪੋਰਟ ਵਿਚ ਲਿਖਿਆ ਕਿ ਇਸ ਖੇਤਰ ਦੀ ਜ਼ਮੀਨ ਬਹੁਤ ਹੀ ਅਸਥਿਰ ਸਥਿਤੀ ਵਿਚ ਹੈ, ਸੋ ਇੱਥੇ ਹੋਰ ਉਸਾਰੀ ਕਰਨਾ ਖ਼ਤਰੇ ਵਾਲਾ ਕੰਮ ਹੈ। ਉੱਤਰ-ਾਖੰਡ ਵਿਚ ਅਲੱਗ ਅਲੱਗ ਸਮਿਆਂ ਉੱਤੇ ਸਰਕਾਰਾਂ ਨੇ ਕਮੇਟੀਆਂ ਬਣਾਈਆਂ ਅਤੇ ਸਰਵੇਖਣ ਕਰਵਾਏ, ਪਰ ਕਿਸੇ ਵੀ ਕਮੇਟੀ ਦੀ ਰਿਪੋਰਟ ਨੂੰ ਅਮਲ ਵਿਚ ਨਹੀਂ ਲਿਆਂਦਾ। ਸੜਕਾਂ ਚੋੜੀਆਂ ਕਰਨ ਅਤੇ ਵੱਡੇ ਪਣ-ਬਿਜਲੀ ਪ੍ਰੋਜੈਕਟ ਲਗਾਉਣ ਦੇ ਕੰਮ ਭੂ-ਵਿਗਿਆਨੀਆਂ ਦੀਆਂ ਚਿਤਾਵਨੀਆਂ ਅਤੇ ਸਥਾਨਕ ਲੋਕਾਂ ਦੇ ਰੋਸ-ਮੁਜ਼ਾਹਰਿਆਂ ਦੇ ਬਾਵਜੂਦ ਵੀ ਬੇਰੋਕ ਚੱਲ ਰਹੇ ਹਨ। ਉੱਤਰਾਖੰਡ ਦੇ ਲੋਕ ਬ੍ਰਿਟਿਸ਼ ਰਾਜ ਵੇਲੇ ਤੋਂ ਹੀ ਵਾਤਾਵਰਨ ਦੀ ਸਾਂਭ-ਸੰਭਾਲ ਬਾਰੇ ਸੁਚੇਤ ਸਨ। ਇਨ੍ਹਾਂ ਲੋਕਾਂ ਨੇ ਬ੍ਰਿਟਿਸ਼ ਸਰਕਾਰ ਦੁਆਰਾ ਜੰਗਲਾਂ ਦੀ ਕਟਾਈ ਅਤੇ ਓਕ ਦੀ ਥਾਂ ਉੱਤੇ ਚੀਲ ਦੇ ਦਰਖ਼ਤ ਲਗਾਉਣ ਦਾ ਵੀ ਭਾਰੀ ਵਿਰੋਧ ਕੀਤਾ ਸੀ।

1970 ਦੇ ਦਹਾਕੇ ਵਿਚ ਜਦੋਂ ਉੱਤਰਾਖੰਡ ਰਾਜ ਵਿਚ ਪਣ-ਬਿਜਲੀ ਪ੍ਰੋਜੈਕਟ ਲਗਾਉਣ ਦਾ ਕੰਮ ਸ਼ੁਰੂ ਹੋਇਆ ਸੀ ਤਾਂ ਸਥਾਨਕ ਲੋਕਾਂ ਨੇ ਜੰਗਲਾਂ ਦੀ ਕਟਾਈ ਦਾ ਬਹੁਤ ਜ਼ੋਰ-ਸ਼ੋਰ ਵਿਰੋਧ ਕੀਤਾ ਸੀ। ਚਿਪਕੋ-ਅੰਦੋਲਨ ਇਸੇ ਰਾਜ ਦੇ ਰੈਨੀ ਪਿੰਡ ਤੋਂ ਸ਼ੁਰੂ ਹੋਇਆ ਸੀ। ਅਫ਼ਸੋਸ ਦੀ ਗੱਲ ਹੈ ਕਿ ਜਿਸ ਪਿੰਡ ਤੋਂ ਚਿਪਕੋ-ਅੰਦੋਲਨ ਸ਼ੁਰੂ ਹੋਇਆ ਸੀ ਉਹ ਪਿੰਡ ਅਣਯੋਜਿਤ ਵਿਕਾਸ ਦੀ ਭੇਂਟ ਚੜ੍ਹ ਚੁੱਕਿਆ ਹੈ। ਪਣ-ਬਿਜਲੀ ਪ੍ਰੋਜੈਕਟ ਜੋਸ਼ੀਮੱਠ ਨੂੰ ਹੀ ਨਹੀਂ ਲੈ ਡੁੱਬੇ ਹਨ, ਇਸ ਤੋਂ ਪਹਿਲਾਂ ਟੀਹਰੀ ਡੈਮ ਜਿਸ ਦੇ ਬਣਨ ਦਾ ਵਿਰੋਧ ਸੁੰਦਰ ਲਾਲ ਬਹੁਗੁਣਾ ਨੇ ਆਪਣੀ ਸਾਥੀਆਂ ਸਮੇਤ ਕਈ ਸਾਲ ਕੀਤਾ ਸੀ ਨੇ ਵੀ ਕਈ ਪਿੰਡਾਂ ਦੀ ਬਲੀ ਲਈ ਹੈ। ਸੁੰਦਰ ਲਾਲ ਬਹੁਗੁਣਾ ਦਾ ਆਪਣਾ ਘਰ ਵੀ ਡੁੱਬ ਗਿਆ ਸੀ ਅਤੇ ਉਨ੍ਹਾਂ ਨੂੰ ਸਰਕਾਰ ਨੇ ਨਵੇਂ ਥਾਂ ਉੱਤੇ ਮੁੜਵਸੇਬੇ ਲਈ ਘਰ ਦਿੱਤਾ ਸੀ।

ਉੱਤਰਾਖੰਡ ਦਾ ਇੱਕਲਾ ਜੋਸ਼ੀਮੱਠ ਸ਼ਹਿਰ ਹੀ ਧਰਤੀ ਵਿਚ ਨਹੀਂ ਗਰਕ ਰਿਹਾ ਹੈ, ਇਸ ਤੋਂ ਅੱਗੇ ਵੀ ਕਈ ਹੋਰ ਸ਼ਹਿਰ ਹਨ ਜੋ ਇਹੋ ਜਿਹੇ ਹਾਲਤਾਂ ਵਿਚ ਗੁਜ਼ਰ ਰਹੇ ਹਨ। ਭੂ-ਵਿਗਿਆਨੀਆਂ ਦੇ ਅਧਿਐਨ ਅਨੁਸਾਰ ਚਮੌਲੀ ਜ਼ਿਲ੍ਹੇ ਵਿਚ ਸਥਿਤ ਕਰਨਪਰਾਗ ਅਤੇ ਗੋਪੀਸ਼ੇਵਰ, ਟੀਹਰੀ ਜ਼ਿਲ੍ਹੇ ਦਾ ਘਣਸ਼ਾਲੀ, ਪਿਥੌਰਗੜ੍ਹ ਜ਼ਿਲ੍ਹੇ ਦੇ ਮੁਨਸ਼ੀਆਰੀ ਅਤੇ ਧਾਰਚੌਲਾ, ਉੱਤਰਕਾਸ਼ੀ ਦਾ ਭਟਵਾਰੀ ਅਤੇ ਪਾਉੜੀ ਜ਼ਿਲ੍ਹੇ ਦਾ ਨੈਨੀਤਾਲ ਆਦਿ ਵੀ ਜੋਸ਼ੀਮੱਠ ਵਾਂਗੂ ਕਦੇ ਵੀ ਧਰਤੀ ਵਿਚ ਗਰਕ ਹੋ ਸਕਦੇ ਹਨ।

ਕਿਸੇ ਵੀ ਥਾਂ (ਸ਼ਹਿਰ/ਪਿੰਡ) ਦੀ ਘਰਾਂ ਅਤੇ ਇਮਾਰਤਾਂ ਦੇ ਥੱਲੇ ਵਾਲੀ ਜ਼ਮੀਨ ਖਿਸਕਣ ਨਾਲ ਲੋਕਾਂ ਨੂੰ ਵਿੱਤੀ ਨੁਕਸਾਨ ਦੇ ਨਾਲ ਨਾਲ ਸਰੀਰਕ ਅਤੇ ਮਾਨਸਿਕ ਪਰੇਸ਼ਾਨੀਆਂ ਦਾ ਵੀ ਸਾਹਮਣਾ ਕਰਨਾ ਪੈ ਜਾਂਦਾ ਹੈ। ਕਈ ਲੋਕਾਂ ਨੇ ਆਪਣੀ ਜ਼ਿੰਦਗੀ ਭਰ ਦੀ ਕਮਾਈ ਘਰ ਬਣਾਉਣ ਉੱਤੇ ਲਗਾ ਦਿੱਤੀ ਹੁੰਦੀ ਹੈ। ਪਿਛਲੀ ਉਮਰ ਵਿਚ ਜਦੋਂ ਉਸ ਤੋਂ ਵੀ ਹੱਥ ਧੋ ਬੈਠਦੇ ਹਨ ਤਾਂ ਉਹ ਸਦਮੇ ਵਿਚ ਆ ਜਾਂਦੇ ਹਨ। ਕਈ ਵਾਰ ਸਰਕਾਰ ਵਾਅਦੇ ਤਾਂ ਕਰ ਲੈਂਦੀ ਹੈ, ਪਰ ਉਨ੍ਹਾਂ ਨੂੰ ਪੂਰਾ ਕਰਨ ਲਈ ਸਾਲਾਂਬੱਧੀ ਸਮਾਂ ਲੈ ਲੈਂਦੀ ਹੈ ਜੋ ਬਹੁਤ ਹੀ ਕਸ਼ਟਦਾਇਕ ਹੈ। ਉੱਤਰਾਖੰਡ ਸਰਕਾਰ ਨੇ ਜੋਸ਼ੀਮੱਠ ਦੇ ਕੇਸ ਵਿਚ ਲੋਕਾਂ ਨੂੰ ਛੇ ਮਹੀਨਿਆਂ ਤੱਕ 4000 ਰੁਪਏ ਮਕਾਨ ਦਾ ਕਿਰਾਇਆ ਦੇਣ ਦਾ ਵਾਅਦਾ ਕੀਤਾ ਹੈ। ਇਹ ਭਵਿੱਖ ਹੀ ਦੱਸੇਗਾ ਕਿ ਇਹ ਵਾਅਦਾ ਪੂਰਾ ਹੋਵੇਗਾ ਜਾਂ ਨਹੀਂ। ਉੱਤਰਾਖੰਡ ਸਰਕਾਰ ਨੇ ਨੁਕਸਾਨੇ ਗਏ ਘਰਾਂ ਅਤੇ ਇਮਾਰਤਾਂ ਨੂੰ ਢਾਹੁਣ ਦੇ ਹੁਕਮ ਤਾਂ ਦੇ ਦਿੱਤੇ ਹਨ, ਪਰ ਜਿਨ੍ਹਾਂ ਪ੍ਰੋਜੈਕਟਾਂ ਕਰਕੇ ਇਹ ਹਾਦਸਾ ਵਾਪਰਿਆ ਹੈ ਉਨ੍ਹਾਂ ਨੂੰ ਸਿਰਫ਼ ਥੋੜ੍ਹੇ ਸਮੇਂ ਲਈ ਬੰਦ ਕੀਤਾ ਹੈ, ਭਵਿੱਖ ਵਿਚ ਉਨ੍ਹਾਂ ਲਈ ਕੀ ਫ਼ੈਸਲਾ ਲਿਆ ਜਾਵੇਗਾ ਉਸ ਬਾਰੇ ਅੰਦਾਜ਼ਾ ਲਗਾਉਣਾ ਮੁਸ਼ਕਲ ਹੈ। ਹੁਣ ਸਵਾਲ ਉੱਠਦਾ ਹੈ ਕਿ ਕੀ ਜੋਸ਼ੀਮੱਠ ਨੂੰ ਹਾਲੇ ਵੀ ਬਚਾਇਆ ਜਾ ਸਕਦਾ ਹੈ? ਜੋਸ਼ੀਮੱਠ ਦੇ ਬਚਦੇ ਘਰਾਂ ਨੂੰ ਬਚਾਇਆ ਜਾ ਸਕਦਾ ਹੈ ਜੇਕਰ ਜੋਸ਼ੀਮੱਠ ਖੇਤਰ ਵਿਚ ਚੱਲਦੇ ਸਾਰੇ ਤਰ੍ਹਾਂ ਦੇ ਉਸਾਰੀ ਦੇ ਕੰਮ ਬੰਦ ਕਰ ਦਿੱਤੇ ਜਾਣ। ਪਹਾੜੀ ਢਲਾਨਾਂ ਦੀ ਮਿੱਟੀ ਨੂੰ ਬੰਨ੍ਹ ਕੇ ਰੱਖਣ ਲਈ ਵੱਡੀ ਗਿਣਤੀ ਵਿਚ ਸਥਾਨਕ ਦਰਖ਼ਤ ਲਗਾਏ ਜਾਣ। ਜਿਨ੍ਹਾਂ ਲੋਕਾਂ ਦੇ ਘਰ ਟੁੱਟ ਗਏ ਹਨ ਉਨ੍ਹਾਂ ਦਾ ਸੁਰੱਖਿਅਤ ਥਾਵਾਂ ਉੱਤੇ ਮੁੜ-ਵਸੇਬਾ ਕਰਵਾਇਆ ਜਾਣਾ ਚਾਹੀਦਾ ਹੈ। ਸ਼ਹਿਰ ਦੀ ਪਲਾਨ ਨੂੰ ਖੇਤਰ ਦੀ ਭੂਗੋਲਿਕ ਸਥਿਤੀ ਨੂੰ ਦੇਖਦੇ ਹੋਏ ਭੂ-ਵਿਗਿਆਨਕਾਂ ਦੀ ਰਾਇ ਲੈ ਕੇ ਮੁੜ ਤੋਂ ਬਣਾਉਣਾ ਚਾਹੀਦਾ ਹੈ। ਕੇਂਦਰ ਸਰਕਾਰ ਅਤੇ ਰਾਜ ਸਰਕਾਰਾਂ ਨੂੰ ਚਾਹੀਦਾ ਹੈ ਕਿ ਜਿਨ੍ਹਾਂ ਖੇਤਰਾਂ ਵਿਚ ਸ਼ਹਿਰ ਜੋਸ਼ੀਮੱਠ ਵਾਲੀ ਸਥਿਤੀ ਵਿਚ ਭਵਿੱਖ ਵਿਚ ਪਹੁੰਚ ਸਕਦੇ ਹਨ ਉਨ੍ਹਾਂ ਦੀ ਹੁਣ ਤੋਂ ਹੀ ਉਚੇਚੇ ਤੌਰ ਉੱਤੇ ਸਾਂਭ-ਸੰਭਾਲ ਕੀਤੀ ਜਾਵੇ ਅਤੇ ਬਣਦੇ ਉਪਰਾਲੇ ਕਰਨ ਵਿਚ ਦੇਰੀ ਨਾ ਕਰਨ। ਕਿਸੇ ਵੀ ਖੇਤਰ ਦੇ ਆਰਥਿਕ ਵਿਕਾਸ ਲਈ ਸੜਕਾਂ ਅਤੇ ਹੋਰ ਉਸਾਰੀਆਂ ਦੀ ਲੋੜ ਹੁੰਦੀ ਹੈ, ਪਰ ਵਿਕਾਸ ਉਸ ਖੇਤਰ ਦੀ ਭੂਗੋਲਿਕ ਸਥਿਤੀ ਅਤੇ ਉਥੋਂ ਦੇ ਸਰੋਤਾਂ ਦੀ ਸਮੱਰਥਾ ਅਨੁਸਾਰ ਕੀਤਾ ਜਾਣਾ ਬਣਦਾ ਹੈ। ਵਿਕਾਸ ਲੋਕਾਂ ਲਈ ਕੀਤਾ ਜਾਣਾ ਚਾਹੀਦਾ ਹੈ ਤਾਂਕਿ ਲੋਕ ਵਿਕਾਸ ਦੇ ਨਾਮ ਉੱਤੇ ਮਧੋਲੇ ਨਾ ਜਾਣ।

# ਜ਼ਬਾਨ ਦੀ ਮਹੱਤਤਾ

ਸ਼ਮਸ਼ੀਲ ਸਿੰਘ ਸੋਢੀ, ਚੰਡੀਗੜ੍ਹ
91-95010-13321



ਜ਼ਬਾਨ ਹਰ ਪਾਸੇ ਆਪਣਾ ਅਹਿਮ ਯੋਗਦਾਨ ਪਾਉਂਦੀ ਨਜ਼ਰ ਆਉਂਦੀ ਹੈ,ਚਾਹੇ ਉਹ ਤੁਹਾਡੇ ਪਰਿਵਾਰ ਦਾ ਵਿਹੜਾ ਹੋਵੇ ਜਾਂ ਤੁਹਾਡਾ ਆਲਾ- ਦੁਆਲਾ ਹੋਵੇ,ਇਹ ਆਪਣਾ ਪ੍ਰਭਾਵ ਸਾਫ਼ ਅਤੇ ਸਪਸ਼ਟ ਰੂਪ ਵਿੱਚ ਨਜ਼ਰ ਆਉਂਦੀ ਹੈ।ਕਈ ਵਾਰ ਖ਼ਰੀ ਜ਼ਬਾਨ ਜਦੋਂ ਗੁੱਸੇ ਦਾ ਰੂਪ ਦਰਸਾਉਂਦੀ ਨਜ਼ਰ ਆਉਂਦੀ ਹੈ ਤਾਂ ਸਾਨੂੰ ਲੱਗਦਾ ਹੈ ਕਿ ਇਹ ਜਿਵੇਂ ਇਹ ਸਾਡੀ ਬਹੁਤ ਵੱਡੀ ਦੁਸ਼ਮਣ ਹੈ ਪਰ ਜਦੋਂ ਇਹ ਜ਼ਬਾਨ ਕਿਸੇ ਆਪਣੇ ਦੀ ਹਾਣੀ ਬਣਦਿਆਂ ਬੋਲਦੀ ਹੈ ਤਾਂ ਇਸ ਦਾ ਮਤਲਬ ਗੁਸੈਲਾ ਨਾ ਹੋ ਕੇ ਸਾਡਾ ਭਲਾ ਮੰਗਣਾ ਅਤੇ ਚਾਹੁੰਦੇ ਰਹਿਣਾ ਹੀ ਹੁੰਦਾ ਹੈ,ਜਿਸ ਦਾ ਅਰਥ ਸਮਝਣ ਲਈ ਕਈ ਵਾਰ ਸਾਨੂੰ ਲੰਮਾ ਪੈਂਡਾ ਤੈਅ ਕਰਦਿਆਂ ਸਮਝ ਆਉਂਦੀ ਹੈ ਕਿ ਸਾਡੇ ਕਿਸੇ ਆਪਣੇ ਚਾਹੁੰਣ ਵਾਲੇ ਦੇ ਬੋਲਾਂ ਵਿੱਚ ਅਸਲ ਗੁੱਸੇ ਦਾ ਪ੍ਰਗਟਾਵਾ ਕਿਉਂ ਹੈ? ਕਿਉਂਕਿ ਬਾਹਲੀ ਮਿੱਠੀ ਜ਼ਬਾਨ ਬਹੁਤੀ ਵਾਰ ਅਕਸਰ ਆਪਣਾ ਮਤਲਬ ਹੀ ਲੋਚਦੀ ਨਜ਼ਰ ਆਉਂਦੀ ਹੈ ਅਤੇ ਇਸ ਬਾਹ਼ਲੀ ਮਿੱਠੀ ਬੋਲੀ ਨੂੰ ਸਾਡੀ ਹੋਂਦ ਦੀ ਪ੍ਰਵਾਹ ਨਾ ਹੋ ਕੇ ਸਿਰਫ਼ ਆਪਣੀ ਰਫ਼ਤਾਰ ਨਾ਼ਲ ਭਰੀ ਲੈਅ ਵਿੱਚ ਤੁਰਨ ਦਾ ਹੀ ਸਵਾਰਥ ਹੁੰਦਾ ਹੈ। ਸੋ ਜਿਹੜਾ ਇਨਸਾਨ ਕੋੜੇ ਬੋਲਾਂ ਨਾ਼ਲ ਸਿੱਧਾ ਜਵਾਬ ਦੇਣ ਨੂੰ ਤਰਜੀਹ ਦਿੰਦਾ ਹੈ, ਹੋ ਸਕਦਾ ਤੁਹਾਡੀਆਂ ਨਜ਼ਰਾਂ ਵਿੱਚ ਉਹ ਸਤਿਕਾਰਤ ਨਾ ਹੋਵੇ ਪਰ ਅਸਲ ਵਿੱਚ ਇਹੀ ਉਹ ਇਨਸਾਨ ਹੁੰਦਾ ਹੈ ਸੋ ਤਹਾਨੂੰ ਆਸ- ਪਾਸ ਦੀ ਅਸਲੀਅਤ ਵਿਖਾਉਣ ਲਈ ਅਹਿਮ ਕਿਰਦਾਰ ਵਜੋਂ ਆਪਣੀ ਪਛਾਣ ਤੁਹਾਡੇ ਮਨ ਵਿੱਚ ਕਿਤੇ ਨਾ ਕਿਤੇ ਬਣਾ ਜਾਂਦਾ ਹੈ। ਹੋ ਸਕਦਾ ਜਦੋਂ ਉਸ ਦੀ ਕੋੜੀ ਬੋਲੀ ਜ਼ਬਾਨ ਸਮਝ ਆਵੇ ਤਾਂ ਉਹ ਸਾਥੋਂ ਬੜਾ ਦੂਰ ਹੋਵੇ ਪਰ ਅਜਿਹਾ ਇਨਸਾਨ ਦੂਰ ਰਹਿ ਕੇ ਵੀ ਇੱਕ ਨਾ ਦਿਨ ਸਾਡੇ ਜੀਵਨ ਨੂੰ ਸਫਲਤਾਪੂਰਵਕ ਚਲਾਉਣ ਲਈ ਆਪਣੀ ਹਿੱਸੇਦਾਰੀ ਪਾ ਕੇ ਆਪਣੇ ਆਖ਼ਰੀ ਸਾਹ ਲੈਂਦਿਆਂ ਵੀ ਸਾਡੇ ਜੀਵਨ ਵਿੱਚ ਲਾਲਟੈਨ ਬਣ ਰੋਸ਼ਨੀ ਕਰਦਿਆਂ ਸਾਡੇ ਜੀਵਨ ਨੂੰ ਇੱਕ ਚੱਜ ਨਾਲ ਲਿਸ਼ਕਦੀ ਪਟੜੀ ਉੱਤੇ ਭਜਾਉਣ ਲਈ ਅਹਿਮ ਭੂਮਿਕਾ ਨਿਭਾ ਜਾਂਦਾ ਹੈ। ਸੋ ਅਜਿਹੇ ਇਨਸਾਨ ਜਿਹੜੇ ਸਾਡੀ ਜ਼ਿੰਦਗੀ ਨੂੰ ਅਜਾਈਂ ਮੌਤ ਨਾ ਦੇ ਕੇ ਹਮੇਸ਼ਾਂ ਸਾਡੇ ਚੇਤਿਆਂ ਵਿੱਚ ਮੌਜੂਦ ਰਹਿੰਦੇ ਨੇ, ਉਹਨਾਂ ਖ਼ਰੀਆਂ ਜ਼ਬਾਨਾਂ ਦਾ ਬੁਰਾ ਨਾ ਮਨਾਂ ਸ਼ੁਕਰੀਆ ਅਦਾ ਕਰਨਾ ਚਾਹੀਦਾ ਹੈ ਕਿਉਂਕਿ ਖ਼ਰੀਆਂ ਅਤੇ ਕੋੜੀਆਂ ਜ਼ਬਾਨਾਂ ਹੀ ਅਸਲ ਰੂਪ ਵਿੱਚ ਪਿਆਰ ਦਾ ਅਮੁੱਕ ਸੋਮਾ ਨੇ ਅਤੇ ਇਹਨਾਂ ਨੂੰ ਮਨੋਂ ਵਿਸਾਰ ਕੇ ਰੱਖਣ ਵਾਲੇ ਅਕਸਰ ਵਹਿੰਦੀਆਂ ਹਵਾਵਾਂ ਦੀਆਂ ਚਾਲਾਂ ਦੇ ਸ਼ਿਕਾਰ ਹੁੰਦਿਆਂ ਪਛਤਾਵਿਆਂ ਦੀ ਅੱਗ ਵਿੱਚ ਸੜਦਿਆਂ ਹੀ ਜੀਵਨ ਨੂੰ ਲੰਘਾ ਕੇ ਧਰਤੀ ਤੋਂ ਅਲੋਪ ਹੋ ਜਾਂਦੇ ਨੇ ਅਤੇ ਸਾਰੀ ਉਮਰ ਉਹਨਾਂ ਖ਼ੁਸ਼ੀਆਂ ਨੂੰ ਵੀ ਸਮਝਣ ਤੋਂ ਅਸਮਰਥ ਹੋ ਜਾਂਦੇ ਨੇ ਜਿਹੜੀਆਂ ਇਸ ਖ਼ਰੀ ਜ਼ਬਾਨ ਦੇ ਅਸਰ ਕਰਕੇ ਮਿਲਣ ਲਈ ਹਮੇਸ਼ਾਂ ਹੀ ਉਹਨਾਂ ਦਾ ਰਾਹ ਉਡੀਕਦੀਆਂ ਨਜ਼ਰ ਆਉਂਦੀਆਂ ਨੇ।

# ਭਾਰਤ ਵਿਚ ਵਧ ਰਹੇ ਆਰਥਿਕ ਪਾੜੇ ਉੱਪਰ ਕਾਬੂ ਪਾਉਣਾ ਜ਼ਰੂਰੀ




ਡਾ. ਗਿਆਨ ਸਿੰਘ
ਸਾਬਕਾ ਪ੍ਰੋਫ਼ੈਸਰ, ਅਰਥ-ਵਿਗਿਆਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ
91-99156-82196

16 ਜਨਵਰੀ 2023 ਨੂੰ ਔਕਸਫੈਮ ਦੁਆਰਾ ਵਰਲਡ ਇਕਨੌਮਿਕ ਫੋਰਮ ਦੇ ਦਾਵੋਸ ਪਹਾੜੀ ਰਿਜੋਰਟ (ਸਵਿਟਜ਼ਰਲੈਂਡ) ਵਿਚ ਸ਼ੁਰੂ ਹੋਣ ਮੌਕੇ ਜਾਰੀ ਕੀਤੀ ਗਈ 'ਸਰਵਾਇਵਲ ਆਫ਼ ਦਿ ਰਿਚਟੈਸਟ' ਰਿਪੋਰਟ ਨੇ ਦੁਨੀਆ ਦੇ ਵੱਖ ਵੱਖ ਮੁਲਕਾਂ ਵਿਚ ਵੱਖ ਵੱਖ ਵਰਗਾਂ ਦਰਮਿਆਨ ਲਗਾਤਾਰ ਵਧ ਰਹੇ ਆਰਥਿਕ ਪਾੜਿਆਂ ਨੂੰ ਸਾਹਮਣੇ ਲਿਆਂਦਾ ਹੈ। ਇਸ ਰਿਪੋਰਟ ਵਿਚ ਭਾਰਤ ਵਿਚ ਲਗਾਤਾਰ ਵਧ ਰਹੇ ਆਰਥਿਕ ਪਾੜੇ ਦੇ ਕੁਝ ਅਹਿਮ ਪਹਿਲੂਆਂ ਸੰਬੰਧੀ ਅੰਕੜੇ ਵੀ ਜਾਰੀ ਕੀਤੇ ਹਨ। ਇਸ ਰਿਪੋਰਟ ਅਨੁਸਾਰ 2012 ਤੋਂ 2021 ਦਰਮਿਆਨ ਪੈਦਾ ਕੀਤੇ ਧਨ ਵਿਚੋਂ 40 ਫ਼ੀਸਦ ਸਿਰਫ਼ ਉੱਪਰਲੇ 1 ਫ਼ੀਸਦ ਲੋਕਾਂ ਨੂੰ ਗਿਆ ਹੈ, ਜਦੋਂਕਿ ਥੱਲੇ ਵਾਲ਼ੇ 50 ਫ਼ੀਸਦ ਦੇ ਹਿੱਸੇ ਵਿਚ ਸਿਰਫ਼ 3 ਫ਼ੀਸਦ ਹੀ ਆਇਆ ਹੈ। ਮੁਲਕ ਵਿਚ ਇਕੱਤਰ ਕੀਤੇ ਗਏ ਕੁੱਲ ਜੀ.ਐੱਸ.ਟੀ. ਵਿਚੋਂ ਸਿਰਫ਼ 4 ਫ਼ੀਸਦ ਉੱਪਰਲੇ 10 ਫ਼ੀਸਦ ਲੋਕਾਂ ਤੋਂ ਆਇਆ ਹੈ, ਜਦੋਂਕਿ ਥੱਲੇ ਵਾਲੇ 50 ਫ਼ੀਸਦ ਲੋਕਾਂ ਤੋਂ 64 ਫ਼ੀਸਦ ਆਇਆ ਹੈ। ਅਮੀਰ ਲੋਕਾਂ ਨੂੰ ਘਟਾਈਆਂ ਹੋਈਆਂ ਕਾਰਪੋਰੇਟ ਕਰਾਂ ਦੀ ਦਰਾਂ, ਕਰ ਛੋਟਾਂ ਅਤੇ ਹੋਰ ਰਿਆਇਤਾਂ ਤੋਂ ਫ਼ਾਇਦਾ ਹੋਇਆ ਹੈ। ਕਰੋਨਾ ਮਹਾਮਾਰੀ ਦੇ ਸਮੇਂ ਦੌਰਾਨ ਥੱਲੇ ਵਾਲ਼ੇ 50 ਫ਼ੀਸਦ ਲੋਕਾਂ ਦੀ ਆਮਦਨ ਅਤੇ ਧਨ ਘਟੇ ਹਨ। ਭਾਰਤ ਵਿਚ ਅਰਬਪਤੀਆਂ ਦੀ ਗਿਣਤੀ ਜਿਹੜੀ 2020 ਵਿਚ 102 ਸੀ 2022 ਵਿਚ ਵਧ ਕੇ 166 ਹੋ ਗਈ। ਕਰੋਨਾ ਮਹਾਮਾਰੀ ਦੇ ਸ਼ੁਰੂ ਹੋਣ ਤੋਂ ਲੈ ਕੇ ਨਵੰਬਰ 2022 ਤੱਕ ਅਰਬਪਤੀਆਂ ਦੀ ਸੰਪਤੀ ਵਿਚ 3608 ਕਰੋੜ ਰੁਪਏ ਪ੍ਰਤਿ ਦਿਨ ਵਾਧਾ ਹੋਇਆ। ਔਰਤ ਕਿਰਤੀਆਂ, ਅਨੁਸੂਚਿਤ ਜਾਤੀਆਂ, ਅਤੇ ਪੇਂਡੂ ਕਿਰਤੀਆਂ ਦੀ ਮਾੜੀ ਆਰਥਿਕ ਹਾਲਤ ਨੂੰ ਵੀ ਇਸ ਰਿਪੋਰਟ ਨੇ ਸਾਹਮਣੇ ਲਿਆਂਦਾ ਹੈ।

ਮੁਲਕ ਦੇ ਆਜ਼ਾਦ ਹੋਣ ਤੋਂ ਬਾਅਦ 1950 ਵਿਚ ਯੋਜਨਾ ਕਮਿਸ਼ਨ ਬਣਿਆ। 1951 ਤੋਂ ਪੰਜ ਸਾਲਾਂ ਯੋਜਨਾਵਾਂ ਦੀ ਸ਼ੁਰੂਆਤ ਹੋਈ। ਇਨ੍ਹਾਂ ਯੋਜਨਾਵਾਂ ਵਿਚ ਮੁਲਕ ਦੀ ਆਰਥਿਕ ਤਰੱਕੀ ਅਤੇ ਲੋਕਾਂ ਦੀ ਭਲਾਈ ਨੂੰ ਮੁੱਖ ਮੁੱਦਾ ਬਣਾਇਆ ਗਿਆ। ਜਨਤਕ ਖੇਤਰ ਦੀਆਂ ਇਕਾਈਆਂ ਨੂੰ ਤਰਜੀਹ ਦੇਣ ਦੇ ਨਾਲ਼ ਨਾਲ਼ ਨਿੱਜੀ ਖੇਤਰ ਦੀਆਂ ਇਕਾਈਆਂ ਉੱਪਰ ਨਿਗਰਾਨੀ ਅਤੇ ਨਿਯੰਤਰਣ ਨੂੰ ਯਕੀਨੀ ਬਣਾਇਆ ਗਿਆ। 1951-80 ਤੱਕ ਦੇ ਸਮੇਂ ਨੂੰ ਯੋਜਨਾਬੰਦੀ ਦਾ ਸਮਾਂ ਮੰਨਿਆ ਜਾਂਦਾ ਹੈ। ਇਸ ਸਮੇਂ ਦੌਰਾਨ ਸਮਾਜ ਦੇ ਵੱਖ ਵੱਖ ਵਰਗਾਂ ਦਰਮਿਆਨ ਆਰਥਿਕ ਅਸਮਾਨਤਾਵਾਂ ਘਟੀਆਂ। 1980 ਤੋਂ ਬਾਅਦ ਯੋਜਨਾਬੰਦੀ ਨੂੰ ਪੁੱਠੇ ਗੇਅਰ ਵਿਚ ਪਾ ਦਿੱਤਾ ਗਿਆ। 1991 ਤੋਂ ਸਮਾਏਦਾਰ/ਕਾਰਪੋਰੇਟ ਜਗਤ-ਪੱਖੀ ਨਵੀਆਂ ਆਰਥਿਕ ਨੀਤੀਆਂ ਨੂੰ ਅਪਣਾਇਆ ਗਿਆ। 2015 ਦੌਰਾਨ ਤਾਂ ਯੋਜਨਾ ਕਮਿਸ਼ਨ ਦਾ ਭੋਗ ਪਾ ਕੇ ਉਸ ਦੀ ਜਗ੍ਹਾ ਸਰਮਾਏਦਾਰ/ਕਾਰਪੋਰੇਟ ਜਗਤ-ਪੱਖੀ ਨੀਤੀ ਆਯੋਗ ਦੀ ਸਥਾਪਨਾ ਕਰ ਦਿੱਤੀ ਗਈ। 1981 ਤੋਂ ਬਾਅਦ ਤੋਂ ਵਰਤਮਾਨ ਸਮੇਂ ਤੱਕ ਮੁਲਕ ਦੇ ਵੱਖ ਵੱਖ ਵਰਗਾਂ ਦਰਮਿਆਨ ਆਰਥਿਕ ਅਸਮਾਨਤਾਵਾਂ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਕਰੋਨਾ ਮਹਾਮਾਰੀ ਦੇ ਸਮੇਂ ਦੌਰਾਨ ਜਦੋਂ ਜ਼ਿਆਦਾਤਰ ਕਿਰਤੀ ਦੋ ਡੰਗਾਂ ਦੀ ਰੋਟੀ ਲਈ ਔਖੇ ਸਨ ਉਸ ਸਮੇਂ ਦੌਰਾਨ ਵੀ ਸਰਮਾਏਦਾਰ/ਕਾਰਪੋਰੇਟ ਜਗਤ ਦੀ ਆਮਦਨ ਅਤੇ ਦੌਲਤ ਵਿਚ ਅਥਾਹ ਵਾਧਾ ਦਰਜ ਹੋਇਆ।

1951 ਦੌਰਾਨ ਮੁਲਕ ਦੀ 81 ਫ਼ੀਸਦ ਦੇ ਕਰੀਬ ਆਬਾਦੀ ਆਪਣੀ ਰੋਜ਼ੀ-ਰੋਟੀ ਲਈ ਖੇਤੀਬਾੜੀ ਖੇਤਰ ਉੱਪਰ ਨਿਰਭਰ ਸੀ ਜਿਸ ਨੂੰ ਰਾਸ਼ਟਰੀ ਆਮਦਨ ਵਿਚੋਂ 55 ਫ਼ੀਸਦ ਦੇ ਕਰੀਬ ਹਿੱਸਾ ਦਿੱਤਾ ਗਿਆ ਸੀ। ਵਰਤਮਾਨ ਸਮੇਂ ਦੌਰਾਨ ਮੁਲਕ ਦੀ 50 ਫ਼ੀਸਦ ਦੇ ਕਰੀਬ ਆਬਾਦੀ ਜੋ ਆਪਣੀ ਰੋਜ਼ੀ-ਰੋਟੀ ਲਈ ਖੇਤੀਬਾੜੀ ਖੇਤਰ ਉੱਪਰ ਨਿਰਭਰ ਹੈ ਉਸ ਨੂੰ 2018-19 ਦੇ ਅੰਕੜਿਆਂ ਅਨੁਸਾਰ ਰਾਸ਼ਟਰੀ ਆਮਦਨ ਵਿਚੋਂ ਸਿਰਫ਼ 16 ਫ਼ੀਸਦ ਦੇ ਕਰੀਬ ਹਿੱਸਾ ਦਿੱਤਾ ਗਿਆ। ਮੁਲਕ ਦਾ ਖੇਤੀਬਾੜੀ ਉਤਪਾਦਨ ਕਿਸਾਨਾਂ, ਖੇਤ ਮਜ਼ਦੂਰਾਂ, ਅਤੇ ਪੇਂਡੂ ਛੋਟੇ ਕਾਰੀਗਰਾਂ ਦੀ ਮਿਹਨਤ ਉੱਪਰ ਨਿਰਭਰ ਕਰਦਾ ਹੈ। 1960ਵਿਆਂ ਦੌਰਾਨ ਜਦੋਂ ਮੁਲਕ ਅਨਾਜ ਪਦਾਰਥਾਂ ਦੀ ਭਾਰੀ ਥੁੜ੍ਹ ਦਾ ਸਾਹਮਣਾ ਕਰ ਰਿਹਾ ਸੀ ਤਾਂ ਸਰਕਾਰ ਨੇ ਇਸ ਸਮੱਸਿਆ ਉੱਤੇ ਕਾਬੂ ਪਾਉਣ ਲਈ 'ਖੇਤੀਬਾੜੀ ਦੀ ਨਵੀਂ ਜੁਗਤ' ਨੂੰ ਅਪਣਾਉਣ ਦਾ ਫ਼ੈਸਲਾ ਕੀਤਾ। 'ਖੇਤੀਬਾੜੀ ਦੀ ਨਵੀਂ ਜੁਗਤ' ਵੱਧ ਝਾੜ ਦੇਣ ਵਾਲੇ ਬੀਜਾਂ, ਯਕੀਨੀ ਸਿੰਚਾਈ, ਰਸਾਇਣਿਕ ਖਾਦਾਂ, ਕੀਟਨਾਸ਼ਕਾਂ, ਉੱਲੀਨਾਸ਼ਕਾ, ਨਦੀਨਨਾਸ਼ਕਾਂ ਅਤੇ ਹੋਰ ਰਸਾਇਣਾਂ, ਮਸ਼ੀਨਰੀ, ਅਤੇ ਖੇਤੀਬਾੜੀ ਕਰਨ ਦੀਆਂ ਆਧੁਨਿਕ ਵਿਧੀਆਂ ਦਾ ਇਕ ਪੁਲੰਦਾ ਸੀ। ਕਿਸਾਨਾਂ, ਖੇਤ ਮਜ਼ਦੂਰਾਂ, ਅਤੇ ਪੇਂਡੂ ਕਾਰੀਗਰਾਂ ਦੀ ਹੱਡ-ਭੰਨਵੀਂ ਮਿਹਨਤ ਅਤੇ ਕੁਦਰਤੀ ਸਾਧਨਾਂ ਦੀ ਲੋੜੋਂ ਵੱਧ ਵਰਤੋਂ ਦੇ ਨਤੀਜੇ ਵਜੋਂ ਮੁਲਕ ਵਿਚ ਅਨਾਜ ਪਦਾਰਥਾਂ ਦੀ ਭਾਰੀ ਥੁੜ੍ਹ ਉੱਪਰ ਸ਼ਾਨਦਾਰ ਤਰੀਕੇ ਨਾਲ਼ ਕਾਬੂ ਪਾ ਲਿਆ ਗਿਆ, ਪਰ ਮੁਲਕ ਵਿਚ ਅਪਣਾਈਆਂ ਗਈਆਂ ਖੇਤੀਬਾੜੀ ਨੀਤੀਆਂ ਕਾਰਨ ਦਿਨੋਂ-ਦਿਨ ਕਿਸਾਨਾਂ, ਖੇਤ ਮਜ਼ਦੂਰਾਂ, ਅਤੇ ਪੇਂਡੂ ਛੋਟੇ ਕਾਰੀਗਰਾਂ ਦੀਆਂ ਆਰਥਿਕ ਹਾਲਤਾਂ ਨਿਘਰਦੀਆਂ ਗਈਆਂ। ਸਰਕਾਰੀ ਅੰਕੜਿਆਂ ਅਨੁਸਾਰ ਮੁਲਕ ਦੇ ਵੱਖ ਵੱਖ ਸੂਬਿਆਂ ਵਿਚ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀਆਂ ਖ਼ੁਦਕੁਸ਼ੀਆਂ ਲਗਾਤਾਰ ਜਾਰੀ ਹਨ। ਕਿਸਾਨਾਂ ਵਿਚੋਂ ਸੀਮਾਂਤ ਅਤੇ ਛੋਟੇ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਬਹੁਤ ਜ਼ਿਆਦਾ ਹਨ ਅਤੇ ਖੇਤ ਮਜ਼ਦੂਰਾਂ ਦੀਆਂ ਖ਼ੁਦਕੁਸ਼ੀਆਂ ਵੀ ਵਧ ਰਹੀਆਂ ਹਨ। ਇਸ ਸੰਬੰਧ ਵਿਚ ਇਕ ਬਹੁਤ ਹੀ ਦੁੱਖਦਾਈ ਪਹਿਲੂ ਇਹ ਹੈ ਕਿ ਸੀਮਾਂਤ ਅਤੇ ਛੋਟੇ ਕਿਸਾਨ, ਅਤੇ ਖੇਤ ਮਜ਼ਦੂਰ ਪਰਿਵਾਰਾਂ ਵਿਚੋਂ ਔਰਤਾਂ ਅਤੇ ਬੱਚੇ ਵੀ ਖ਼ੁਦਕੁਸ਼ੀਆਂ ਕਰ ਰਹੇ ਹਨ। ਇਨ੍ਹਾਂ ਖ਼ੁਦਕੁਸ਼ੀਆਂ ਕਰ ਗਏ ਪਰਿਵਾਰਾਂ ਦਾ ਮੁੜ-ਵਸੇਬਾ ਵੀ ਨਹੀਂ ਹੋ ਰਿਹਾ ਹੈ। ਪੇਂਡੂ ਛੋਟੇ ਕਾਰੀਗਰਾਂ ਦੀਆਂ ਖ਼ੁਦਕੁਸ਼ੀਆਂ ਸੰਬੰਧੀ ਕੋਈ ਵੀ ਅੰਕੜੇ ਇਕੱਠੇ ਹੀ ਨਹੀਂ ਕੀਤੇ ਜਾਂਦੇ।




2011 ਦੀ ਜਨਸੰਖਿਆ ਦੇ ਅੰਕੜਿਆ ਅਨੁਸਾਰ ਮੁਲਕ ਵਿਚ 11.88 ਕਰੋੜ ਕਿਸਾਨ ਅਤੇ 14.43 ਕਰੋੜ ਖੇਤ ਮਜ਼ਦੂਰ ਹਨ। ਮੁਲਕ ਦੇ ਕਿਸਾਨਾਂ ਵਿਚੋਂ 68.45 ਫ਼ੀਸਦ ਸੀਮਾਂਤ ਕਿਸਾਨ (1 ਹੈਕਟੇਅਰ ਤੋਂ ਘੱਟ), 17.62 ਫ਼ੀਸਦ ਛੋਟੇ ਕਿਸਾਨ (1 ਹੈਕਟੇਅਰ ਤੋਂ 2 ਹੈਕਟੇਅਰ ਤੋਂ ਘੱਟ) ਅਤੇ ਬਾਕੀ ਦੇ 13.93 ਫ਼ੀਸਦ ਅਰਧ-ਦਰਮਿਆਨੇ, ਦਰਮਿਆਨੇ, ਅਤੇ ਵੱਡੇ ਕਿਸਾਨ ਹਨ। ਇਨ੍ਹਾਂ ਵੱਖ ਵੱਖ ਕਿਸਾਨ ਸ਼੍ਰੇਣੀਆਂ ਵਿਚੋਂ ਸੀਮਾਂਤ ਅਤੇ ਛੋਟੇ ਕਿਸਾਨ ਦੀ ਆਰਥਿਕ ਹਾਲਤ ਬਹੁਤ ਹੀ ਮਾੜੀ ਹੈ। ਇਨ੍ਹਾਂ ਸ਼੍ਰੇਣੀਆਂ ਵਿਚੋਂ ਜ਼ਿਆਦਾਤਰ ਕਿਸਾਨਾਂ ਕੋਲ ਮੰਡੀ ਵਿਚ ਵੇਚਣ ਲਈ ਜਿਨਸਾਂ ਬਹੁਤ ਹੀ ਘੱਟ ਹੁੰਦੀਆਂ ਹਨ। ਕੁਝ ਕਿਸਾਨ ਤਾਂ ਆਪਣੀਆਂ ਕੱਪੜਿਆਂ, ਦਵਾਈਆਂ ਆਦਿ ਦੀਆਂ ਲੋੜਾਂ ਪੂਰੀਆਂ ਕਰਨ ਲਈ ਸਾਰੇ ਸਾਲ ਲਈ ਰੱਖੇ ਅਨਾਜ ਵਿਚੋਂ ਕੁਝ ਹਿੱਸਾ ਮੰਡੀ ਵਿਚ ਵੇਚ ਦਿੰਦੇ ਹਨ ਅਤੇ ਬਾਅਦ ਵਿੱਚ ਆਪਣੀ ਅਨਾਜ ਦੀ ਲੋੜ ਨੂੰ ਪੂਰਾ ਕਰਨ ਲਈ ਮੰਡੀ ਵਿਚੋਂ ਉੱਚੀਆਂ ਕੀਮਤਾਂ ਉੱਤੇ ਅਤਿ ਲੋੜੀਂਦਾ ਅਨਾਜ ਖ਼ਰੀਦਣ ਲਈ ਮਜ਼ਬੂਰ ਹੁੰਦੇ ਹਨ। ਕੁਝ ਕਿਸਾਨ ਅਜਿਹੇ ਵੀ ਹਨ ਜਿਹੜੇ ਆਪਣੇ ਏ-ਗਰੇਡ ਅਨਾਜ ਨੂੰ ਮੰਡੀ ਵਿਚ ਵੇਚ ਕੇ ਸਭ ਤੋਂ ਥੱਲੇ ਵਾਲੇ ਗਰੇਡ ਅਨਾਜ ਨੂੰ ਮੰਡੀ ਵਿਚੋਂ ਖ਼ਰੀਦ ਕੇ ਆਪਣਾ ਬੁੱਤਾ ਸਾਰਦੇ ਹਨ।

ਆਪਣੀ ਰੋਜ਼ੀ-ਰੋਟੀ ਲਈ ਖੇਤੀਬਾੜੀ ਖੇਤਰ ਉੱਪਰ ਨਿਰਭਰ ਖੇਤ ਮਜ਼ਦੂਰ, ਅਤੇ ਪੇਂਡੂ ਛੋਟੇ ਕਾਰੀਗਰ ਪੇਂਡੂ ਆਰਥਿਕਤਾ ਦੀ ਪੌੜੀ ਦੇ ਥੱਲੇ ਵਾਲ਼ੇ ਉਹ ਦੋ ਡੰਡੇ ਹਨ ਜੋ ਘਸਦੇ ਵੀ ਜ਼ਿਆਦਾ ਹਨ, ਟੁੱਟਦੇ ਵੀ ਜ਼ਿਆਦਾ ਹਨ ਅਤੇ ਜਿਨ੍ਹਾਂ ਨੂੰ ਠੁੱਡੇ ਵੀ ਜ਼ਿਆਦਾ ਮਾਰੇ ਜਾਂਦੇ ਹਨ। ਮੁਲਕ ਵਿਚ ਅਨਾਜ ਪਦਾਰਥਾਂ ਦੀ ਭਾਰੀ ਥੁੜ੍ਹ ਉੱਪਰ ਕਾਬੂ ਪਾਉਣ ਲਈ ਅਪਣਾਈ ਗਈ 'ਖੇਤੀਬਾੜੀ ਦੀ ਨਵੀਂ ਜੁਗਤ' ਦੇ ਪੁਲੰਦੇ ਵਿਚੋਂ ਨਦੀਨਨਾਸ਼ਕਾਂ ਅਤੇ ਮਸ਼ੀਨਰੀ ਦੀ ਲਗਾਤਾਰ ਵਧਦੀ ਵਰਤੋਂ ਨੇ ਜਿੱਥੇ ਖੇਤੀਬਾੜੀ ਉੱਪਰ ਨਿਰਭਰ ਸਾਰੇ ਵਰਗਾਂ ਲਈ ਰੁਜ਼ਗਾਰ ਦੇ ਮੌਕੇ ਘਟਾਏ, ਉੱਥੇ ਇਸ ਦੀ ਸਭ ਤੋਂ ਵੱਧ ਮਾਰ ਖੇਤ-ਮਜ਼ਦੂਰਾਂ, ਅਤੇ ਪੇਂਡੂ ਛੋਟੇ ਕਾਰੀਗਰਾਂ ਉੱਪਰ ਪਈ ਕਿਉਂਕਿ ਇਹ ਦੋਵੇਂ ਜ਼ਮੀਨ-ਵਿਹੂਣੇ ਵਰਗਾਂ ਕੋਲ ਆਪਣੀ ਕਿਰਤ ਨੂੰ ਵੇਚਣ ਤੋਂ ਸਵਾਇ ਉਤਪਾਦਨ ਦਾ ਕੋਈ ਹੋਰ ਸਾਧਨ ਨਹੀਂ ਹੈ। ਪਿੰਡਾਂ ਵਿਚ ਹੋਰ ਰਹਿਣ ਵਾਲ਼ੇ ਕਿਰਤੀਆਂ ਦੀ ਹਾਲਤ ਵੀ ਆਮ ਤੌਰ ਉੱਤੇ ਮਾੜੀ ਹੀ ਹੈ।

ਸਮੇਂ ਦੇ ਨਾਲ਼ ਨਾਲ਼ ਮੁਲਕ ਵਿਚ ਉਦਯੋਗਿਕ ਤਰੱਕੀ ਹੋਈ ਹੈ। ਵੱਡੀਆਂ ਉਦਯੋਗਿਕ ਇਕਾਈਆਂ ਨੂੰ ਲਘੂ, ਛੋਟੀਆਂ, ਅਤੇ ਦਰਮਿਆਨੀਆਂ ਉਦਯੋਗਿਕ ਇਕਾਈਆਂ ਦੇ ਮੁਕਾਬਲੇ ਵਿਚ ਜ਼ਿਆਦਾ ਰਿਆਇਤਾਂ ਦਿੱਤੀਆਂ ਜਾਂ ਰਹੀਆਂ ਹਨ। ਵੱਡੀਆਂ ਉਦਯੋਗਿਕ ਇਕਾਈਆਂ ਸਵੈ-ਚਾਲਤ ਮਸ਼ੀਨਾਂ ਵੀ ਵੱਧ ਵਰਤੋਂ ਕਰਦੀਆਂ ਹਨ ਜਿਸ ਕਾਰਨ ਇਹ ਇਕਾਈਆਂ ਰੁਜ਼ਗਾਰ ਦੇ ਘੱਟ ਮੌਕੇ ਪੈਦਾ ਕਰਦੀਆਂ ਹਨ ਜਿਸ ਦੇ ਨਤੀਜੇ ਵਜੋਂ ਇਹ ਇਕਾਈਆਂ ਰੁਜ਼ਗਾਰ ਦੇ ਘੱਟ ਮੌਕੇ ਪੈਦਾ ਕਰਦੀਆਂ ਹਨ। ਲਘੂ, ਛੋਟੀਆਂ, ਅਤੇ ਦਰਮਿਆਨੀਆਂ ਉਦਯੋਗਿਕ ਇਕਾਈਆਂ ਰੁਜ਼ਗਾਰ ਦੇ ਜ਼ਿਆਦਾ ਮੌਕੇ ਪ੍ਰਦਾਨ ਕਰਦੀਆਂ, ਪਰ ਵੱਡੀਆਂ ਉਦਯੋਗਿਕ ਇਕਾਈਆਂ ਦੇ ਮੁਕਾਬਲੇ ਵਿਚ ਉਨ੍ਹਾਂ ਦੀ ਕੀਤੀ ਜਾ ਰਹੀ ਅਣਦੇਖੀ ਉਦਯੋਗਿਕ ਖੇਤਰ ਦੇ ਰੁਜ਼ਗਾਰ ਨੂੰ ਘਟਾ ਰਹੀ ਹੈ। ਜਨਤਕ ਖੇਤਰ ਦੀਆਂ ਉਦਯੋਗਿਕ ਇਕਾਈਆਂ ਦਾ ਤੇਜ਼ੀ ਨਾਲ ਕੀਤਾ ਜਾ ਰਿਹਾ ਨਿੱਜੀਕਰਨ ਵੀ ਉਦਯੋਗਿਕ ਰੁਜ਼ਗਾਰ ਨੂੰ ਘਟਾਉਣ ਦੇ ਨਾਲ਼ ਨਾਲ਼ ਆਰਥਿਕ ਅਸਮਾਨਤਾਵਾਂ ਨੂੰ ਵਧਾਉਣ ਦਾ ਇਕ ਕਾਰਨ ਬਣਦਾ ਹੈ।

1991 ਤੋਂ ਲੈ ਕੇ ਵਰਤਮਾਨ ਸਮੇਂ ਤੱਕ ਸੇਵਾਵਾਂ ਦੇ ਖੇਤਰਾਂ- ਸਿੱਖਿਆ, ਸਿਹਤ ਸੰਭਾਲ, ਵਿੱਚ ਅਤੇ ਹੋਰਾਂ ਵਿਚ ਕਾਫ਼ੀ ਤਰੱਕੀ ਹੋਈ ਹੈ। ਇਹ ਤਰੱਕੀ ਨਾਲ਼ ਵੱਡੇ ਵੱਡੇ ਫ਼ਾਇਦੇ ਨਿੱਜੀ ਖੇਤਰ ਦੀਆਂ ਇਕਾਈਆਂ ਨੂੰ ਹੋਏ ਹਨ। ਆਮ ਲੋਕ ਇਨ੍ਹਾਂ ਨਿੱਜੀ ਖੇਤਰ ਦੀਆਂ ਇਕਾਈਆਂ ਦੁਆਰਾ ਪ੍ਰਦਾਨ ਕੀਤੀਆਂ ਜਾ ਰਹੀਆਂ ਸੇਵਾਵਾਂ ਲੈਣ ਦਾ ਸੁਪਨਾ ਵੀ ਨਹੀਂ ਲੈ ਸਕਦੇ।

ਮੁਲਕ ਦੇ 90 ਫ਼ੀਸਦ ਦੇ ਕਰੀਬ ਕਿਰਤੀ ਆਪਣੀ ਰੋਜ਼ੀ-ਰੋਟੀ ਲਈ ਗ਼ੈਰ-ਰਸਮੀ ਰੁਜ਼ਗਾਰ ਵਿਚ ਹਨ। ਇਨ੍ਹਾਂ ਕਿਰਤੀਆਂ ਦੀਆਂ ਆਰਥਿਕ ਹਾਲਤਾਂ ਬਹੁਤ ਮਾੜੀਆਂ ਹਨ। ਇਨ੍ਹਾਂ ਕਿਰਤੀਆਂ ਨੂੰ ਸਲਾਨਾ ਤਰੱਕੀ, ਮਹਿੰਗਾਈ ਭੱਤਾ, ਬੋਨਸ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਤਾਂ ਕਿੱਥੇ ਮਿਲਣੀਆਂ ਹਨ, ਇਨ੍ਹਾਂ ਨੂੰ ਆਉਣ ਵਾਲ਼ੇ ਦਿਨ ਵਿਚ ਮਿਲਣ ਵਾਲ਼ੇ ਰੁਜ਼ਗਾਰ ਦੀ ਅਨਿਸ਼ਚਿਤਤਾ ਦਾ ਡਰ ਸਤਾਉਂਦਾ ਰਹਿੰਦਾ ਹੈ।

ਭਾਰਤ ਵਿਚ ਖੇਤੀਬਾੜੀ, ਉਦਯੋਗਿਕ, ਅਤੇ ਸੇਵਾਵਾਂ ਦੇ ਖੇਤਰਾਂ ਵਿਚ ਲਗਾਤਾਰ ਤੇਜ਼ੀ ਨਾਲ਼ ਘਟਦੇ ਰੁਜ਼ਗਾਰ ਅਤੇ ਪ੍ਰਾਪਤ ਰੁਜ਼ਗਾਰ ਦੇ ਨੀਵੇਂ ਮਿਆਰ ਕਾਰਨ ਬਹੁਤ ਵੱਡੀ ਗਿਣਤੀ ਵਿਚ ਨੌਜਵਾਨ ਦੁਨੀਆ ਦੇ ਦੂਜੇ ਮੁਲਕਾਂ ਨੂੰ ਪਰਵਾਸ ਕਰਦੇ ਹਨ। ਭਾਰਤ ਤੋਂ ਨੌਜਵਾਨਾਂ ਦਾ ਦੂਜੇ ਮੁਲਕਾਂ ਨੂੰ ਪਰਵਾਸ ਬੌਧਿਕ ਅਤੇ ਪੂੰਜੀ ਦੇ ਹੂੰਝਿਆਂ ਦੇ ਨਾਲ਼ ਨਾਲ਼ ਜਨਸੰਖਿਅਕ ਲਾਭਅੰਸ਼ ਦੀ ਹਾਨੀ ਦੇ ਰੂਪ ਵਿਚ ਮੁਲਕ ਦੇ ਲਈ ਵੱਡੀਆਂ ਸਮੱਸਿਆਵਾਂ ਪੈਦਾ ਕਰ ਰਿਹਾ ਹੈ।

ਸਮੇਂ ਦੀ ਲੋੜ ਹੈ ਕਿ ਮੁਲਕ ਦੇ ਆਰਥਿਕ ਵਿਕਾਸ ਅਤੇ ਆਮ ਲੋਕਾਂ ਦੀ ਭਲਾਈ ਲਈ ਤੇਜ਼ੀ ਨਾਲ ਵਧ ਰਹੀਆਂ ਅਸਮਾਨਤਾਵਾਂ ਉੱਪਰ ਕਾਬੂ ਪਾਇਆ ਜਾਵੇ। ਖੇਤੀਬਾੜੀ ਖੇਤਰ ਨੂੰ ਰਾਸ਼ਟਰੀ ਆਮਦਨ ਵਿਚੋਂ ਦਿੱਤਾ ਜਾਂਦਾ ਹਿੱਸਾ ਘੱਟੋ-ਘੱਟ ਇੰਨਾ ਜ਼ਰੂਰ ਵਧਾਇਆ ਜਾਵੇ ਜਿਸ ਸਦਕਾ ਖੇਤੀਬਾੜੀ ਖੇਤਰ ਉੱਪਰ ਆਪਣੀ ਰੋਜ਼ੀ-ਰੋਟੀ ਲਈ ਨਿਰਭਰ ਸਾਰੇ ਵਰਗ ਜ਼ਿੰਦਗੀ ਦੀਆਂ ਮੁੱਢਲੀਆਂ ਲੋੜਾਂ ਸਤਿਕਾਰਯੋਗ ਢੰਗ ਨਾਲ਼ ਪੂਰੀਆਂ ਕਰ ਸਕਣ। ਲਘੂ, ਛੋਟੀਆਂ, ਅਤੇ ਦਰਮਿਆਨੀਆਂ ਉਦਯੋਗਿਕ ਇਕਾਈਆਂ ਦੀ ਤਰੱਕੀ ਲਈ ਬਣਦੀਆਂ ਰਿਆਇਤਾਂ ਦੇਣੀਆਂ ਯਕੀਨੀ ਬਣਾਈਆਂ ਜਾਣ। ਉਦਯੋਗਿਕ ਅਤੇ ਸੇਵਾਵਾਂ ਦੇ ਖੇਤਰਾਂ ਵਿਚ ਜਨਤਕ ਖੇਤਰ ਦੀਆਂ ਇਕਾਈਆਂ ਨੂੰ ਮੁੜ ਤੋਂ ਸਥਾਪਿਤ ਕਰਨ ਨੂੰ ਤਰਜੀਹ ਦੇਣੀ ਜ਼ਰੂਰੀ ਹੈ। ਔਕਸਫੈਮ ਦੀ 2023 ਦੀ ਰਿਪੋਰਟ ਵਿਚ ਆਰਥਿਕ ਅਸਮਾਨਤਾਵਾਂ ਨੂੰ ਘਟਾਉਣ ਲਈ ਸਰਮਾਏਦਾਰ/ਕਾਰਪੋਰੇਟ ਜਗਤ ਉੱਤੇ ਕਰਾਂ ਦੀਆਂ ਦਰਾਂ ਅਤੇ ਉਨ੍ਹਾਂ ਦੀ ਉਗਰਾਹੀ ਨੂੰ ਯਕੀਨੀ ਬਣਾਉਣ ਦੇ ਸੁਝਾਅ ਨੂੰ ਅਮਲ ਵਿਚ ਲਿਆਉਣ ਦੇ ਨਾਲ਼ ਨਾਲ਼ ਜਨਤਕ ਸਿੱਖਿਆ ਅਤੇ ਸਿਹਤ ਸੇਵਾਵਾਂ ਨੂੰ ਤਰਜੀਹ ਦੇਣੀ ਬਣਦੀ ਹੈ। ਇਨ੍ਹਾਂ ਸੁਝਾਵਾਂ ਨੂੰ ਅਮਲ ਵਿਚ ਲਿਆਉਣ ਲਈ ਜਿੱਥੇ ਗ਼ਰੀਬੀ ਦੀ ਰੇਖਾ ਨੂੰ ਮੁੜ ਤੋਂ ਪਰਿਭਾਸ਼ਿਤ ਕਰਨ ਦੀ ਜ਼ਰੂਰਤ ਹੈ, ਉੱਥੇ ਅਮੀਰੀ ਦੀ ਰੇਖਾ ਵੀ ਤੈਅ ਕਰਨੀ ਬਣਦੀ ਹੈ। ਉਪਰੋਕਤ ਸੁਝਾਵਾਂ ਨੂੰ ਅਮਲ ਵਿਚ ਲਿਆਉਣ ਲਈ ਮਿਸ਼ਰਤ ਅਰਥਵਿਵਸਥਾ ਵੱਲ ਮੁੜਨਾ ਜ਼ਰੂਰੀ ਹੈ ਜਿਸ ਵਿਚ ਮੁੱਖ ਤਰਜੀਹ ਜਨਤਕ ਖੇਤਰ ਦੀ ਹੋਵੇ ਅਤੇ ਨਿੱਜੀ ਖੇਤਰ ਦੇ ਕੰਮਕਾਜ ਉੱਪਰ ਨਿਗਰਾਨੀ ਅਤੇ ਨਿਯੰਤਰਣ ਹੋਵੇ। ਅਜਿਹਾ ਕਰਨ ਲਈ ਸਰਮਾਏਦਾਰ/ਕਾਰਪੋਰੇਟ ਜਗਤ-ਪੱਖੀ ਆਰਥਿਕ ਵਿਕਾਸ ਮਾਡਲ ਦੀ ਜਗ੍ਹਾ ਲੋਕ ਅਤੇ ਕੁਦਰਤ-ਪੱਖੀ ਆਰਥਿਕ ਵਿਕਾਸ ਮਾਡਲ ਅਪਣਾਇਆ ਜਾਣਾ ਜ਼ਰੂਰੀ ਹੈ।

# ਕੋਹਰੇ ਕਾਰਨ ਆਲੂ ਅਤੇ ਹਰੇ ਚਾਰੇ ਦੀ ਤਬਾਹੀ, ਮੁਆਵਜ਼ੇ ਅਤੇ ਬਿਜਲੀ ਸਪਲਾਈ ਦਿਨ ਸਮੇਂ ਦੇਣ ਦੀ ਮੰਗ



**ਮਹਿਲਕਲਾਂ, (ਦਲਜੀਤ ਕੌਰ)-** ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਬਲਾਕ ਮਹਿਲ ਕਲਾਂ ਨੇ ਕੋਹਰੇ ਕਾਰਨ ਆਲੂ ਅਤੇ ਹਰੇ ਚਾਰੇ ਦੀ ਤਬਾਹ ਹੋ ਰਹੀਆਂ ਫਸਲਾਂ ਪ੍ਰਤੀ ਗਹਿਰੀ ਚੁੱਕਾ ਦਾ ਪ੍ਰਗਟਾਵਾ ਕੀਤਾ ਹੈ। ਆਗੂਆਂ ਦੀ ਫਸਲ ਨੂੰ ਕੋਹਰੇ ਤੋਂ ਬਚਾਉਣ ਲਈ ਪਾਣੀ ਦੀ ਬਹੁਤ ਜਿਆਦਾ ਜਰੂਰਤ ਹੁੰਦੀ ਹੈ ਪਰ ਬਿਜਲੀ ਮਹਿਕਮੇ ਵੱਲੋਂ ਬਿਜਲੀ ਵੀ ਸਹੀ ਨਹੀਂ ਦਿੱਤੀ ਜਾ ਰਹੀ। ਬਿਜਲੀ ਦਾ ਜੋ ਕੇ ਟਾਈਮ ਦਿਨ ਵਾਲੀ ਵਾਰੀ ਚੋਂ ਹੁੰਦਾ ਉਹ ਤਾ ਪਾਵਰ ਕੱਟਾਂ ਚੋਂ ਹੀ ਟਾਈਮ ਪੂਰਾ ਕਰ ਦਿੰਦੇ ਹਨ। ਬਾਕੀ ਰਹਿੰਦਾ ਇੱਕ ਹਫ਼ਤੇ ਤੋਂ ਆਲੂ ਕੋਰੇ ਦੀ ਮਾਰ 'ਚ ਆ ਗਏ ਕਿਸਾਨਾਂ ਦਾ ਬਹੁਤ ਨੁਕਸਾਨ ਹੋ ਰਿਹਾ ਹੈ। ਕਿਸਾਨਾਂ ਨੇ ਸਰਕਾਰ ਤੋਂ ਮੁਆਵਜੇ ਦੀ ਮੰਗ ਕੀਤੀ ਹੈ ਕਿਉਂਕਿ ਕਿਸਾਨ ਤਾਂ ਪਹਿਲਾਂ ਹੀ ਆਰਥਿਕ ਸੰਕਟ 'ਚ ਫਸਿਆ ਹੋਇਆ ਖੁਦਕੁਸ਼ੀਆਂ ਕਰਨ ਲਈ ਮਜਬੂਰ ਹੈ। ਜਦੋਂ ਕਿ ਪਿੰਡਾਂ 'ਚ ਜਾ ਕੇ ਦੇਖਿਆ ਗਿਆ ਜਿਵੇਂ ਕਿ ਹਰਦਾਸਪੁਰਾ ਦੇ ਪਰਮਜੀਤ ਸਿੰਘ, ਸਤਿਨਾਮ ਸਿੰਘ ਮੂੰਮ ਅਮਰਜੀਤ ਸਿੰਘ ਤੇ ਗਗਨਦੀਪ ਸਿੰਘ ਪੰਚ ਰਾਏਸਰ, ਦੱਧਾਹੂਰ ਦੇ ਕਿਸਾਨ ਮਨਪੀਤ ਸਿੰਘ ਦੇ ਨਾਲ ਗੱਲ ਕੀਤੀ ਤਾਂ ਉਨ੍ਹਾਂ ਆਪਣੀ ਹੱਡਬੀਤੀ ਸੁਣਾਈ ਕਿ ਰਾਤ ਰਾਤ ਭਰ ਜਾਗਦਾ ਆਲੂਆਂ ਦੀ ਫਸਲ ਨੂੰ ਪਾਣੀ ਲਾਉਣਾ ਪੈਂਦਾ ਹੈ। ਹੱਡ ਚੀਰਵੀਂ ਠੰਡ ਵਿੱਚ ਕਿਸਾਨ ਅਜਿਹਾ ਕਰਨ ਲਈ ਮਜ਼ਬੂਰ ਹਨ। ਬਿਜਲੀ ਬੋਰਡ ਅਤੇ ਸਰਕਾਰਾਂ ਨੂੰ ਵੱਡੀ ਸਮੱਸਿਆ ਦਾ ਸਾਹਮਣਾ ਕਰ ਰਹੇ ਕਿਸਾਨਾਂ ਨਾਲ ਕੋਈ ਸਰੋਕਾਰ ਨਹੀਂ ਹੈ।

ਮਹਿਲਕਲਾਂ ਬਲਾਕ ਪ੍ਰਧਾਨ ਜਗਰਾਜ ਹਰਦਾ-ਸਪੁਰਾ ਅਤੇ ਜਨਰਲ ਸਕੱਤਰ ਅਮਨਦੀਪ ਸਿੰਘ ਰਾਏਸਰ ਨੂੰ ਕਿਸਾਨਾਂ ਨੇ ਦੁਖੀ ਹਿਰਦੇ ਨਾਲ ਆਪਣੇ ਦੁੱਖ ਦੱਸੇ ਕਿ ਸਰਕਾਰ ਫੌਰੀ ਤੇ ਕੋਈ ਹੱਲ ਕਰੇ ਨਹੀਂ ਤਾਂ ਅੱਗੇ ਕੋਈ ਸਘੰਰਸ਼ ਦੀ ਤਿਆਰੀ ਕੀਤੀ ਜਾਵੇਗੀ। ਕੋਰੇ ਕਾਰਨ ਹਰੇ ਚਾਰੇ ਦਾ ਵੀ ਬਹੁਤ ਹਾਲ ਹੋ ਰਿਹਾ ਹੈ। ਆਗੂਆਂ ਕਿਹਾ ਕਿ ਇੱਕ ਕਿਸਾਨ ਜਿਸ ਨੂੰ ਕੁਦਰਤ ਦੀ ਕਰੋਪੀ ਦੀ ਮਾਰ ਦਾ ਸਭ ਤੋਂ ਵੱਧ ਸਾਹਮਣਾ ਕਰਨਾ ਪੈਂਦਾ ਹੈ। ਉਨ੍ਹਾਂ ਕਿਹਾ ਕਿ ਸਰਕਾਰਾਂ ਕਿਸਾਨਾਂ ਦੀ ਲਗਾਤਾਰ ਅਣਦੇਖੀ ਕਰਦੀਆਂ ਹਨ। ਇਸੇ ਕਰਕੇ ਪੰਜਾਬ ਦਾ ਕਿਸਾਨ ਇੱਕ ਲੱਖ ਕਰੋੜ ਦਾ ਕਰਜਾਈ ਹੋ ਚੁੱਕਾ ਹੈ। ਹਰ ਕਿਸਾਨ ਸਿਰ 2 ਲੱਖ ਰੁ. ਦਾ ਕਰਜ਼ਾ ਹੈ। ਇਸ ਸਮੇਂ ਕਿਸਾਨ ਆਗੂ ਜੱਗਾ ਸਿੰਘ ਮਹਿਲਕਲਾਂ, ਗੋਰਾ ਸਿੰਘ ਰਾਏਸਰ, ਦੀਪਾ ਨਿਹਾਲੂਵਾਲ ਅਤੇ ਹਰਪਾਲ ਸਿੰਘ ਪਾਲਾ ਹਰਦਾਸਪੁਰਾ ਆਦਿ ਕਿਸਾਨ ਆਗੂ ਵੀ ਹਾਜ਼ਰ ਸਨ।

# ਸਿੰਜਰ, ਮੇਰਾ ਪਹਿਲਾ ਅਧਿਆਪਕ ਮੇਰਾ ਸਿਰਜਕ



ਅਮਰ ਗਰਗ ਕਲਮਦਾਨ
98143-41746

ਪੁਰਾਣੀ ਟਰੰਕੀ ਨੂੰ ਫਰੋਲਦਿਆਂ 1982 ਦੇ ਅਖ਼ਬਾਰ ਦਾ ਇੱਕ ਟੁਕੜਾ ਮੇਰੇ ਹੱਥ ਲੱਗ ਗਿਆ, ਜਿਸ ਵਿੱਚ ਤੀਰਾਨ ਦੇਸ਼ ਦੀ ਇੱਕ ਮਹਿਲਾ ਦੀ ਆਪ ਬੀਤੀ ਛਪੀ ਸੀ। ਉਸ ਖ਼ਬਰ ਨੂੰ ਪੜ੍ਹਕੇ ਇੱਕ ਚਰਿੱਤਰ ਦੀ ਉਸਾਰੀ ਕਰਨ ਦਾ ਯਤਨ ਕਰ ਰਿਹਾ ਹਾਂ। ਆਸ ਹੈ, ਇਹ ਚਰਿੱਤਰ ਧਰੂਵ ਤਾਰੇ ਵਾਂਗ ਸਦਾ ਲਈ ਸਥਿਰ ਅਤੇ ਰਾਹ ਦਸੇਰਾ ਹੋਵੇਗਾ।

ਸਾਹਿਬ ਆਹ ਲਓ ! ਤੁਹਾਡੀ ਤਾਰ ਆਈ ਹੈ। ਸਿੰਜਰ ਕੁਰਸੀ ਤੇ ਬੈਠਦਿਆਂ ਤਾਰ ਨੂੰ ਪੜ੍ਹਦਾ ਹੈ, ਸ਼ੁਕਰ ਹੈ ਇਸ ਵਰਦੀ ਨੇ ਚਾਰ ਅੱਖਰ ਸਿਖਾ ਦਿੱਤੇ, ਨਹੀਂ ਤਾਂ ਤਾਰ ਵੀ ਕਿਸੇ ਤੋਂ ਪੜ੍ਹਾਉਣੀ ਪੈਂਦੀ। ਤਾਰ ਤੇ ਲਿਖਿਆ ਸੀ ਯੂ.ਐਨ.ਓ. ਮਿਸ਼ਨ ਤੇ ਯੁਗੋਸਲਾਵੀਆ ਜਾਣਾ ਹੈ ਜਲਦੀ ਹੈਡ ਕੁਆਰਟਰ ਤੇ ਰਿਪੋਰਟ ਕਰੋ। ਸ਼ਾਮ ਨੂੰ ਬੈਰਕ ਵਿੱਚ ਅਗਨੀ ਜਲਾਕੇ ਜੋਤ ਨੂੰ ਮੱਥਾ ਟੇਕ ਕੇ, ਅੰਗ੍ਰੇਜੀ ਵਿੱਚ ਯੁਗੋਸਲਾਵੀਆ ਬਾਰੇ ਇੱਕ ਕਿਤਾਬ ਪੜ੍ਹਦਾ ਹੈ। ਫੌਜੀ ਜਹਾਜ ਜਗਰੇਵ ਦੇ ਹਵਾਈ ਅੱਡੇ ਤੇ ਉੱਤਰ ਗਿਆ।

ਸਿੰਜਰ ਦੀ ਡਿਊਟੀ ਇੱਕ ਵੱਡੇ ਸਰਕਾਰੀ ਸਕੂਲ ਵਿੱਚ ਲੱਗੀ ਸੀ, ਉਹ ਤਿੰਨ ਜਣੇ ਸਨ। ਜੇਕਰ ਦੋ ਡਿਊਟੀ ਦਿੰਦੇ ਤਾਂ ਇੱਕ ਅਰਾਮ ਕਰ ਲੈਂਦਾ ਸੀ। ਸਿੰਜਰ ਨੇ ਸਕੂਲ ਲੱਗਣ ਦੇ ਸਮੇਂ ਵਾਲੀ ਡਿਊਟੀ ਆਪਣੇ ਸਾਥੀਆਂ ਤੋਂ ਮੰਗਵੀ ਲੈ ਲਈ ਸੀ। ਸਕੂਲ ਦੇ ਬੱਚਿਆਂ ਵਿੱਚ ਫੁੱਟਬਾਲ ਬੜੀ ਹਰਮਨ ਪਿਆਰੀ ਸੀ। ਉਹ ! ਜਲਾਲ, ਮੇਰੀ ਰਾਈਫਲ ਸੰਭਾਲ ਲੈ, ਬੱਚਿਆਂ ਦੀ ਬ੍ਰੇਕ ਹੋ ਗਈ ਹੈ, ਮੈਂ ਉਹਨਾ ਨਾਲ਼ ਫੁੱਟਬਾਲ ਖੇਡ ਲਵਾਂ। ਬੱਚਿਆਂ ਵਿੱਚ ਬੱਚਾ ਬਣਨਾ ਉਸ ਦਾ ਸੁਭਾਅ ਸੀ। ਕਦੇ-ਕਦੇ ਉਹ ਛੋਟੀਆਂ ਬੱਚਿਆਂ ਸੰਗ ਖੋਹ-ਖੋਹ ਖੇਡਣ ਲੱਗ ਜਾਂਦਾ।

ਰਾਤ ਨੂੰ ਰਜਾਈ ਵਿੱਚ ਪਿਆ-ਪਿਆ ਬੋਲਿਆ ਉਹ ਜਲਾਲ ਯਾਰ ਮੈਂ ਸੋਚਦਾ ਹਾਂ ਤਿੰਨ ਸਾਲ ਰਹਿ ਗਏ ਨੇ ਸਰਵਿਸ ਦੇ, ਮੈਂ ਤਾਂ ਪਿੰਡ ਜਾਕੇ ਇੱਕ ਸਕੂਲ ਖੋਲਾਂਗਾ। ਤੈਨੂੰ ਪਤਾ! ਸਾਡਾ ਪਿੰਡ ਅਲੀਆਬਾਦ ਕੁਦਰਤ ਦੀ ਗੋਦ ਵਿੱਚ ਇੱਕ ਛੋਟੇ ਬੱਚੇ ਸਮਾਨ ਹੈ। ਪਰ ਸਾਡੇ ਅਨਪੜ੍ਹ ਮਰਦਾਂ ਨੇ ਤਾਲੀਮ ਲਈ ਕੋਈ ਸਕੂਲ ਨਹੀਂ ਬਣਨ ਦਿੱਤਾ। ਮੈਂ ਇਸ ਛੋਟੇ ਪਿਆਰੇ ਬੱਚੇ ਨੂੰ ਤਾਲੀਮ ਦੇਵਾਂਗਾ। ਜਲਾਲ ਬੋਲਿਆ,''ਜਦੋਂ ਉਹਨਾ ਨੇ ਪਹਿਲਾਂ ਸਕੂਲ ਖੋਲ੍ਹਣ ਨਹੀਂ ਦਿੱਤਾ ਤਾਂ ਹੁਣ ਕਿਵੇਂ ਇਜਾਜਤ ਦੇਣਗੇ, ਬੱਚੇ ਵੀ ਤਾਂ ਉਨ੍ਹਾਂ ਹੀ ਦੇਣੇ ਹਨ।'' ਸਿੰਜਰ ਬੋਲਿਆ,''ਮੈਂ ਆਪਣਾ ਸਾਰਾ ਧਨ ਆਪਣੇ ਇਸ ਮਕਸਦ ਨੂੰ ਪੂਰਾ ਕਰਨ ਵਿੱਚ ਲਗਾ ਦੇਵਾਂਗਾ''।

ਬੱਚਿਓ! ਅੱਜ ਇੱਥੇ ਮੇਰਾ ਅਖੀਰਲਾ ਦਿਨ ਹੈ, ਰਾਤ ਨੂੰ ਵਾਪਸੀ ਦੀ ਉਡਾਨ ਫੜਨੀ ਹੈ। ਜਿਉਂ ਹੀ ਉਸਨੇ ਇਹ ਸ਼ਬਦ ਬੋਲੇ, ਬੱਚੇ ਉਸਦੇ ਨਾਲ਼ ਲਿਪਟ ਗਏ, ਸਾਰੇ ਸਕੂਲ ਵਿੱਚ ਇਹ ਖ਼ਬਰ ਅੱਗ ਵਾਂਗ ਫੈਲ ਗਈ। ਜਿਹੜੀਆਂ ਜਮਾਤਾਂ ਲੱਗੀਆਂ ਹੋਈਆਂ ਸਨ, ਉਹ ਵੀ ਬਾਹਰ ਆ ਗਈਆਂ। ਸਕੂਲ ਦੀ ਪ੍ਰਿੰਸੀਪਲ ਨੇ ਮੌਕੇ ਨੂੰ ਸਮਝਦਿਆਂ ਸਿੰਜਰ ਦੇ ਸਨਮਾਨ ਵਿੱਚ ਉਸੇ ਵੇਲੇ ਵਿਦਾਇਗੀ ਸਭਾ ਰੱਖ ਦਿੱਤੀ। ਪਰ ਬੱਚਿਆਂ ਦੀ ਹਾਲਤ ਹਾਲੇ ਵੀ ਸਥਿਰ ਨਹੀਂ ਹੋ ਰਹੀ ਸੀ। ਸਿੰਜਰ ਮੰਚ ਤੋਂ ਉੱਤਰਕੇ ਬੱਚਿਆਂ ਵਿੱਚ ਆ ਕੇ ਬੋਲਿਆ, ਮੈਂ ਸਰਕਾਰੀ ਫੈਸਲਿਆਂ ਨਾਲ਼ ਜੁੜਿਆ ਹਾਂ, ਮੈਂ ਤੁਹਾਡੇ ਸਾਰਿਆਂ ਦੀਆਂ ਯਾਦਾਂ ਆਪਣੇ ਦਿਲ ਵਿੱਚ ਲੈ ਕੇ ਜਾ ਰਿਹਾ ਹਾਂ। ਮੇਰੇ ਪਿੰਡ ਦੇ ਬੱਚਿਆਂ ਨੂੰ ਹੁਣ ਮੇਰੀ ਜਿਆਦਾ ਜਰੂਰਤ ਹੈ। ਉਨ੍ਹਾਂ ਅਜੇ ਤੱਕ ਕਿਸੇ ਸਕੂਲ ਦਾ ਮੂੰਹ ਤੱਕ ਨਹੀਂ ਦੇਖਿਆ। ਬਹੁਤ ਸਾਰੇ ਬੱਚੇ ਸਿੰਜਰ ਨਾਲ਼ ਚਿੰਬੜਕੇ ਕੈਮਰੇ ਵਾਲੇ ਨੂੰ ਫੋਟੋ ਖਿੱਚਣ ਲਈ ਕਹਿ ਰਹੇ ਸਨ।

ਭਾਰੀ ਮਨ ਨਾਲ਼ ਅਤੇ ਇੱਕ ਮਕਸਦ ਲੈ ਕੇ ਸਿੰਜਰ ਆਪਣੇ ਪਿੰਡ ਅਲੀਆਬਾਦ ਆ ਗਿਆ। ਚਾਚੀ! ਤੇਰਾ ਸਿੰਜਰ ਆ ਗਿਆ। ਚਾਚੀ ਉਸਨੂੰ ਇੱਕ ਦਮ ਖਿੱਚ ਕੇ ਅੰਦਰ ਲੈ ਗਈ,''ਪਹਿਲਾਂ ਅਗਨੀ ਦੇਵਤਾ ਨੂੰ ਮੱਥਾ ਟੇਕ''। ਚਾਚੀ ਅਤੇ ਸਿੰਜਰ ਨੇ ਝੁੱਕ ਕੇ ਮੱਥਾ ਟੇਕਿਆ, ਕੁਝ ਸਮੇਂ ਲਈ ਅਗਨੀ ਦੇਵਤਾ ਦੇ ਮੂਹਰੇ ਖੜੇ ਹੋ ਕੇ ਪ੍ਰਾਰਥਨਾ ਕਰਦੇ ਰਹੇ। ਸਿੰਜਰ ਦਾ ਮੱਥਾ ਚੁੰਮ ਕੇ ਚਾਚੀ ਕਹਿਣ ਲੱਗੀ ਰੋਜ ਅਗਨੀ ਦੇਵਤਾਂ ਤੋਂ ਹੀ ਤੇਰੀ ਸਲਾਮਤੀ ਮੰਗਦੀ ਰਹਿੰਦੀ ਸੀ। ਦੁਪਹਿਰ ਦਾ ਖਾਣਾ ਖਾਧਾ, ਫਿਰ ਸਿੰਜਰ ਪਿੰਡ ਵਿੱਚ ਨਿਕਲ ਗਿਆ। ਆਪਣੇ ਦੋਸਤਾਂ ਕੋਲ ਬਾਰਾਂ ਸਾਲ ਫੋਜ ਦੀ ਨੌਕਰੀ ਵਿੱਚੋਂ ਜਿਹੜੇ ਤਿੰਨ ਸਾਲ ਯੁਗੋਸਲਾਵੀਆ ਦੇ ਸਕੂਲ ਵਿੱਚ ਬੱਚਿਆਂ ਸੰਗ ਬਿਤਾਏ ਪਲਾਂ ਨੂੰ ਸਾਂਝਾ ਕਰਦਾ ਰਿਹਾ। ਇੱਕ ਬੋਲਿਆ,'ਬੱਚਿਆਂ ਦੀਆਂ ਗੱਲਾਂ ਸੁਣਾ-ਸੁਣਾ ਬੋਰ ਕਰੀ ਜਾਨੈ, ਜਾਂ ਤਾਂ ਕੋਈ ਮੇਮਾਂ ਦੀਆਂ ਗੱਲਾਂ ਸੁਣਾ'। ''ਬੱਚਿਆਂ ਦਾ ਪਿਆਰ ਹੀ ਐਨਾ ਜਿਆਦਾ ਸੀ, ਮੇਮਾਂ ਵੱਲ ਤਾਂ ਧਿਆਨ ਹੀ ਨਹੀਂ ਗਿਆ,''ਸਿੰਜਰ ਬੋਲਿਆ,''ਟੂਲੀ ਯਾਰ ਇੰਜ ਦੱਸ ਆਪਣੇ ਪਿੰਡ ਵਿੱਚ ਕੋਈ ਸਾਂਝੀ ਥਾਂ ਪਈ ਹੈ''? ''ਪਹਿਲਾਂ ਦੱਸ ਕਰਨਾ ਕੀ ਹੈ? ਟੂਲੀ ਪੁੱਛਣ ਲੱਗਾ। ''ਮੈਂ ਤਿੰਨ ਸਾਲ ਇੱਕ ਸਕੂਲ ਵਿੱਚ ਬਿਤਾਏ ਹਨ, ਮੈਨੇ ਦੇਖਿਆ ਬੱਚੇ ਨੂੰ ਦੋ ਅੱਖਾਂ ਤਾਂ ਮਾਤਾ-ਪਿਤਾ ਨੇ ਦਿੱਤੀਆਂ ਹਨ, ਪਰ ਇੱਕ ਤੀਜੀ ਅੱਖ ਗਿਆਨ ਦੀ ਹੁੰਦੀ ਹੈ, ਉਹ ਕੇਵਲ ਸਕੂਲ ਵਿੱਚ ਅਧਿਆਪਕ ਹੀ ਦੇ ਸਕਦਾ ਹੈ। ਮੈਨੂੰ ਇਹ ਤੀਜੀ ਅੱਖ ਮੇਰੀ ਫੋਜ ਨੇ ਦਿੱਤੀ ਹੈ, ਮੈਂ ਆਪਣੇ ਪਿੰਡ ਵਿੱਚ ਇੱਕ ਸਕੂਲ ਖੋਲਾਂਗਾ''। ''ਤੇਰਾ ਵਿਚਾਰ ਤਾਂ ਸਹੀ ਹੈ, ਪਰ ਜਾਣਦੈਂ ਪਿੰਡ ਵਿੱਚ ਆਪਣੇ ਦੋ ਘਰ ਹਨ, ਬਾਕੀ ਸਾਰੇ ਹਾਜੀਆਂ ਦੇ ਹਨ। ਉਹ ਮਸੀਤ ਤੋਂ ਬਿਨਾ ਕਿਤੇ ਹੋਰ ਸਿਜਦਾ ਨਹੀਂ ਕਰ ਸਕਦੇ। ਸਿੰਜਰ ਬੋਲਿਆ, ਮਸੀਤ ਤਾਂ ਪ੍ਰਾਰਥਨਾ ਲਈ ਹੈ, ਵੱਡੇ ਉੱਥੇ ਜਾਂਦੇ ਹਨ, ਪਰ ਸਕੂਲ ਤਾਂ ਬੱਚਿਆਂ ਲਈ ਹੋਵੇਗਾ, ਨਾਲੇ ਮੈਂ ਉਹਨਾਂ ਨੂੰ ਆਪਣੀ ਮਾਤਾ ਭਾਸ਼ਾ ਫਾਰਸੀ ਸਿਖਾਵਾਂਗਾ''। ''ਚੱਲ ਮੇਰੇ ਨਾਲ਼ ਆਪਣੇ ਅਗਨੀ ਡੇਰੇ, ਉੱਥੇ ਹੁਣ ਕੋਈ ਪੱਕਾ ਪੁਜਾਰੀ ਨਹੀਂ ਹੈ, ਪ੍ਰਾਰਥਨਾ ਵੇਲੇ ਆਪ ਹੀ ਦਰਵਾਜੇ ਖੋਲਣੇ ਪੈਂਦੇ ਨੇ। ਉੱਥੇ ਬਰਾਮਦੇ ਵਿੱਚ ਤੇਰਾ ਸਕੂਲ ਖੁੱਲ੍ਹ ਜਾਵੇਗਾ, ਬੱਸ ਉਦੋਂ ਔਖਾ ਹੋਵੇਗਾ ਜਦੋਂ ਨਾਲੇ ਵਿੱਚ ਪਾਣੀ ਆਉਂਦਾ ਹੈ। ਪਰ ਆਪਾਂ ਸਰਕਾਰ ਨੂੰ ਕਹਿ ਕੇ ਇਸਦਾ ਵੀ ਬੰਦੋਬਸਤ ਕਰ ਲਵਾਂਗੇ''ਟੂਲੀ ਨੇ ਕਿਹਾ।

ਸਿੰਜਰ ਬੋਲਿਆ,''ਨਾਲਾ ਤਾਂ ਸੁੱਕਾ ਪਿਆ, ਲੱਗਦਾ ਕੁਦਰਤ ਸਾਡਾ ਸਾਥ ਦੇ ਰਹੀ ਹੈ''। ਟੂਲੀ ਬੋਲਿਆ ''ਲੈ ਆ ਗਿਆ ਆਪਣਾ ਡੇਰਾ''। ਦੋਵੇਂ ਜਣੇ ਜਗ ਰਹੀ ਜੋਤ ਨੂੰ ਮੱਥਾ ਟੇਕਦੇ ਹਨ। ਸਿੰਜਰ ਦੀਆਂ ਨਜਰਾਂ ਡੇਰੇ ਦੇ ਵਾਤਾਵਰਨ ਵੱਲ ਦੋੜ ਰਹੀਆਂ ਸਨ। ਬੋਲਿਆ, ''ਇਹ ਗੁਲਮੋਹਰ ਦੇ ਫੁੱਲਾਂ ਦਾ ਭਰਿਆ ਰੁੱਖ ਅਗਨੀ ਵਾਂਗ ਦਮਕਦਾ, ਜਿਵੇਂ ਅਗਨੀ ਦੇਵਤਾ ਨੇ ਖੁਦ ਲਾਇਆ ਹੋਵੇ, ਬੜਾ ਖੁਸ਼ਗਵਾਰ ਵਾਤਾਵਰਣ ਹੈ, ਤੁਸੀਂ ਪਹਾੜੀ ਤੇ ਚੜ੍ਹਨ ਲਈ ਜਿਹੜੀਆਂ ਇਹ ਚੌੜੀਆਂ ਚੌੜੀਆਂ ਪੌੜੀਆਂ ਬਣਾ ਦਿੱਤੀਆਂ ਇਸ ਨਾਲ਼ ਡੇਰੇ ਦੀ ਸ਼ਾਨ ਵੱਧ ਗਈ। ਇਸ ਬਰਾਮਦੇ ਵਿੱਚ ਜਮਾਤ ਲੱਗੇਗੀ, ਸਾਰੀਆਂ ਹੀ ਚੀਜਾਂ ਸਕੂਲ ਲਈ ਢੁੱਕਵੀਆਂ ਹਨ। ਅੱਜ ਤੋਂ ਹੀ ਸਕੂਲ ਖੋਲ੍ਹਣ ਦੀ ਤਿਆਰੀ ਕਰਦੇ ਹਾਂ''। ਅਗਲੇ ਦਿਨ ਸਿੰਜਰ ਬੱਚਿਆਂ ਦੇ ਬੈਠਣ ਲਈ ਦਰੀਆਂ, ਬੈਗ, ਮੁੱਢਲੇ ਕੈਦੇ ਅਤੇ ਕਾਪੀਆਂ ਲੈ ਆਇਆ। ਬਰਾਮਦੇ ਦੀ ਕੰਧ ਉੱਪਰ ਸੀਮਿੰਟ ਦਾ ਵੱਡਾ ਬੋਰਡ ਬਣਾਇਆ ਗਿਆ। ''ਸਿੰਜਰ ਮੈਂ ਤੈਨੂੰ ਕਹਿਣਾ ਚਾਹੁੰਦਾ ਹਾਂ, ਜਿਆਦਾ ਖਰਚ ਨਾ ਕਰ, ਪਹਿਲਾਂ ਬੱਚਿਆਂ ਦੀ ਹਾਜਰੀ ਤਾਂ ਦੇਖ ਲਈਏ'' ਟੂੱਲੀ ਕਹਿਣ ਲੱਗਾ। 'ਤੂੰ ਖਰਚੇ ਦੀ ਚਿੰਤਾ ਨਾ ਕਰ, ਹੁਣ ਮੈਂ ਪਿੱਛੇ ਹਟਣ ਵਾਲਾ ਨਹੀਂ ਹਾਂ।

ਅਗਲੇ ਦਿਨ ਸਿੰਜਰ ਨੇ ਟੂਲੀ ਨੂੰ ਨਾਲ ਲਿਆ, ਹੱਥ ਵਿੱਚ ਇੱਕ ਕਾਪੀ ਅਤੇ ਪੈਂਨ ਲੈ ਕੇ, ਘਰ-ਘਰ ਜਾਕੇ ਬੱਚਿਆਂ ਦਾ ਅਤਾ-ਪਤਾ ਲਿਖਣਾ ਸ਼ੁਰੂ ਕਰ ਦਿੱਤਾ। ਸਿੰਜਰ ਨੇ ਆਵਾਜ ਲਗਾਈ,'ਸੁਹੇਲ ਹਾਜੀ ਘਰ ਹੋ'? ਹਾਂ ਆ ਜਾਓ ਘਰ ਹੀ ਹਾਂ, ਦੱਸੋਂ ਕਿਵੇਂ ਆਉਣਾ ਹੋਇਆ? ਸਿੰਜਰ ਬੋਲਿਆ, ਆਪ ਦੇ ਦੋ ਬੱਚੇ ਹਨ, ਸਕੂਲ ਜਾਣ ਯੋਗ ਹਨ। ਮੈਂ ਉਨ੍ਹਾਂ ਨੂੰ ਬਿਲਕੁਲ ਮੁਫ਼ਤ ਪੜ੍ਹਾਵਾਂਗਾ, ਸਕੂਲ ਖੁੱਲ੍ਹ ਗਿਆ ਹੈ। ਬੱਚਿਆਂ ਨੂੰ ਸਭ ਕੁਝ ਸਕੂਲ ਦੀ ਤਰਫੋਂ ਮੁਫ਼ਤ ਦਿੱਤਾ ਜਾਵੇਗਾ। ਸੁਹੇਲ ਖਿਝਕੇ ਬੋਲਿਆ,'ਤੂੰ ਅੰਗ੍ਰੇਜਾਂ ਦਾ ਗੰਦ ਇੱਥੇ ਪਾਉਣਾ ਚਾਹੁਨੈ, ਅੱਠ-ਅੱਠ ਸਾਲ ਦੇ ਬੱਚੇ ਹੁਣ ਨੇ, ਦੋ ਤਿੰਨ ਸਾਲਾਂ ਨੂੰ ਤਾਂ ਇਹਨਾਂ ਨੂੰ ਦੁਨੀਆਂ ਦਾਰੀ ਦੀਆਂ ਸਾਰੀਆਂ ਬੈਭਤਾਂ ਆ ਜਾਣਗੀਆਂ, ਕਿਵੇਂ ਸੰਭਾਲੇਂਗਾ ਇਹਨਾ ਨੂੰ, ਆਪਣੀ ਜਾਨ ਨੂੰ ਕੰਡੇ ਬੀਜ ਲਵੇਂਗਾ'। ਦੋਵੇਂ ਬੱਚੇ ਵੀ ਸਾਰੀ ਗੱਲ ਧਿਆਨ ਨਾਲ਼ ਸੁਣ ਰਹੇ ਸਨ। ਸਿੰਜਰ ਨੇ ਬੱਚਿਆਂ ਦੇ ਨਾਮ ਤਾਂ ਲਿਖ ਲਏ, ਪਰ ਉਹਨਾ ਨੂੰ ਸਕੂਲ ਭੇਜਣਾ ਅਸੰਭਵ ਲੱਗ ਰਿਹਾ ਸੀ।

ਹੁਣ ਉਹ ਇੱਕ ਅਜਿਹੇ ਘਰ ਗਿਆ, ਜਿੱਥੇ ਇੱਕ ਬੱਚੀ ਦਾ ਪਾਲਣ ਪੋਸ਼ਣ ਉਸਦੇ ਦਾਦਾ-ਦਾਦੀ ਕਰ ਰਹੇ ਸਨ। ਉਸ ਨੂੰ ਪੂਰੀ ਆਸ ਸੀ ਕਿ ਇੱਥੇ ਨਾਂਹ ਨਹੀਂ ਹੋਵੇਗੀ। ਦਾਦੀ! ਘਰ ਐਂ? ਹਾਂ, ਪੁੱਤਰ ਲੰਘਿਆ। ਪੁੱਤਰ ਸੰਬੋਧਨ ਨਾਲ਼ ਹੀ ਸਿੰਜਰ ਦੀਆਂ ਆਸਾਂ ਵੱਝ ਗਈਆਂ। ਬੋਲਿਆ,'ਸੁਣ ਦਾਦੀ, ਮੈਂ ਇੱਕ ਫਾਰਸੀ ਸਕੂਲ ਖੋਲ ਰਿਹਾ ਹਾਂ, ਮੈਂ ਤੇਰੀ ਪੋਤੀ ਨੂੰ ਉੱਥੇ ਪੜ੍ਹਾਵਾਂਗਾ'। ਦਾਦੀ ਬੋਲੀ, ਤੂੰ ਮੇਰੇ ਦਿਲ ਦੀ ਗੱਲ ਕਹਿ ਦਿੱਤੀ, ਮੈਂ ਇਸ ਨੂੰ ਕੁਝ ਬਣਾ ਕੇ ਇਸਦੇ ਸਵਰਗ ਵਾਸੀ ਮਾਂ-ਬਾਪ ਨੂੰ ਇੱਕ ਵਧੀਆ ਸੁਗਾਤ ਦੇਣਾ ਚਾਹੁੰਦੀ ਹਾਂ'। 'ਇਸ ਬੱਚੀ ਦਾ ਨਾਮ ਤੇ ਉਮਰ ਲਿਖਵਾ ਦੇ', ਸਿੰਜਰ ਬੋਲਿਆ। 'ਲਿਖ, ਬੱਚੀ ਦਾ ਨਾਮ ਹੈ ਲੱਲ ਦੀਦ ਅਤੇ ਇਸਦੀ ਉਮਰ ਹੈ ਛੇ ਸਾਲ'। 'ਲੈ ਕੱਲ੍ਹ ਨੂੰ ਅੱਠ ਵਜੇ ਨਮ੍ਹਾ-ਤਮ੍ਹਾ ਕੇ ਤਿਆਰ ਕਰ ਦੇਣਾ, ਸਿੰਜਰ ਦਾਦੀ ਨੂੰ ਦੱਸਦਾ ਹੈ, 'ਪੰਜਵੀਂ ਤੱਕ ਇਹ ਅਗਨੀ ਡੇਰੇ ਵਿੱਚ ਪੜੇਗੀ, ਫੇਰ ਇਸਨੂੰ ਆਪਾਂ ਸ਼ਹਿਰ ਲਾਵਾਂਗੇ'। ਦਾਦੀ ਉਸਨੂੰ ਆਪਣੇ ਦਿਲ ਦੀ ਗੱਲ ਦੱਸਦੀ ਹੋਈ ਕਹਿੰਦੀ ਹੈ,'ਮੈਂ ਵੀ ਕੁਰਦਾਂ ਦੀ ਕੁੜੀ ਹਾਂ, ਤੇਰਾ ਦਾਦਾ ਆਪਣੀ ਢਾਣੀ ਲੈ ਕੇ ਮੈਨੂੰ ਉਧਾਲ ਲੈ ਆਇਆ ਸੀ। ਲੈ ਚੱਲ ਮੈਂ ਤੇਰੇ ਨਾਲ਼ ਚੱਲਦੀ ਹਾਂ, ਇੱਕ ਮੇਰੀ ਸਹੇਲੀ ਦੀ ਪੋਤੀ ਹੈ, ਉਸਨੂੰ ਵੀ ਆਪਾਂ ਤਿਆਰ ਕਰ ਲੈਨੇ ਆ'। ਸਿੰਜਰ ਖੁਸ਼ੀ ਨਾਲ਼ ਫੁੱਲਿਆ ਨਹੀਂ ਸਮਾਂ ਰਿਹਾ ਸੀ, ਉਸਨੇ ਦਾਦੀ ਨੂੰ ਲੱਲ ਦੀਦ ਲਈ ਇੱਕ ਬੈਗ ਜਿਸ ਵਿੱਚ ਇੱਕ ਕੈਦਾ ਅਤੇ ਇੱਕ ਕਾਪੀ ਸੀ ਅਤੇ ਉਸਦੇ ਨਾਪ ਦੀ ਵਰਦੀ ਵੀ ਦੇ ਦਿੱਤੀ।

ਦੂਜੇ ਘਰ ਦਾਦੀ ਹਾਕ ਮਾਰਦੀ ਬੋਲੀ, ਨੀਂ ਫੱਤੋ ਲਿਆ ਤੇਰੀ ਪੋਤੀ ਕਲਾਤਾਂ ਕਿੱਥੇ ਆ, ਫੱਤੋ ਡਰ ਨਾਲ਼ ਬੋਲੀ, ਉਸਨੇ ਕੋਈ ਗਲਤੀ ਕਰ ਦਿੱਤੀ, ਜਿਹੜਾ ਤੂੰ ਉਸ ਨੂੰ ਹਾਕਾਂ ਮਾਰ ਰਹੀ ਐਂ'।'ਨਹੀਂ-ਨਹੀਂ ਆ ਸਿੰਜਰ ਨੇ ਅਗਨੀ ਡੇਰੇ ਵਿੱਚ ਸਕੂਲ ਖੋਲਿਆ ਹੈ, ਤੇਰੀ ਪੋਤੀ ਨੂੰ ਅਫ਼ਸਰ ਬਣਾਵੇਗਾ। ਦਾਦੀ ਦੇ ਕਹਿਣ ਤੇ ਉਹ ਵੀ ਆਪਣੀ ਬੱਚੀ ਨੂੰ ਸਕੂਲ ਭੇਜਣ ਲਈ ਰਾਜੀ ਹੋ ਗਈ।

ਤੀਸਰੇ ਘਰ ਵਾਲੇ ਤਾਂ ਸਿੰਜਰ ਦੇ ਗਲ ਹੀ ਪੈ ਗਏ, ਉਹਨਾ ਦਾ ਬਜੁਰਗ ਕਹਿਣ ਲੱਗਾ,''ਤੂੰ ਤਾਂ ਦੀਨ ਤੋਂ ਬਾਗੀ ਐਂ, ਰਹਿੰਦਾ-ਖੂੰਹਦਾ ਤੂੰ ਅੱਲ੍ਹਾ ਨੂੰ ਛੱਡ ਕੇ ਅੱਗ ਨੂੰ ਮੱਥਾ ਟੇਕਦੈਂ, ਸਾਡੇ ਬੱਚੇ ਬਿਗਾੜ ਦੇਵੇਂਗਾ, ਜਾ ਚਲਿਆ ਜਾ ਇੱਥੋਂ''।

ਸਾਰੇ ਪਿੰਡ ਵਿੱਚ ਫਿਰ ਕੇ ਸਿੰਜਰ ਦੋ ਬੱਚੇ ਹੀ ਤਿਆਰ ਕਰ ਸਕਿਆ। ਟੂਲੀ ਨੂੰ ਕਹਿਣ ਲੱਗਾ,'ਕਾਮਯਾਬੀ ਦਾ ਮੁੱਢ ਤਾਂ ਬੰਨ੍ਹਿਆ ਗਿਆ, ਇਹ ਦੋ ਬੱਚੇ ਹੀ ਦੂਸਰੇ ਘਰਾਂ ਲਈ ਰੌਸ਼ਨੀ ਦੀ ਕਿਰਨ ਸਾਬਿਤ ਹੋਣਗੇ'।

ਅਗਲਾ ਦਿਨ ਸਕੂਲ ਦਾ ਪਹਿਲਾ ਦਿਨ ਸੀ, ਪਿੰਡ ਵਿੱਚ ਤੀਜੇ ਨੇਤਰ ਦਾ ਆਗਮਨ ਸੀ। ਸਵੇਰੇ-ਸਵੇਰੇ ਜਦੋਂ ਸਿੰਜਰ ਵਰਦੀਆਂ ਵਿੱਚ ਦੋਵੇਂ ਬੱਚਿਆਂ ਨੂੰ ਮੋਢਿਆਂ ਚ ਬੈਗ ਸਮੇਤ ਸਕੂਲ ਲਿਜਾ ਰਿਹਾ ਸੀ, ਤਾਂ ਪਿੰਡ ਦੀਆਂ ਔਰਤਾਂ ਬਾਹਰ ਨਿਕਲ-ਨਿਕਲ ਦੇਖ ਰਹੀਆਂ ਸਨ। ਦਾਦੀ ਨੇ ਦੋਵਾਂ ਕੁੜੀਆਂ ਦੀਆਂ ਗੁੱਤਾਂ ਚ ਫੁੱਲ ਲਗਾ ਦਿੱਤੇ ਸਨ।

ਡੇਰੇ ਵਿੱਚ ਪੈਰ ਧਰਨ ਸਾਰ ਸਿੰਜਰ ਨੇ ਦੋਵੇਂ ਬੱਚੀਆਂ ਦੇ ਹੱਥੋਂ ਇੱਕ-ਇੱਕ ਪੌਦਾ ਲਗਵਾਇਆ, ਲੱਲ ਦੇ ਹੱਥੋਂ ਪਿੱਪਲ ਦਾ ਅਤੇ ਕਲਾਤਾਂ ਦੇ ਹੱਥੋਂ ਨਿੰਮ ਦਾ। ਸਿੰਜਰ ਬੋਲਿਆ,''ਦੇਖੋ ਬੱਚੋ, ਜਿਉਂ-ਜਿਉਂ ਇਹ ਪੌਦੇ ਵੱਡੇ ਹੋਣਗੇ, ਉਸੇ ਹਿਸਾਬ ਨਾਲ਼ ਆਪਣਾ ਇਹ ਸਕੂਲ ਵੱਡਾ ਹੋਵੇਗਾ।''

ਦੋਵੇਂ ਬੱਚੀਆਂ ਦਾ ਪਿੰਡ ਵਾਸੀਆਂ ਉੱਪਰ ਸਕਾਰਾਤਮਕ ਪ੍ਰਭਾਵ ਪੈਣ ਕਾਰਨ ਛੇਤੀ ਹੀ ਸਕੂਲ ਵਿੱਚ ਅੱਠ ਬੱਚੇ ਹੋਰ ਭਰਤੀ ਹੋ ਗਏ।

ਸਿੰਜਰ ਰੋਜਾਨਾ ਬੱਚਿਆਂ ਨੂੰ ਆਪ ਤੋਰ ਕੇ ਸਕੂਲ ਲੈ ਕੇ ਜਾਂਦਾ। ਨਾਲ਼ੇ 'ਚ ਗੋਡੇ-ਗੋਡੇ ਪਾਣੀ ਆ ਚੁੱਕਾ ਸੀ, ਸਿੰਜਰ ਦੋ ਬੱਚਿਆਂ ਨੂੰ ਮੋਢਿਆਂ ਤੇ ਬਿਠਾਉਂਦਾ ਨਾਲ਼ਾ ਪਾਰ ਕਰਾਕੇ ਫੇਰ ਵਾਪਿਸ ਆਉਂਦਾ ਅਤੇ ਫਿਰ ਦੋ ਬੱਚਿਆਂ ਨੂੰ ਲੈ ਕੇ ਜਾਂਦਾ। ਸਿੰਜਰ ਬੋਲਿਆ, ਅੱਜ ਨਾਲੇ ਚ ਪਾਣੀ ਕਾਰਨ ਸਕੂਲ ਦੇਰੀ ਨਾਲ਼ ਲੱਗ ਰਿਹਾ ਹੈ, ਬੱਚਿਓ ਜਲਦੀ ਤੁਰੋ। ਅੱਜ ਉਸਨੇ ਅਗਨੀ ਮੂਹਰੇ ਵੀ ਰਸਮੀ ਹੀ ਸਿਰ ਝੁਕਾਇਆ।

ਸਿੰਜਰ ਪੜਾਉਂਦਿਆਂ ਕਹਿਣ ਲੱਗਾ, ਬੱਚਿਓ ਮੈਂ ਤੁਹਾਡੇ ਲਈ ਇੱਕ ਬੇਹੱਦ ਪਵਿੱਤਰ ਪੰਚਤੰਤਰ ਨਾਂ ਦੀ ਕਿਤਾਬ ਲੈ ਕੇ ਆਇਆ ਹਾਂ। ਇਹ ਕਿਤਾਬ ਭਾਰਤ ਦੇ ਇੱਕ ਵਿਦਵਾਨ ਰਿਸ਼ੀ ਵਿਸ਼ਨੂੰ ਸ਼ਰਮਾ ਦੀ ਲਿਖੀ ਹੋਈ ਹੈ। ਫਾਰਸੀ ਵਿੱਚ ਇਸਦਾ ਤਰਜਮਾ ਅਬੂ ਫੈਜਲ ਨੇ 'ਯਾਰ ਈ ਦਾਨਿਸ਼' ਦੇ ਰੂਪ ਵਿੱਚ ਸਾਨੂੰ ਦਿੱਤਾ ਹੈ। ਇਸ ਵਿੱਚੋਂ ਅੱਜ ਮੈਂ ਤੁਹਾਨੂੰ 'ਪਿਆਸਾ ਕਾਂ' ਦੀ ਕਹਾਣੀ ਸੁਣਾਵਾਂਗਾ। ਇਹ ਕਹਾਣੀ ਸੁਣ ਕੇ ਕੱਲ੍ਹ ਨੂੰ ਤੁਸੀਂ ਸਾਰਿਆਂ ਨੇ ਆਪਣੀ ਸਮਝ ਵਰਤ ਕੇ ਘਰ ਤੋਂ ਲਿਖ ਕੇ ਲੈ ਕੇ ਆਉਣੀ ਹੈ। ਕਹਾਣੀ ਸੁਣਕੇ ਬੱਚੇ ਇੰਨੇ ਪ੍ਰਭਾਵਿਤ ਹੋਏ ਕਿ ਉਨ੍ਹਾਂ ਨੇ ਡੇਰੇ ਦੇ ਵੇਹੜੇ ਵਿੱਚ ਇੱਕ ਵੱਡੇ ਕੁੱਜੇ ਨੂੰ ਅੱਧਾ ਪਾਣੀ ਦਾ ਭਰ ਕੇ ਰੱਖ ਦਿੱਤਾ, ਉਸਦੇ ਇਰਦ-ਗਿਰਦ ਛੋਟੇ-ਛੋਟੇ ਪੱਥਰ ਖਿਲਾਰ ਦਿੱਤੇ। ਲੱਲ ਨੇ ਤਾਂ ਇਸ ਕਹਾਣੀ ਤੇ ਚਿੱਤਰ ਬਣਾ ਕੇ ਡੇਰੇ ਦੀ ਕੰਧ ਉੱਪਰ ਛਾਪ ਦਿੱਤਾ।

ਜਦੋਂ ਸਕੂਲ ਵਿੱਚ ਜਮਾਤ ਲੱਗੀ ਹੁੰਦੀ ਸੀ ਤਾਂ ਪੰਛੀ ਆਪਣੀਆਂ ਧੁਨਾਂ ਨਾਲ਼ ਡੇਰੇ ਨੂੰ ਸੰਗੀਤ ਮਈ ਬਣਾ ਰੱਖਦੇ ਸਨ, ਮੋਰਾਂ ਦਾ ਚਹਿਕਣਾ ਤਾਂ ਆਮ ਸੀ, ਕੋਇਲਾਂ ਵੀ ਆ ਗਈਆਂ ਸਨ। ਪੰਛੀਆਂ ਦੇ ਸੰਗੀਤ ਦਾ ਅਤੇ ਕੁਦਰਤੀ ਮਾਹੌਲ ਦਾ ਪ੍ਰਭਾਵ ਇਹ ਪਿਆ ਕਿ ਸਾਰੇ ਹੀ ਬੱਚੇ ਬਹੁਤ ਛੇਤੀ ਹੀ ਪੜ੍ਹਨਾ-ਲਿਖਣਾ ਸਿੱਖ ਗਏ। ਬੱਚੇ ਹਿਸਾਬ ਵਿੱਚ ਵੀ ਮਾਹਿਰ ਹੋ ਗਏ ਸਨ। ਸਿੰਜਰ ਨੇ ਚਾਰ ਸਾਲਾਂ ਵਿੱਚ ਹੀ ਪਹਿਲੇ ਦਸ ਬੱਚਿਆਂ ਨੂੰ ਪੰਜਵੀਂ ਦਾ ਇਮਤਿਹਾਨ ਦੁਆ ਦਿੱਤਾ, ਕਿਉਂਕਿ ਜਿਆਦਾਤਰ ਬੱਚੇ ਪਹਿਲਾਂ ਹੀ ਵੱਡੇ ਸਨ। ਇਸ ਵੇਲੇ ਸਕੂਲ ਵਿੱਚ ਛੋਟੇ-ਵੱਡੇ ਕੁੱਲ ਵੀਹ ਵਿਦਿਆਰਥੀ ਹੋ ਚੁੱਕੇ ਸਨ।

ਸਿੰਜਰ ਦਾਦੀ ਨੂੰ ਵਧਾਈ ਦਿੰਦਾ ਹੋਇਆ ਬੋਲਿਆ,'ਲੱਲ ਨੇ ਤਾਂ ਕਮਾਲ ਕਰ ਦਿੱਤੀ, ਸਾਰੇ ਜ਼ਿਲ੍ਹੇ ਵਿੱਚੋਂ ਅਵੱਲ ਆਈ ਹੈ, ਬੱਸ ਕੁੱਲ ਵਿੱਚੋਂ ਤਿੰਨ ਅੰਕ ਹੀ ਘੱਟ ਹਨ, ਬਾਕੀ ਸਾਰੇ ਬੱਚੇ ਪਹਿਲਾ ਦਰਜਾ ਲੈ ਕੇ ਪਾਸ ਹੋ ਗਏ ਹਨ, ਸੁਣ ਦਾਦੀ ਹੁਣ ਆਪਾਂ ਲੱਲ ਦੀਦ ਨੂੰ ਸ਼ਹਿਰ ਵਿੱਚ ਵੱਡੇ ਸਕੂਲ ਵਿੱਚ ਪੜਾਉਣਾ ਹੈ'। ਦਾਦੀ ਬੋਲੀ ਮੈਂ ਤਾਂ ਇਹ ਕੁੜੀ ਤੈਨੂੰ ਸੰਭਾ ਦਿੱਤੀ ਹੈ, ਜਿੱਥੇ ਮਰਜੀ ਲਗਾ ਦੇ। ਅਗਲੇ ਦਿਨ ਸਿੰਜਰ ਨੇ ਲੱਲ ਨੂੰ ਵੱਡੇ ਸਕੂਲ ਵਿੱਚ ਲਗਾ ਦਿੱਤਾ, ਰਹਿਣ ਦਾ ਇੰਤਜਾਮ ਵੀ ਸਕੂਲ ਵਿੱਚ ਹੀ ਸੀ। ਜ਼ਿਲ੍ਹੇ ਵਿੱਚ ਅੱਵਲ ਆਉਣ ਕਾਰਨ, ਬਾਰਾਂ ਤੱਕ ਸਾਰੀ ਪੜ੍ਹਾਈ ਮੁਫ਼ਤ ਕਰ ਦਿੱਤੀ ਗਈ।

ਪਹਿਲੇ ਦਸ ਬੱਚਿਆਂ ਦੇ ਵਿਛੋੜੇ ਕਾਰਨ, ਸਿੰਜਰ ਕੁਝ ਦਿਨ ਉਦਾਸ ਰਿਹਾ, ਪਿੱਪਲੀ ਤੇ ਨਿੰਮ ਨੂੰ ਚੁੰਮ-ਚੁੰਮ ਕੇ ਆਪਣੇ ਮਨ ਨੂੰ ਧਰਵਾਸ ਦਿੰਦਾ ਰਿਹਾ। ਆਪਣੇ ਮਨ ਨੂੰ ਸਮਝਾ ਕੇ ਪਿਛਲੇ ਬੱਚਿਆਂ ਦੇ ਪਿਆਰ ਨੂੰ ਨਵੇਂ ਬੱਚਿਆਂ 'ਚ ਵੰਡਕੇ ਚੰਗੇ ਭਵਿੱਖ ਦੀ ਆਸ 'ਚ ਵੱਝ ਗਿਆ। ਲੱਲ ਦੀਦ ਵਾਲੀ ਟੋਲੀ ਨੂੰ ਮੁੱਢਲੇ ਸਕੂਲ ਚੋਂ ਗਿਆ ਨੂੰ ਪੰਦਰਾਂ ਸਾਲ ਹੋ ਗਏ ਸਨ। ਹੁਣ ਸਕੂਲ ਵਿੱਚ ਬੱਚਿਆਂ ਦੀ ਗਿਣਤੀ ਵੀ ਅਸਰਦਾਰ ਹੋ ਚੁੱਕੀ ਸੀ।

ਸਿੰਜਰ ਹਰ ਰੋਜ ਅਗਨੀ ਦੇ ਮੂਹਰੇ ਲੇਟ ਕੇ ਮੱਥਾ ਟੇਕਦਾ ਸੀ। ਬੱਚੇ ਉਸਨੂੰ ਦੂਰ ਤੋਂ ਹੀ ਦੇਖ ਕੇ ਹੈਰਾਨ ਹੁੰਦੇ ਸਨ। ਪਰ ਉਸਨੇ ਬੱਚਿਆਂ ਨੂੰ ਕਦੇ ਵੀ ਅਗਨੀ ਦੇਵਤਾ ਨੂੰ ਮੱਥਾ ਟੇਕਣ ਲਈ ਨਹੀਂ ਕਿਹਾ ਸੀ। ਅੱਜ ਬੱਚਿਆਂ ਨੇ ਪੁੱਛ ਹੀ ਲਿਆ ਮਾਸਟਰ ਜੀ ਤੁਸੀਂ ਅਗਨੀ ਨੂੰ ਮੱਥਾ ਕਿਉਂ ਟੇਕਦੇ ਹੋ, ਸਾਰੀ ਦੁਨੀਆਂ ਤਾਂ ਅੱਲ੍ਹਾ ਨੇ ਸਾਜੀ ਹੈ। ਫੇਰ ਅੱਲ੍ਹਾ ਨੂੰ ਹੀ ਸਜਦਾ ਕੀਤਾ ਜਾਵੇ, ਜਿਸ ਨੇ ਇਸ ਜੀਵਨ ਦੀ ਅਤੇ ਸਾਰੀਆਂ ਚੀਜਾਂ ਦੀ ਸਾਜਨਾ ਕੀਤੀ ਹੈ। 'ਸਿੰਜਰ ਪਹਿਲਾਂ ਤਾਂ ਚੁੱਪ ਰਿਹਾ, ਪਰ ਫਿਰ ਸੋਚਿਆ ਇੱਕ ਅਧਿਆਪਕ ਦਾ ਫਰਜ ਹੈ ਕਿ ਉਹ ਆਪਣੇ ਵਿਦਿਆਰਥੀਆਂ ਨੂੰ ਸੱਚ ਅਤੇ ਵਿਗਿਆਨ ਤੋਂ ਜਾਣੂ ਕਰਵਾਏ, ਬੋਲਿਆ, ਦੇਖੋ ਬੱਚਿਓ! ਆਪਣਾ ਇਹ ਜੀਵਨ ਪੰਜ ਮੁੱਖ ਤੱਤਾਂ ਦੇ ਸੰਜੋਗ ਨਾਲ਼ ਹੋਂਦ ਵਿੱਚ ਆਇਆ ਹੈ, ਇਹ ਮੁੱਖ ਤੱਤ ਹਨ, ਧਰਤੀ, ਜਲ, ਅਗਨੀ (ਸੂਰਜ), ਹਵਾ ਅਤੇ ਅਕਾਸ਼। ਇਸ ਖਾਲੀ ਥਾਂ ਨੂੰ ਅਕਾਸ਼ ਕਹਿੰਦੇ ਹਨ। ਤੁਸੀਂ ਦੇਖੋ ਜੇਕਰ ਅਸੀਂ ਪੰਜ ਤੱਤਾਂ ਦੇ ਇਸ ਸੰਗਮ ਤੋਂ ਇੱਕ ਤੱਤ ਬਾਹਰ ਕਰ ਦੇਈਏ ਤਾਂ ਜੀਵਨ ਨਹੀਂ ਹੋਵੇਗਾ। ਜੀਵਨ ਹੋਂਦ ਵਿੱਚ ਆਉਣ ਤੋਂ ਬਾਅਦ ਹੀ ਮਨੁੱਖ ਨੇ ਅੱਲ੍ਹਾ ਦੀ ਅਵਧਾਰਨਾ ਪੈਦਾ ਕੀਤੀ ਹੈ। ਚੰਦਰਮਾ ਤੇ ਵਿਗਿਆਨੀ ਪਹੁੰਚ ਗਿਆ, ਉੱਥੇ ਦੋ ਤੱਤਵ ਇੱਕ ਜਲ ਅਤੇ ਦੂਜੀ ਹਵਾ ਨਹੀਂ ਹਨ। ਇਸ ਕਰਕੇ ਉੱਥੇ ਜੀਵਨ ਦੀ ਨਿਸ਼ਾਨੀ ਵੀ ਨਹੀਂ ਮਿਲੀ। ਇੱਕ ਹੋਰ ਵਿਦਿਆਰਥੀ ਬੋਲਿਆ, ਫਿਰ ਅੱਲ੍ਹਾ ਝੂਠ ਹੈ? 'ਆਪਾਂ ਨੂੰ ਇਸ ਤਰਾਂ ਨਹੀਂ ਕਹਿਣਾ ਚਾਹੀਦਾ, ਅੱਲ੍ਹਾ ਦੀ ਅਵਧਾਰਨਾ ਇੱਕ ਧਾਰਮਿਕ ਵਿਸ਼ਵਾਸ਼ ਅਤੇ ਵਿਚਾਰ ਕਾਰਨ ਹੋਂਦ ਵਿੱਚ ਆਈ ਹੈ', ਸਿੰਜਰ ਬੋਲਿਆ।

ਤਿੰਨ ਬੱਚਿਆਂ ਨੇ ਆਪਣੇ ਅਧਿਆਪਕ ਦੀ ਗੱਲਬਾਤ ਨੂੰ ਆਪਣੇ-ਆਪਣੇ ਘਰ ਜਾ ਕੇ ਦੱਸ ਦਿੱਤਾ। ਪਿੰਡ ਵਿੱਚ ਭੜਥੂ ਪੈ ਗਿਆ। ਅਗਲੇ ਦਿਨ ਜਦੋਂ ਸਿੰਜਰ ਬੱਚਿਆਂ ਨੂੰ ਲੈਣ ਪਿੰਡ ਵਿੱਚ ਆਇਆ ਤਾਂ ਉਸਨੂੰ ਲੋਕਾਂ ਨੇ ਘੇਰ ਲਿਆ। ਇੱਕ ਸਾਂਝੀ ਥਾਂ ਤੇ ਵੱਡਾ ਇਕੱਠ ਹੋ ਗਿਆ। ਪਿੰਡ ਦਾ ਇੱਕ ਬਜੁਰਗ ਸਿੰਜਰ ਨੂੰ ਕਹਿਣ ਲੱਗਾ, 'ਤੂੰ ਇੱਕ ਅਧਿਆਪਕ ਹੈਂ, ਮੈਨੂੰ ਆਸ ਹੈ ਕਿ ਤੂੰ ਝੂਠ ਨਹੀਂ ਬੋਲੇਗਾਂ। ਸੱਚ-ਸੱਚ ਦੱਸ ਤੂੰ ਅੱਲ੍ਹਾ ਬਾਰੇ ਕੱਲ੍ਹ ਕੀ ਕਿਹਾ ਸੀ'? ਸਿੰਜਰ ਚੁੱਪ ਰਿਹਾ। ਅੰਜਾਮ ਤੋਂ ਬੇਖ਼ਬਰ ਕੁਝ ਬੱਚੇ ਇਕੱਠ ਵਿੱਚ ਵੀ ਹਾਜਰ ਸਨ। ਬਜੁਰਗ ਫੇਰ ਬੋਲਿਆ,'ਤੈਥੋਂ ਬਾਅਦ ਚ ਪੁੱਛਦੇ ਹਾਂ ਪਹਿਲਾਂ ਇਹ ਬੱਚੀ ਹੈ ਮਲਾਲੀ, ਤੂੰ ਦੱਸ ਬੇਟਾ, ਕੱਲ੍ਹ ਅੱਲ੍ਹਾ ਬਾਰੇ ਤੇਰੇ ਅਧਿਆਪਕ ਨੇ ਕੀ ਕਿਹਾ ਸੀ? ਬੱਚੀ ਨੇ ਇੰਨ-ਬਿੰਨ ਜੋ ਸੁਣਿਆ ਸੀ, ਉਹ ਦੱਸ ਦਿੱਤਾ। ਹੁਣ ਬਜੁਰਗ ਨੇ ਸਿੰਜਰ ਨੂੰ ਪੁੱਛਿਆ,'ਕੀ ਜੋ ਬੱਚੀ ਨੇ ਦੱਸਿਆ ਹੈ, ਇਹ ਸੱਚ ਹੈ? ਸਿੰਜਰ ਨੇ ਜਵਾਬ ਦਿੱਤਾ, ਹਾਂ ਇਹ ਸੱਚ ਹੈ, ਜਦੋਂ ਬੱਚਿਆਂ ਨੇ ਮੈਥੋਂ ਅਗਨੀ ਨੂੰ ਨਮਸਕਾਰ ਕਰਨ ਦਾ ਕਾਰਨ ਪੁੱਛਿਆ ਤਾਂ ਅਧਿਆਪਕ ਹੋਣ ਦੇ ਨਾਤੇ ਮੈਨੂੰ ਸੱਚਾਈ ਦੱਸਣੀ ਪਈ। ਅੱਲ੍ਹਾ ਦੀ ਸ਼ਾਨ ਵਿੱਚ ਮੈਂ ਇੱਕ ਵੀ ਸ਼ਬਦ ਨਹੀਂ ਬੋਲਿਆ।'' ਬਜੁਰਗ ਕਹਿਣ ਲੱਗਾ,''ਜਦੋਂ ਤੂੰ ਦੁਨੀਆਂ ਦੀ ਸਾਜਨਾ ਵਿੱਚ ਅੱਲ੍ਹਾ ਦੀ ਭੂਮਿਕਾ ਨੂੰ ਰੱਦ ਕਰ ਦਿੱਤਾ ਤਾਂ ਇਸ ਤੋਂ ਵੱਧ ਹੋਰ ਕੀ ਅਪਸ਼ਬਦ ਹੋਵੇਗਾ।''ਪਿੰਡ ਵਿੱਚ ਪੁਲਿਸ ਨੂੰ ਬੁਲਾ ਲਿਆ ਗਿਆ। ਪੁਲਿਸ ਦੇ ਸਾਹਮਣੇ ਵੀ ਸਿੰਜਰ ਨੇ ਸੱਚ ਬੋਲ ਦਿੱਤਾ। ਪੁਲਿਸ ਉਸਨੂੰ ਗ੍ਰਿਫਤਾਰ ਕਰਕੇ ਲੈ ਗਈ।

ਥਾਣੇਦਾਰ ਸਿੰਜਰ ਨੂੰ ਸਮਝਾਉਂਦਿਆਂ ਕਹਿਣ ਲੱਗਾ, ਤੂੰ ਇਸ ਗੱਲ ਤੋਂ ਮੁੱਕਰ ਜਾ ਬਾਕੀ ਮੈਂ ਸੰਭਾਲ ਲਵਾਂਗਾ। ਸਿੰਜਰ ਨੇ ਕਿਹਾ,''ਮੈਂ ਆਪਣੀ ਮੌਤ ਤੋਂ ਪਹਿਲਾਂ ਨਹੀਂ ਮਰਨਾ ਚਾਹੁੰਦਾ, ਮੈਂ ਝੂਠ ਨਹੀਂ ਬੋਲ ਸਕਦਾ, ਜਦੋਂ ਮੈਂ ਸੱਚ ਬੋਲਿਆ ਹੈ, ਤਾਂ ਉਸ ਸੱਚ ਦੀ ਰਾਖੀ ਵੀ ਤਾਂ ਸੱਚ ਬੋਲ ਕੇ ਹੀ ਹੋਵੇਗੀ'। ਥਾਣੇਦਾਰ ਫਿਰ ਕਹਿਣ ਲੱਗਾ,''ਦੇਖ ਕਾਨੂੰਨ ਵਿੱਚ ਇਸ ਜੁਰਮ ਲਈ ਮੌਤ ਦੀ ਸਜਾ ਹੈ। ਸਿੰਜਰ, 'ਬੋਲਿਆ, ਜੇ ਸੱਚ ਦੀ ਖਾਤਰ ਮੌਤ ਮੁੱਲ਼ ਲੈਣੀ ਪਵੇ ਤਾਂ ਵੀ ਸਸਤੀ ਹੈ।''

ਥਾਣੇਦਾਰ ਨੇ ਕੇਸ ਬੰਨ੍ਹ ਕੇ ਕਚਿਹਰੀ ਵਿੱਚ ਪੇਸ਼ ਕਰ ਦਿੱਤਾ। ਸਰਕਾਰ ਨੇ ਲੋਕਾਂ ਦੇ ਗੁੱਸੇ ਨੂੰ ਸ਼ਾਂਤ ਕਰਨ ਲਈ ਸਰਕਾਰੀ ਵਕੀਲ ਤੋਂ ਇਲਾਵਾ ਦੋ ਵਕੀਲ ਹੋਰ ਖੜੇ ਕਰ ਦਿੱਤੇ। ਪਰ ਸਿੰਜਰ ਨੇ ਕੋਈ ਵਕੀਲ ਨਹੀਂ ਕੀਤਾ। ਟੂਲੀ ਸਿੰਜਰ ਨਾਲ਼ ਮੁਲਾਕਾਤ ਕਰਕੇ ਕਹਿਣ ਲੱਗਾ,''ਤੂੰ ਇਸ ਕਾਗਜ ਤੇ ਦਸਤਖ਼ਤ ਕਰਦੇ ਵਕੀਲ ਨੇ ਦਿੱਤਾ ਹੈ, ਫੇਰ ਉਹ ਤੇਰੇ ਹੱਕ ਵਿੱਚ ਖੜ੍ਹਾ ਹੋ

(ਬਾਕੀ ਅਗਲੇ ਸਫੇ 'ਤੇ)

**ਤਿੰਨ ਬੱਚਿਆਂ ਨੇ ਆਪਣੇ ਅਧਿਆਪਕ ਦੀ ਗੱਲਬਾਤ ਨੂੰ ਆਪਣੇ-ਆਪਣੇ ਘਰ ਜਾ ਕੇ ਦੱਸ ਦਿੱਤਾ। ਪਿੰਡ ਵਿੱਚ ਭੜਥੂ ਪੈ ਗਿਆ। ਅਗਲੇ ਦਿਨ ਜਦੋਂ ਸਿੰਜਰ ਬੱਚਿਆਂ ਨੂੰ ਲੈਣ ਪਿੰਡ ਵਿੱਚ ਆਇਆ ਤਾਂ ਉਸਨੂੰ ਲੋਕਾਂ ਨੇ ਘੇਰ ਲਿਆ। ਇੱਕ ਸਾਂਝੀ ਥਾਂ ਤੇ ਵੱਡਾ ਇਕੱਠ ਹੋ ਗਿਆ। ਪਿੰਡ ਦਾ ਇੱਕ ਬਜੁਰਗ ਸਿੰਜਰ ਨੂੰ ਕਹਿਣ ਲੱਗਾ, 'ਤੂੰ ਇੱਕ ਅਧਿਆਪਕ ਹੈਂ, ਮੈਨੂੰ ਆਸ ਹੈ ਕਿ ਤੂੰ ਝੂਠ ਨਹੀਂ ਬੋਲੇਗਾਂ। ਸੱਚ-ਸੱਚ ਦੱਸ ਤੂੰ ਅੱਲ੍ਹਾ ਬਾਰੇ ਕੱਲ੍ਹ ਕੀ ਕਿਹਾ ਸੀ'? ਸਿੰਜਰ ਚੁੱਪ ਰਿਹਾ। ਅੰਜਾਮ ਤੋਂ ਬੇਖ਼ਬਰ ਕੁਝ ਬੱਚੇ ਇਕੱਠ ਵਿੱਚ ਵੀ ਹਾਜਰ ਸਨ। ਬਜੁਰਗ ਫੇਰ ਬੋਲਿਆ,'ਤੈਥੋਂ ਬਾਅਦ ਚ ਪੁੱਛਦੇ ਹਾਂ ਪਹਿਲਾਂ ਇਹ ਬੱਚੀ ਹੈ ਮਲਾਲੀ, ਤੂੰ ਦੱਸ ਬੇਟਾ, ਕੱਲ੍ਹ ਅੱਲ੍ਹਾ ਬਾਰੇ ਤੇਰੇ ਅਧਿਆਪਕ ਨੇ ਕੀ ਕਿਹਾ ਸੀ? ਬੱਚੀ ਨੇ ਇੰਨ-ਬਿੰਨ ਜੋ ਸੁਣਿਆ ਸੀ, ਉਹ ਦੱਸ ਦਿੱਤਾ। ਹੁਣ ਬਜੁਰਗ ਨੇ ਸਿੰਜਰ ਨੂੰ ਪੁੱਛਿਆ,'ਕੀ ਜੋ ਬੱਚੀ ਨੇ ਦੱਸਿਆ ਹੈ, ਇਹ ਸੱਚ ਹੈ? ਸਿੰਜਰ ਨੇ ਜਵਾਬ ਦਿੱਤਾ, ਹਾਂ ਇਹ ਸੱਚ ਹੈ, ਜਦੋਂ ਬੱਚਿਆਂ ਨੇ ਮੈਥੋਂ ਅਗਨੀ ਨੂੰ ਨਮਸਕਾਰ ਕਰਨ ਦਾ ਕਾਰਨ ਪੁੱਛਿਆ ਤਾਂ ਅਧਿਆਪਕ ਹੋਣ ਦੇ ਨਾਤੇ ਮੈਨੂੰ ਸੱਚਾਈ ਦੱਸਣੀ ਪਈ। ਅੱਲ੍ਹਾ ਦੀ ਸ਼ਾਨ ਵਿੱਚ ਮੈਂ ਇੱਕ ਵੀ ਸ਼ਬਦ ਨਹੀਂ ਬੋਲਿਆ।''**

**ਆਓ ਜਾਣੀਏ**

# ਬਾਰਵੀਂ ਤੋਂ ਬਾਅਦ ਕਿਹੜੇ ਕੋਰਸ ਕੀਤੇ ਜਾ ਸਕਦੇ ਹਨ ਤੇ ਕੀ ਹੈ ਉਨ੍ਹਾਂ ਦੀ ਮੱਹਤਤਾ?

ਅੱਜ ਦੀ ਨੌਜਵਾਨ ਪੀੜ੍ਹੀ ਪੁਰਾਣੇ ਸਮਿਆਂ ਨਾਲੋਂ ਬਹੁਤ ਜਾਗਰੂਕ ਹੋ ਚੁੱਕੀ ਹੈ। ਅੱਜ ਹਰ ਵਿਦਿਆਰਥੀ ਨੇ ਆਪਣੀ ਮੰਜਿਲ ਤਾਂ ਮਿੱਥੀ ਹੋਈ ਹੁੰਦੀ ਹੈ, ਪ੍ਰੰਤੂ ਉਸ ਨੂੰ ਉਸ ਮੰਜਿਲ ਤੱਕ ਪਹੁੰਚਣ ਦਾ ਰਸਤਾ ਨਹੀ ਪਤਾ ਹੁੰਦਾ। ਕਈ ਵਾਰ ਰਸਤਿਆ ਦੀ ਭਟਕਣ ਵਿੱਚ ਹੀ ਉਹ ਗਵਾਚ ਜਾਂਦੇ ਹਨ।ਇਸ ਲਈ ਸਾਨੂੰ ਚਾਹੀਦਾ ਹੈ ਕਿ ਮੈਟ੍ਰਿਕ ਵਿੱਚ ਹੀ ਆਪਣੇ ਅਗਲੇ ਖੇਤਰ ਬਾਰੇ ਸੋਚ ਲਈਏ, ਤਾਂ ਹੀ ਅਸੀ ਆਪਣੀ ਮੰਜਿਲ ਤੱਕ ਪਹੁੰਚ ਸਕਦੇ ਹਾਂ। ਇਥੇ ਅਸੀ ਵਿਦਿਆਰਥੀਆਂ ਨੂੰ ਕੁੱਝ ਅਜਿਹੇ ਹੀ ਕੋਰਸਾਂ ਬਾਰੇ ਜਾਣਕਾਰੀ ਦੇਣਾ ਚਾਹੁੰਦੇ ਹਾਂ ਜਿਨ੍ਹਾਂ ਨੂੰ ਵਿਦਿਆਰਥੀ ਬਾਰ੍ਹਵੀ ਤੋਂ ਬਾਅਦ ਚੁਣ ਸਕਦੇ ਹਨ।

**ਬੀ. ਕਾਮ.:** ਬੀ.ਕਾਮ ਕਰਨ ਲਈ ਵੈਸੇ ਤਾਂ ਬਾਰ੍ਹਵੀ ਜਮਾਤ ਵਿੱਚ ਕਾਮਰਸ ਵਿਸ਼ਾ ਰੱਖਣਾ ਪੈਂਦਾ ਹੈ, ਪਰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਵਿਦਿਆਰਥੀਆਂ ਨੂੰ ਛੋਟ ਦਿੱਤੀ ਹੈ, ਜਿਸ ਵਿੱਚ ਆਰਟਸ ਦਾ ਵਿਦਿਆਰਥੀ ਵੀ ਬੀ.ਕਾਮ ਕਰ ਸਕਦਾ ਹੈ। ਇਸ ਤੋਂ ਇਲਾਵਾ ਇਹ ਪੰਜਾਬੀ ਤੇ ਅੰਗਰਜ਼ੀ ਦੋਵਾਂ ਮਾਧਿਅਮਾਂ ਵਿੱਚ ਹੋ ਸਕਦੀ ਹੈ। ਜਿਸ ਤੋਂ ਬਾਅਦ ਵਿਦਿਆਰਥੀ ਬੈਕਿੰਗ ਸੈਕਟਰ ਵਿੱਚ ਨੌਕਰੀ ਕਰ ਸਕਦੇ ਹਨ।ਇਸ ਦੇ ਨਾਲ ਹੀ ਕੰਪਨੀਆਂ ਵਿੱਚ ਅਕਾਉਟੈਂਟ, ਕਲਰਕ ਅਤੇ ਸਕੂਲ ਵਿੱਚ ਅਧਿਆਪਕ ਦੀ ਨੌਕਰੀ ਵੀ ਕਰ ਸਕਦੇ ਹਨ। ਬੀ.ਕਾਮ ਤੋਂ ਬਾਅਦ ਵਿਦਿਆਰਥੀ ਐਮ.ਕਾਮ. ਕਰ ਸਕਦੇ ਹਨ ਅਤੇ ਯੂ.ਜੀ.ਸੀ. ਨੈੱਟ ਦਾ ਟੈਸਟ ਪਾਸ ਕਰਕੇ ਕਾਲਜ ਵਿੱਚ ਅਧਿਆਪਨ ਵੀ ਕਰ ਸਕਦੇ ਹਨ।

**ਸੀ.ਏ.:** ਚਾਰਟਰਡ ਅਕਾਊਟੈਂਟ, ਅਕਾਊਂਟਸ ਦੇ ਖੇਤਰ ਵਿੱਚ ਮਾਹਿਰ ਹੁੰਦੇ ਹਨ। ਇਹ ਵਿੱਤੀ ਰਿਪੋਰਟਾਂ, ਨਿਵੇਸ਼ ਰਿਕਾਰਡ ਬਣਾਉਣਾ, ਵਿੱਤੀ ਜੋਖਿਮ ਉਠਾਉਣ ਦੀ ਯੋਜਨਾ ਬਣਾਉਣਾ, ਟੈਕਸ ਦੀ ਰਿਟਰਨ ਭਰਨ ਆਦਿ ਵਰਗੇ ਮਹੱਤਵਪੂਰਨ ਕੰਮ ਕਰਦੇ ਹਨ।ਇਸ ਦੇ ਦਾਖਲੇ ਲਈ ਵਿਦਿਆਰਥੀ ਨੂੰ ਬਾਰ੍ਹਵੀ ਦੇ ਨਾਲ ਸੀ.ਪੀ.ਟੀ ਪਾਸ ਕਰਨਾ ਹੁੰਦੀ ਹੈ ਅਤੇ ਆਈ.ਸੀ.ਏ.ਆਈ. (ਿਛਓੀ) ਦੇ ਆਈ.ਪੀ.ਸੀ ਵਿੱਚ ਦਾਖਲਾ ਲੈਣਾ ਹੁੰਦਾ ਹੈ।

**ਸੀ.ਐਸ. (ਕੰਪਨੀ ਸੈਕਰੇਟਰੀ):** ਇਹ ਆਈ.ਸੀ.ਐਸ.ਆਈ (ICSI) ਦੁਆਰਾ ਸ਼ੁਰੂ ਕੀਤਾ ਗਿਆ, ਇੱਕ ਪ੍ਰੋਫੈਸ਼ਨਲ ਕੋਰਸ ਹੈ। ਇਸ ਨਾਲ ਵਿਵਸਾਇਕ ਵਿੱਤੀ ਅਤੇ ਕਾਨੂੰਨੀ ਕੰਮਾਂ ਬਾਰੇ ਗਿਆਨ ਅਤੇ ਸਮਝ ਆਉਂਦੀ ਹੈ। ਸੀ.ਐਸ. ਦਾ ਸਰਟੀਫਿਕੇਟ ਲੈਣ ਵਾਸਤੇ ਵਿਦਿਆਰਥੀ ਨੂੰ ਫਾਊਂਡੇਸ਼ਨ, ਐਗਜ਼ੀਕਿਊਟਿਵ ਅਤੇ ਪ੍ਰੋਫੈਸ਼ਨਲ ਪ੍ਰੋਗਰਾਮ ਦੀ ਪ੍ਰੀਖਿਆ ਪਾਸ ਕਰਨੀ ਹੁੰਦੀ ਹੈ। ਕੰਪਨੀ ਸੈਕਰੇਟਰੀ ਲੱਗਣ ਲਈ ਵਿਦਿਆਰਥੀ ਫਾਊਂਡੇਸ਼ਨ ਪ੍ਰੋਗਰਾਮ ਦੀ ਪ੍ਰੀਖਿਆ ਵਿੱਚ ਅਪੀਅਰ ਹੋ ਸਕਦੇ ਹਨ। ਇਸ ਦੇ ਲਈ ਬਾਰ੍ਹਵੀ (ਕਿਸੇ ਵੀ ਵਿਸ਼ੇ ਵਿੱਚ) ਪਾਸ ਹੋਣੀ ਜਰੂਰੀ ਹੈ।

**ਬੀ.ਬੀ.ਏ:** ਬੀ.ਬੀ.ਏ ਵਿੱਚ ਬਿਜ਼ਨਸ ਨਾਲ ਸੰਬੰਧਿਤ ਪੜ੍ਹਾਈ ਹੁੰਦੀ ਹੈ। ਇਸ ਤੋਂ ਬਾਅਦ ਵਿਦਿਆਰਥੀ ਐਮ.ਬੀ.ਏ ਕਰ ਸਕਦੇ ਹਨ, ਜਿਹੜੇ ਵਿਦਿਆਰਥੀ ਬਿਜ਼ਨਸ ਅਤੇ ਵਪਾਰਕ ਕੰਮਾਂ ਵਿੱਚ ਰੁਚੀ ਰੱਖਦੇ ਹਨ, ਉਹ ਬੀ.ਬੀ.ਏ ਦੀ ਡਿਗਰੀ ਕਰ ਸਕਦੇ ਹਨ।

**ਬੀ.ਸੀ.ਏ:** ਅੱਜ ਕੰਪਿਊਟਰ ਦਾ ਯੁੱਗ ਹੈ। ਹਰ ਇੱਕ ਕੰਮ ਲਈ ਕੰਪਿਊਟਰ ਦਾ ਗਿਆਨ ਲਾਜ਼ਮੀ ਹੈ, ਜਿਸ ਨਾਲ ਬੀ.ਸੀ.ਏ ਵਰਗੀ ਡਿਗਰੀ ਦੀ ਕੀਮਤ ਹੋਰ ਵੀ ਵੱਧ ਜਾਂਦੀ ਹੈ। ਬੀ.ਸੀ.ਏ ਕਰਨ ਲਈ ਵਿਦਿਆਰਥੀ ਨੂੰ ਕੋਈ ਖਾਸ ਵਿਸ਼ਾ ਨਹੀ ਲੈਣਾ ਪੈਂਦਾ, ਬਸ ਅੰਗਰੇਜੀ ਦੇ ਵਿਸ਼ੇ ਵਿੱਚ ਮੁਹਾਰਤ ਹੋਣੀ ਚਾਹੀਦੀ ਹੈ, ਕਿਉਕਿ ਇਸ ਦਾ ਮਾਧਿਅਮ ਅੰਗਰੇਜੀ ਹੁੰਦਾ ਹੈ। ਬੀ.ਸੀ.ਏ ਤੋਂ ਬਾਅਦ ਵਿਦਿਆਰਥੀ ਪੀ.ਜ਼ੀ.ਡੀ.ਸੀ.ਏ. ਅਤੇ ਐਮ.ਸੀ.ਏ ਵੀ ਕਰ ਸਕਦੇ ਹਨ। ਐਮ.ਸੀ.ਏ ਤੋਂ ਬਾਅਦ ਵਿਦਿਆਰਥੀ ਸਾਫਟਵੇਅਰ ਕੰਪਨੀਆਂ (ਆਈ.ਟੀ.) ਵਿੱਚ ਨੌਕਰੀ ਕਰ ਸਕਦੇ ਹਨ ਅਤੇ ਸਕੂਲਾਂ ਵਿੱਚ ਕੰਪਿਊਟਰ ਦੇ ਅਧਿਆਪਕ ਲਗ ਸਕਦੇ ਹਨ। ਐਮ.ਸੀ.ਏ. ਤੋਂ ਬਾਅਦ ਵਿਦਿਆਰਥੀ ਯੂ.ਜੀ.ਸੀ. ਨੈੱਟ ਦਾ ਟੈਸਟ ਪਾਸ ਕਰਕੇ ਕਾਲਜ



ਵਿੱਚ ਅਧਿਆਪਨ ਕਰ ਸਕਦੇ ਹਨ।

**ਬੀ.ਐਸ.ਸੀ.ਆਈ.ਟੀ:** ਬਾਰ੍ਹਵੀ ਤੋਂ ਬਾਅਦ ਵਿਦਿਆਰਥੀ ਡੀ.ਸੀ.ਏ ਦਾ ਕੋਰਸ ਕਰ ਸਕਦੇ ਹਨ ਅਤੇ ਕਿਸੇ ਵੀ ਪ੍ਰਾਈਵੇਟ ਫਰਮ ਵਿੱਚ ਨੌਕਰੀ ਕਰ ਸਕਦੇ ਹਨ। ਡੀ.ਸੀ.ਏ ਦਾ ਕੋਰਸ ਬੀ.ਐਸ.ਸੀ.ਆਈ.ਟੀ ਦੀ ਡਿਗਰੀ ਦੇ ਪਹਿਲੇ ਸਾਲ ਦੇ ਬਰਾਬਰ ਹੁੰਦਾ ਹੈ। ਜੇ ਵਿਦਿਅਰਥੀ ਨੇ ਇੱਕ ਸਾਲ ਡੀ.ਸੀ.ਏ ਵਿੱਚ ਲਗਾਇਆ ਹੈ ਤਾਂ ਬੀ.ਐਸ.ਸੀ ਦੇ ਦੂਜੇ ਸਾਲ ਵਿੱਚ ਦਾਖਲਾ ਮਿਲ ਜਾਂਦਾ ਹੈ।

**ਈ.ਟੀ.ਟੀ:** ਬਾਰ੍ਹਵੀ ਤੋਂ ਬਾਅਦ ਵਿਦਿਆਰਥੀ ਈ.ਟੀ.ਟੀ, ਦੋ ਸਾਲ ਦਾ ਪ੍ਰੌਫੈਸ਼ਨਲ ਕੋਰਸ ਕਰ ਸਕਦੇ ਹਨ, ਜਿਸ ਨਾਲ ਵਿਦਿਆਰਥੀ ਐਲੀਮੈਂਟਰੀ ਸਕੂਲਾਂ ਵਿੱਚ ਪੰਜਵੀ ਤੱਕ ਦੇ ਬੱਚਿਆਂ ਨੂੰ ਪੜ੍ਹਾ ਸਕਦੇ ਹਨ ਅਤੇ ਪੀ.ਐਸ.ਟੀ.ਈਟੀ. 1 ਪਾਸ ਕਰਕੇ ਸਰਕਾਰੀ ਨੋਕਰੀ ਲਈ ਅਪਲਾਈ ਕਰ ਸਕਦੇ ਹਨ।

**ਬੀ.ਐਡ:** ਬੀ.ਏ ਤੋਂ ਬਾਅਦ ਵਿਦਿਆਰਥੀ ਬੀ.ਐਡ ਕਰ ਸਕਦੇ ਹਨ, ਇਸ ਦੇ ਦੋ ਮੁੱਖ ਵਿਸ਼ੇ ਹੁੰਦੇ ਹਨ ਜੋ ਬੀ.ਏ ਦੀ ਡਿਗਰੀ ਨਾਲ ਸੰਬੰਧਿਤ ਹੁੰਦੇ ਹਨ, ਦੋ ਵਿਸ਼ਿਆ ਦਾ ਕੰਬੀਨੇਸ਼ਨ ਬੀ.ਏ ਦੇ ਵਿਸ਼ਿਆ ਤੇ ਆਧਾਰਿਤ ਹੁੰਦਾ ਹੈ। ਜੇਕਰ ਵਿਦਿਆਰਥੀ ਨੇ ਬੀ.ਐਡ ਕਰਨੀ ਹੈ, ਤਾਂ ਬੀ.ਏ ਦੇ ਵਿਸੇ ਚੁਣਦੇ ਹੋਏ ਇਹ ਧਿਆਨ ਰੱਖਣਾ ਪਵੇਗਾ ਕਿ ਇਹਨਾਂ ਦਾ ਕੰਬੀਨੇਸ਼ਨ ਬਣਦਾ ਹੋਵੇ। ਬੀ.ਐਡ ਕਰਨ ਤੋਂ ਬਾਅਦ ਵਿਦਿਆਰਥੀ ਟੀ.ਜੀ.ਟੀ ਅਧਿਆਪਕ ਦੀ ਕੈਰਾਗਿਰੀ ਵਿੱਚ ਆ ਸਕਦੇ ਹਨ ਤੇ ਛੇਵੀ ਤੋਂ ਅੱਠਵੀ ਤੱਕ ਦੇ ਬੱਚਿਆ ਨੂੰ ਪੜ੍ਹਾ ਸਕਦੇ ਹਨ, ਪਰ ਆਮ ਪ੍ਰਾਇਵੇਟ ਸਕੂਲਾਂ ਵਿੱਚ ਬੀ.ਐਡ ਵਾਲੇ ਦਸਵੀਂ ਜਮਾਤ ਤੱਕ ਪੜ੍ਹਾਉਂਦੇ ਹਨ। ਸਰਕਾਰੀ ਸਕੂਲਾਂ ਵਿੱਚ ਨੌਕਰੀ ਪ੍ਰਾਪਤ ਕਰਨ ਲਈ ਵਿਦਿਆਰਥੀ ਨੂੰ ਸਟੇਟ ਲੈਵਲ ਦੇ ਟੈਸਟ ਲਈ ਪੀ.ਐਸ.ਈ.ਟੀ-2 ਅਤੇ ਸੈਂਟਰਲ ਲੈਬਲ ਦੇ ਟੈਸਟ ਲਈ ਸੀ.ਟੀ.ਈ.ਟੀ. ਪਾਸ ਕਰਨਾ ਹੁੰਦੀ ਹੈ। ਬੀ.ਐਡ ਤੋ ਬਾਅਦ ਵਿਦਿਆਰਥੀ ਐਮ.ਐਡ ਵੀ ਕਰ ਸਕਦੇ ਹਨ। ਜੋ ਪ੍ਰਿੰਸੀਪਲ ਦੀ ਨੌਕਰੀ ਲਈ ਲਾਜ਼ਮੀ ਹੈ।

**ਬੀ.ਏ.ਐਲ.ਐਲ.ਬੀ:** ਐਲ.ਐਲ.ਬੀ. ਦਾ ਕੋਰਸ ਬੀ.ਏ. ਤੋਂ ਬਾਅਦ ਹੁੰਦਾ ਹੈ, ਜਿਸ ਵਿੱਚ ਵਕਾਲਤ ਦੀ ਜਾਣਕਾਰੀ ਮਿਲਦੀ ਹੈ, ਇਸ ਤੋਂ ਇਲਾਵਾ ਬੀ.ਏ. ਐਲ.ਐਲ.ਬੀ. ਦਾ ਕੋਰਸ ਹੁੰਦਾ ਹੈ, ਜੋ ਵਿਦਿਆਰਥੀ ਬਾਰ੍ਹਵੀ ਤੋਂ ਬਾਅਦ ਕਰ ਸਕਦੇ ਹਨ। ਇਸ ਤੋਂ ਬਾਅਦ ਐਲ.ਐਲ.ਐਮ. ਦਾ ਕੋਰਸ ਕੀਤਾ ਜਾ ਸਕਦਾ ਹੈ।

**ਕੋਪਾ (COPA):** ਕੰਪਿਊਟਰ ਆਪਰੇਟਰ ਪ੍ਰੋਗਰਾਮਿੰਗ ਅਸਿਸਟੈਂਟ ਦਾ ਕੋਰਸ ਸਰਕਾਰੀ ਆਈ.ਟੀ.ਆਈ ਵਿੱਚ ਕਰਵਾਇਆ ਜਾਂਦਾ ਹੈ, ਜੋ ਕਿ ਇੱਕ ਸਾਲ ਦਾ ਹੁੰਦਾ ਹੈ, ਇਸ ਨੂੰ ਕਰ ਕੇ ਵਿਦਿਆਰਥੀ ਕੰਪਿਊਟਰ ਆਪਰੇਟਰ ਜਾਂ ਡਾਟਾ ਐਂਟਰੀ ਆਪਰੇਟਰ ਲੱਗ ਸਕਦੇ ਹਨ।

**ਬੀ.ਐਸ.ਸੀ ਨਰਸਿੰਗ:** ਖਾਸ ਤੌਰ ਤੇ ਬੀ.ਐਸ.ਸੀ. ਨਰਸਿੰਗ ਦੀ ਡਿਗਰੀ ਲੜਕੀਆ ਲਈ ਹੈ ,ਜਿਸ ਨੂੰ ਕਰਕੇ ਉਹ ਨਰਸ ਲੱਗ ਸਕਦੀਆ ਹਨ। ਲੜਕੇ ਵੀ ਇਹ ਡਿਗਰੀ ਕਰ ਸਕਦੇ ਹਨ। ਇਸ ਦੇ ਲਈ ਬਾਰ੍ਹਵੀ ਵਿੱਚ ਮੈਡੀਕਲ ਦੇ ਵਿਸ਼ੇ ਪੜ੍ਹੇ ਹੋਣੇ ਲਾਜ਼ਮੀ ਹਨ। ਦੂਜੇ ਦੇਸ਼ਾ ਵਿੱਚ ਬੀ.ਐਸ.ਸੀ. ਨਰਸਿੰਗ ਦੇ ਵਿਦਿਆਰਥੀਆਂ ਦੀ ਬਹੁਤ ਮੰਗ ਹੈ।

**ਬੀ.ਐਸ.ਸੀ ਐਗਰੀਕਲਚਰ:** ਬਾਰ੍ਹਵੀ ਤੋਂ ਬਾਅਦ ਮੈਡੀਕਲ ਅਤੇ ਨਾਨ-ਮੈਡੀਕਲ ਦੇ ਵਿਦਿਆਰਥੀ ਖੇਤੀਬਾੜੀ ਦੇ ਸੰਦਰਭ ਵਿੱਚ ਬੀ.ਐਸ.ਸੀ ਐਗਰੀਕਲਚਰ ਕਰ ਸਕਦੇ ਹਨ। ਇਸ ਨੂੰ ਕਰਨ ਤੋਂ ਬਾਅਦ ਵਿਦਿਆਰਥੀਆਂ ਕੋਲ ਬਹੁਤ ਸਾਰੀਆਂ ਨੌਕਰੀਆਂ ਦੇ ਦਰਵਾਜੇ ਖੁੱਲ ਜਾਂਦੇ ਹਨ।ਇਸ ਦੇ ਖਾਸ ਵਿਸ਼ਿਆਂ ਦੀ ਮੁਹਾਰਤ ਰੱਖਣ ਵਾਲੇ ਵਿਦਿਆਰਥੀਆਂ ਨੂੰ ਕੇਂਦਰ ਤੇ ਰਾਜ ਦੋਵਾਂ ਵਿਭਾਗਾਂ ਵਿੱਚ ਨੋਕਰੀ ਮਿਲ ਸਕਦੀ ਹੈ। ਗ੍ਰੈਜੂਏਟ ਵਿਦਿਆਰਥੀ ਦੀ ਖੇਤੀਬਾੜੀ ਵਿਭਾਗ ਵੱਲੋਂ ਵਿਕਾਸ ਦੇ ਕੰਮ ਜਿਵੇਂ ਕਿ ਫਸਲਾਂ, ਬੀਜਾਂ, ਕਿਸਾਨੀ ਕੰਮਾਂ ਦੇ ਵਾਧੇ ਲਈ ਅਤੇ ਬਲਾਕ ਵਿਕਾਸ ਵਿਭਾਗ ਵਿੱਚ ਨਿਯੁਕਤੀ ਕੀਤੀ ਜਾਂਦੀ ਹੈ, ਬੀ.ਐਸ.ਸੀ ਐਗਰੀਕਲਚਰ ਇੱਕ ਅਜਿਹੀ ਡਿਗਰੀ ਹੈ, ਜਿਸ ਨੂੰ ਕਰਕੇ ਵਿਦਿਆਰਥੀ, ਦੂਜੇ ਦੇਸਾਂ ਵਿੱਚ ਜਾ ਕੇ ਨੌਕਰੀ ਪ੍ਰਾਪਤ ਕਰ ਸਕਦੇ ਹਨ ਅਤੇ ਖੇਤੀਬਾੜੀ ਨਾਲ ਸਬੰਧਿਤ ਸਹਿਕਾਰੀ , ਗ੍ਰਾਮੀਣ ਬੈਂਕਾਂ ਵਿੱਚ ਅਸਿਸਟੈਂਟ ਅਤੇ ਐਗਰੀਕਲਚਰ ਅਧਿਕਾਰੀ ਲੱਗ ਸਕਦੇ ਹਨ। ਵਿਦਿਆਰਥੀ ਐਮ.ਐਸ.ਸੀ ਐਗਰੀਕਲਚਰ ਜਾਂ ਰੂਰਲ ਮੈਨੇਜ਼ਮੈਂਟ ਕਰ ਸਕਦੇ ਹਨ। ਇਸ ਦੇ ਨਾਲ ਵਿਦਿਆਰਥੀਆਂ ਕੋਲ ਨੈਸ਼ਨਲ ਸੀਡਜ਼ ਕਾਰਪੋਰੇਸ਼ਨ, ਫੂਡ ਕਾਰਪੋਰੇਸ਼ਨ ਆਫ ਇੰਡੀਆ, ਵੇਅਰ ਹਾਉਸਿੰਗ ਕਾਰਪੋਰੇਸ਼ਨ ਤੇ ਫਰਟੀਲਾਈਜਜ਼ ਕਾਰਪੋਰੇਸ਼ਨ ਵਿੱਚ ਭਰਤੀ ਦੇ ਰਾਹ ਖੁੱਲ ਜਾਂਦੇ ਹਨ।



ਲੈਕਚਰਾਰ
ਗੁਰਪ੍ਰੀਤ ਸਿੰਘ ਬਿਲਿੰਗ
98146-98066

**ਬੀ.ਏ:** ਆਰਟਸ ਦੇ ਵਿਦਿਆਰਥੀ ਬੀ.ਏ ਕਰ ਸਕਦੇ ਹਨ ਅਤੇ ਗ੍ਰੈਜ਼ੁਏਸ਼ਨ ਤੋ ਬਾਅਦ ਐਮ.ਏ ਦੀ ਡਿਗਰੀ ਜਾਂ ਬੀ.ਐਡ ਦਾ ਕੋਰਸ ਕੀਤਾ ਜਾ ਸਕਦਾ ਹੈ।ਐਮ.ਏ. ਤੋ ਬਾਅਦ ਯੂ.ਜੀ.ਸੀ.ਨੈੱਟ ਦਾ ਟੈਸਟ ਪਾਸ ਕਰਕੇ ਕਾਲਜ ਵਿੱਚ ਅਤੇ ਬੀ.ਐਡ ਤੋਂ ਬਾਅਦ ਸਕੂਲ ਵਿੱਚ ਅਧਿਆਪਨ ਕੀਤਾ ਜਾ ਸਕਦਾ ਹੈ।ਬੀ.ਏ. ਤੋਂ ਬਾਅਦ ਬਹੁਤ ਸਾਰੀਆ ਸਰਕਾਰੀ ਭਰਤੀਆ ਹੁੰਦੀਆਂ ਹਨ ਜਿਵੇਂ ਕਿ ਪੁਲਿਸ, ਫੌਜ਼, ਪਟਵਾਰੀ, ਇਨਕਮ ਵਿਭਾਗ, ਆਈ.ਬੀ.ਪੀ.ਐਸ. ਦੇ ਪੀ.ਏ. ਜਾਂ ਕਲਰਕ, ਵਣ ਵਿਭਾਗ ਦੇ ਅਧਿਕਾਰੀ ਤੇ ਆਈ.ਏ.ਐਸ ਅਧਿਕਾਰੀ ਆਦਿ।

**ਬੀ.ਟੈੱਕ:** ਬਾਰ੍ਹਵੀ ਤੋਂ ਬਾਅਦ ਵਿਦਿਆਰਥੀ ਬੀ.ਟੈਕੱ ਵੀ ਕਰ ਸਕਦੇ ਹਨ, ਇਸ ਨਾਲ ਤਕਨੀਕੀ ਕੰਮ ਦੀ ਮੁਹਾਰਤ ਹਾਸਲ ਹੋ ਜਾਂਦੀ ਹੈ। ਇਸ ਦੀਆਂ ਕਈ ਸ਼ਾਖਾਵਾ ਹੁੰਦੀਆਂ ਹਨ, ਇਨ੍ਹਾਂ ਵਿੱਚੋ ਪ੍ਰਮੁੱਖ ਮਕੈਨਿਕਲ ਇਲੈਕਟਰੀਕਲ, ਸਿਵਿਲ, ਕੈਮੀਕਲ ਅਤੇ ਕੰਪਿਉਟਰ ਸਾਇੰਸ ਇੰਜੀਨਿਅਰਿੰਗ ਹਨ, ਇਸ ਦੇ ਲਈ ਬਾਰ੍ਹਵੀ ਵਿੱਚ ਸਾਇੰਸ ਸਟਰੀਮ ਵਿੱਚ ਫਿਜ਼ਿਕਸ, ਕੈਮਿਸਟਰੀ, ਮੈਥਜ਼ ਵਿਸ਼ੇ ਹੋਣੇ ਚਾਹੀਦੇ ਹਨ। ਇਸ ਤੋਂ ਬਾਅਦ ਵਿਦਿਆਰਥੀ ਕੰਪਨੀਆਂ ਵਿੱਚ ਨੌਕਰੀ ਕਰ ਸਕਦੇ ਹਨ।

**ਸਿੱਟਾ:** ਸਮੁੱਚੇ ਤੌਰ ਤੇ ਅਸੀ ਇਹ ਕਹਿ ਸਕਦੇ ਹਾਂ ਪੜ੍ਹਾਈ ਤੋਂ ਬਿਨਾਂ ਮਨੁੱਖ ਦੀ ਜਿੰਦਗੀ ਵਿੱਚ ਕਾਮਯਾਬ ਹੋਣ ਲਈ ਕਿਸੇ ਨਾ ਕਿਸੇ ਵਿਸ਼ੇ ਵਿੱਚ ਮੁਹਾਰਤ ਹਾਸਲ ਕਰਨਾ ਜਰੂਰੀ ਹੈ। ਇਹ ਸਾਰੇ ਮਾਰਗ ਵਿਦਿਆਰਥੀ ਨੂੰ ਮੰਜਿਲ ਤੱਕ ਪਹੁੰਚਾਉਣ ਲਈ ਸਹਾਇਕ ਹੁੰਦੇ ਹਨ।

# ਸਿੰਜਰ, ਮੇਰਾ ਪਹਿਲਾ ਅਧਿਆਪਕ ਮੇਰਾ ਸਿਰਜਕ

(ਸਫਾ 22 ਦੀ ਬਾਕੀ)

ਸਕੇਗਾ।' ਸਿੰਜਰ ਬੋਲਿਆ ਜੇਕਰ ਮੈਂ ਵਕੀਲ ਖੜ੍ਹਾ ਕਰ ਲਿਆ, ਉਹ ਮੈਨੂੰ ਪਾਗਲ ਸਾਬਤ ਕਰੇਗਾ, ਮੇਰੇ ਬਿਆਨ ਦਰਜ ਹੋ ਚੁੱਕੇ ਹਨ, ਜੇ ਮੈਂ ਸੱਚ ਤੋਂ ਮੁੱਕਰ ਗਿਆ, ਉਸ ਬਚਾਅ ਤੋਂ ਕੀ ਕਰਾਂਗਾ, ਜਿਸਨੇ ਮੇਰੀ ਅੰਤਰ ਆਤਮਾ ਨੂੰ ਹੀ ਮਾਰ ਦੇਣਾ। ਟੂਲੀ ਬੋਲਿਆ,'ਤੈਨੂੰ ਮੈਂ ਇੱਕ ਹੋਰ ਗੱਲ ਦੱਸਣਾ ਚਾਹੁੰਦਾ ਹਾਂ, ਲੋਕਾਂ ਨੇ ਡੇਰੇ ਤੇ ਹਮਲਾ ਕਰਕੇ ਸਭ ਕੁਝ ਢਾਹ ਦਿੱਤਾ।' ਸਿੰਜਰ ਨੇ ਇੱਕ ਡੂੰਘੀ ਚੀਸ ਵੱਟੀ, ਧਰਵਾਸ ਲਈ ਪੁੱਛਣ ਲੱਗਾ, 'ਕੀ ਪਿੱਪਲੀ ਤੇ ਨਿੰਮ ਸਲਾਮਤ ਹਨ? 'ਹਾਂ ਦਰਖ਼ਤ ਤਾਂ ਸਲਾਮਤ ਹਨ, ਉੱਧਰ ਦਾਦੀ ਸਾਰੇ ਪਿੰਡ ਨੂੰ ਗਾਲਾਂ ਕੱਢ ਰਹੀ ਹੈ, ਉਹ ਤਾਂ ਇਹ ਵੀ ਕਹਿੰਦੀ ਹੈ, ਸਿੰਜਰ ਦੀ ਫੋਟੋ ਨੂੰ ਸਜਦਾ ਕਰੂੰਗੀ,'ਟੂਲੀ ਬੋਲਿਆ।

ਅਗਲੇ ਦਿਨ ਸਿੰਜਰ ਨੂੰ ਕਚਿਹਰੀ ਵਿੱਚ ਜੱਜ ਦੇ ਸਾਹਮਣੇ ਪੇਸ਼ ਕੀਤਾ ਗਿਆ। ਸਿੰਜਰ ਦੇ ਚੇਹਰੇ ਉੱਪਰ ਕੋਈ ਮਾਯੂਸੀ ਨਹੀਂ ਸੀ। ਉਹ ਹੱਸਦਾ ਹੋਇਆ ਜੱਜ ਦੇ ਕਮਰੇ ਵਿੱਚ ਪੇਸ਼ ਹੋਇਆ। ਉਸ ਵੇਲੇ ਉਸਦੀ ਖੁਸ਼ੀ ਦਾ ਠਿਕਾਣਾ ਨਾ ਰਿਹਾ, ਜਦੋਂ ਆਪਣੇ ਸਾਹਮਣੇ ਜੱਜ ਵਾਲੀ ਕੁਰਸੀ ਤੇ ਲੱਲ ਦੀਦ ਨੂੰ ਦੇਖਿਆ। ਵਕੀਲਾਂ ਨੇ ਆਪਣੀਆਂ ਦਲੀਲਾਂ ਦਿੱਤੀਆਂ, ਜਿਹੜੀਆਂ ਉਸਨੂੰ ਮੌਤ ਦੇ ਫੰਦੇ ਤੱਕ ਲੈ ਕੇ ਜਾਂਦੀਆਂ ਸਨ। ਉੱਧਰੋਂ ਸਿੰਜਰ ਨੇ ਵੀ ਸਾਰੀ ਗੱਲ ਸੱਚ ਦੁਹਰਾ ਦਿੱਤੀ। ਭਰੇ ਮਨ ਨਾ਼ਲ ਲੱਲ ਦੀਦ ਜੱਜ ਸਾਹਿਬਾਂ ਸਿੰਜਰ ਵੱਲ ਮੂੰਹ ਕਰਕੇ ਬੋਲੀ, 'ਤੇਰੀ ਕੋਈ ਆਖਰੀ ਇੱਛਾ ਹੋਵੇ ਤਾਂ ਦੱਸ ਸਕਦਾ ਹੈਂ'। ਸਿੰਜਰ ਬੋਲਿਆ, ਬੱਸ ਇੱਕੋ ਹੀ ਆਖਰੀ ਇੱਛਾ ਹੈ, ਡੇਰੇ ਦੇ ਪੂਜ ਸਥਲ ਨੂੰ ਛੱਡ ਕੇ ਬਾਕੀ ਦੋ ਕਿੱਲੇ ਜਮੀਨ ਪ੍ਰਧਾਨ ਹੋਣ ਦੇ ਨਾਅਤੇ ਮੈਂ ਸਰਕਾਰੀ ਸਕੂਲ ਬਣਾਉਣ ਲਈ ਦੇ ਰਿਹਾ ਹਾਂ। ਤਾਂਕਿ ਮੇਰੇ ਪਿਆਰੇ ਵਿਦਿਆਰਥੀਆਂ ਦੀ ਪੜ੍ਹਾਈ ਖ਼ਤਮ ਨਾ ਹੋਵੇ, ਬੱਸ ਮੇਰੀ ਇਸ ਇੱਛਾ ਨੂੰ ਪੂਰਨ ਕਰਵਾ ਦੇਣਾ। ਜੱਜ ਸਾਹਿਬਾ ਨੇ ਸਿੰਜਰ ਦੀ ਆਖਰੀ ਇੱਛਾ ਨੂੰ ਫੈਸਲੇ ਦਾ ਭਾਗ ਬਣਾਕੇ ਉਸ ਵਿੱਚ ਸ਼ਾਮਲ ਕਰ ਦਿੱਤਾ, ਅਗਲੇ ਢਾਈ ਅੱਖਰ ਲਿਖਣ ਲੱਗਿਆਂ ਸਾਰੇ ਸ਼ਰੀਰ ਵਿੱਚ ਤਰਥੱਲੀ ਮੱਚ ਗਈ, ਪੈਨ ਨੂੰ ਇੰਨੀ ਜੋਰ ਨਾ਼ਲ ਗੱਡ ਦਿੱਤਾ ਕਿ ਸਿੱਧੇ ਮੇਜ਼ ਵਿੱਚ ਗੁੜ ਗਿਆ।

ਜਦੋਂ ਟਰੰਕੀ ਵਾਲੇ ਅਖ਼ਬਾਰ ਨੂੰ ਧਿਆਨ ਨਾ਼ਲ ਪੜਿਆ ਤਾਂ ਲੱਲ ਦੀਦ ਵੱਲੋਂ ਛਪੀ ਖ਼ਬਰ ਵਿੱਚ ਦਰਜ ਸੀ, ਜਦੋਂ ਸਿੰਜਰ ਮੇਰੇ ਮੂਹਰੇ ਖੜ੍ਹਾ ਇਨਸਾਫ ਨੂੰ ਤਲਾਸ਼ ਰਿਹਾ ਸੀ, ਪਰ ਮੈਂ ਕਾਨੂੰਨ ਦਾ ਸਾਹਮਣਾ ਨਾ ਕਰ ਸਕੀ ਅਤੇ ਕਰ ਦਿੱਤਾ ਆਪਣੀ ਆਤਮਾ ਨੂੰ ਕਾਨੂੰਨ ਦੇ ਹਵਾਲੇ। ਅੱਜ ਮੈਂ ਸੋਚ ਰਹੀ ਹਾਂ ਸਿੰਜਰ ਦੇ ਇਸੇ ਸੱਚ ਕਾਰਨ ਤਾਂ ਮੈਂ ਜੱਜ ਬਣੀ ਸੀ। ਜਦੋਂ ਮੈਂ ਜੱਜ ਬਣ ਕੇ ਪਿੰਡ ਗਈ ਸਾਂ, ਤਾਂ ਲੋਕਾਂ ਨੇ ਮੈਨੂੰ ਹਾਰਾਂ ਨਾ਼ਲ ਭਰ ਦਿੱਤਾ ਸੀ। ਹੁਣ ਜਦੋਂ ਫੈਸਲਾ ਸੁਣਾਉਣ ਤੋਂ ਬਾਅਦ ਪਿੰਡ ਗਈ ਤਾਂ ਦਾਦੀ ਨੇ ਘਰ ਨਹੀਂ ਵਾੜਿਆ, ਪਤਾ ਨਹੀਂ ਮੇਰੀ ਆਤਮਾ ਵਿਲੇਨ ਹੈ ਜਾਂ ਫਿਰ ਇਹ ਕਾਨੂੰਨ।' ਸਿੰਜਰ, ਮੇਰਾ ਪਹਿਲਾ ਅਧਿਆਪਕ, ਮੇਰਾ ਸਿਰਜਕ, ਮੇਰੀ ਜਿੰਦਗੀ ਦੀ ਕਹਾਣੀ ਦਾ ਨਾਇਕ ਬਣ ਗਿਆ, ਪਰ ਇਸ ਕਹਾਣੀ ਵਿੱਚ ਮੇਰੀ ਥਾਂ ਕੀ ਹੈ? ਮੈਨੂੰ ਲੱਗਦਾ ਸਾਰੀ ਜਿੰਦਗੀ ਨਿਕਲ ਜਾਣੀ ਹੈ ਇਸ ਤਲਾਸ਼ ਵਿੱਚ।

## ਦਿਲਾਂ ਦੇ ਐਕਸੀਡੈਂਟ

ਤੇਰੇ ਤੋਂ ਮੈਂ ਪਾਸਾ ਵੱਟਾ, ਇਹ ਹੋ ਨਈ ਸਕਦਾ
ਤੈਨੂੰ ਛੱਜ ਵਿੱਚ ਪਾ ਕੇ ਛੱਟਾ, ਇਹ ਹੋ ਨਈ ਸਕਦਾ

ਪਿਆਰ ਦਾ ਬੂਟਾ ਦਿਲ ਵਿੱਚ ਲਾ ਕੇ ਸੱਜਣਾ ਵੇ,
ਅਪਣੇ ਹੱਥੀ ਆਪੇ ਪੱਟਾਂ, ਇਹ ਹੋ ਨਈ ਸਕਦਾ

ਰੰਗ ਪਿਆਰ ਦਾ ਜਦ ਕਿਸੇ ਤੇ ਚੜਦਾ ਹੈ
ਮੱਥੇ ਤੇ ਨਾਂ ਲਮਕਣ ਲੱਟਾਂ, ਇਹ ਹੋ ਨਈ ਸਕਦਾ

ਪਾਕਿਸਤਾਨ ਤੇ ਹਿੰਦੁਸਤਾਨ ਦੇ ਵਾਂਗੂ ਮੈ
ਅਪਣੇ ਪਿਆਰ ਚ ਪਾਵਾ ਵੱਟਾ, ਇਹ ਹੋ ਨਈ ਸਕਦਾ

ੳ ਕਿਹੜਾ ਪਲ ਹੈ,ਜੋ ਤੇਰੀ ਯਾਦ ਲਿਉਂਦਾ ਨਹੀ
ਬਿੰਨ ਯਾਦ ਦੇ ਰਾਤਾਂ ਕੱਟਾ, ਇਹ ਹੋ ਨਈ ਸਕਦਾ

ਗੁਲਾਮੀਵਾਲਿਆ ਦਿਲਾਂ ਦੇ ਐਕਸੀਡੇਟ ਤੇ
ਪਿਆਰ ਦੀਆਂ ਨਾਂ ਲੱਗਣ ਸੱਟਾਂ, ਇਹ ਹੋ ਨਈ ਸਕਦਾ

**ਬੂਟਾ ਗੁਲਾਮੀਵਾਲਾ**
91-94171-97395

## ਲਿਖਤਾਂ

ਜੋ ਲਿਖਤਾਂ ਮੇਰੀਆਂ ਪੜ੍ਹਦੇ ਨੇ,
ਮੇਰੇ ਅੰਦਰ ਤੀਕ ਜਾ ਵੜ੍ਹਦੇ ਨੇ ।

ਇਹ ਝੂਠ ਨਹੀਂ ਨਿਰਾ ਸੱਚ ਹੈ,
ਕਈਆਂ ਦੇ ਕਮੈਂਟ ਆ ਖੜ੍ਹਦੇ ਨੇ ।

ਮੇਰੇ ਖਿਆਲਾਂ ਦੀ ਬੁਣਤੀ ਉਦੇੜਦੇ ਨੇ,
ਮੇਰੇ ਅੰਦਰ ਹਰਫ਼ ਆ ਵੜਦੇ ਨੇ ।

ਕਈ ਆਖਣ ਇਹ ਸ਼ਬਦ ਮੇਰੇ ਤੇ ਹੀ ਜੁੜਦੇ ਨੇ,
ਸਾਰਾ ਸਿਹਰਾ ਨਾਚੀਜ਼ ਦੇ ਸਿਰ ਮੜਦੇ ਨੇ ।

ਰੋਜ਼ ਸ਼ਬਦ ਮੇਰੇ ਨਾਲ ਲੜਦੇ ਨੇ,
ਮੇਰੀਆਂ ਲਿਖ਼ਤਾਂ ਆ ਘੜ੍ਹਦੇ ਨੇ ।

ਜਿਹੜੇ ਕਲਮ ਨੂੰ ਸਲਾਮਾਂ ਕਰਦੇ ਨੇ,
ਉਹ ਚੁੱਲ੍ਹੇ 'ਤੇ ਦੁੱਧ ਨੂੰ ਦੇਖ ਰਹੇ ਕੜ੍ਹਦੇ ਨੇ ।

ਕਈ ਹੂਕ ਦਿਲਾਂ ਦੀ ਦੱਸਦੇ ਨੇ,
ਗੁਲਾਬਾਂ ਦੀ ਮਹਿਕ ਨੂੰ ਆ ਫੜਦੇ ਨੇ ।

ਕਈ ਮੁਬਾਰਕਾਂ ਦਾ ਸਿਲਸਿਲਾ ਜਾਰੀ ਰੱਖਦੇ ਨੇ,
ਕਹਿੰਦੇ ਲੇਖਕ ਦੇ ਮਨੋਭਾਵ ਪੱਤਿਆਂ ਵਾਂਗ ਝੜਦੇ ਨੇ ।

ਕਈ ਨਵੀਂ ਰਚਨਾ ਦੀ ਉਡੀਕ ਕਰਦੇ ਨੇ,
ਕਈ ਅੰਦਰੋਂ-ਅੰਦਰੀਂ ਸੜ੍ਹਦੇ ਨੇ ।

ਕਿੰਨੇ ਦਿਨ ਪੜ੍ਹਿਆ ਹੋ ਗਏ ਸੀ ਤੁਹਾਨੂੰ,
ਕਈ ਛਪੀ ਰਚਨਾ ਬਾਰੇ ਵੀ ਦੱਸਦੇ ਨੇ ।

ਕਈ ਪਾਠਕ ਮੇਰੇ ਪੱਕੇ ਨੇ,
ਜੋ ਰੂਹਾਂ ਦੇ ਸੱਚੇ ਨੇ ।

ਮੈਂ ਸ਼ੁਕਰਗੁਜਾਰ ਸਭ ਦੀ ਹਾਂ,
ਜੋ ਮੇਰੇ ਸਫ਼ਰ 'ਚ ਛੱਤਰੀ ਤਾਣ ਖੜ੍ਹਦੇ ਨੇ ।

ਕਈ ''ਬਲਜਿੰਦਰ'' ਨੂੰ ਮਿਲਣਾ ਚਾਹੁੰਦੇ ਨੇ,
ਜਿਹੜੇ ਮੇਰੇ ਕਲਮਬੱਧ ਨਜ਼ਮਾਂ ਨੂੰ ਪੜ੍ਹਦੇ ਨੇ ।

ਜੋ ਲਿਖਤਾਂ ਮੇਰੀਆਂ ਪੜ੍ਹਦੇ ਨੇ,
ਮੇਰੇ ਅੰਦਰ ਤੀਕ ਜਾ ਵੜ੍ਹਦੇ ਨੇ ।

**ਬਲਜਿੰਦਰ ਕੌਰ ਸ਼ੇਰਗਿੱਲ**
91-98785-19278



# SUKHRAJ SINGH CHOPRA PASSED AWAY

## A LEGENDARY ERA COMES TO A CLOSE



As we all are aware, Mr. Sukhraj Singh Chopra, a legendary figure in our community, left for his heavenly abode on January 13th, 2023 after a brief illness, sending waves of shock, grief and sadness among all. The whole community is still reeling under the impact of this great loss not only to the family but to the entire community.

Mr. Chopra was endowed with a rare and an inborn quality of donating his hard earned money, helping in the construction of buildings and in other projects for our Guru Ghars (Sri Guru Ravidass Temples). He was well known in our community for his philanthropic and charitable work for all our Sri Guru Ravidass Temples in USA as well as Canada.

I (O. P. Balley), very well, remember that on June 2nd. 1985, he, being the highest donor with $25,000.00, had earned a distinguished honor of performing the opening ceremony of SRI GURU RAVIDASS TEMPLE, Pittsburg, California.

Besides being a generous donor Mr.Chopra was always in the forefront alongwith other founder members for fund collection drives for Guru Ghars (Sri Guru Ravidass Temples).

A brief life sketch of Mr. Sukhraj Chopra reveals that he was among the pioneers who migrated from Fiji Islands to USA in late 1960's, carrying with them the cultural and family heritage learnt from their forefathers, kept them attached to their roots and influenced with the godly teachings of Dhan Dhan Sri Guru Ravidass Ji and Dhan Dhan Sri Guru Granth Saheb Ji.

His late wife Mrs. Roshni Chopra who was also blessed with a generous mind always stood by her husband in his lofty ideals and endeavors for the welfare of the community. Mr. Chopra has left behind a vacuum which can never be filled but his profound and rich legacy will remain as a lasting inspiration for the future generations for years and years to come.

LIFE IS SO UNCERTAIN." Human body in flesh and bones is subject to extinction sooner or later, but immortality of soul is eternal".

Shalok Gurbani:-" KAHO NANAK THIR KUCCH NAHEE SUPNE JIO SANSAR" (Says Nanak, Nothing lasts for ever;the world is like a dream.)

On behalf of "Ambedkar Times" and "Desh Doaba" (Weeklies), we offer our heart-felt condolences and sympathies to the bereaved family with prayers for peace and tranquility of the departed soul and solace and strength to bear this irreparable loss during this difficult time.

"NANAK NAM CHARDI KALA
TERE BHANE SARBAT DA BHALA"

**P. K. Chumber** **O. P. Balley**

# ਅਜ਼ਾਦੀ ਘੁਲਾਟੀਏ ਗਦਰ ਲਹਿਰ ਅਤੇ ਆਦਿ ਧਰਮ ਆਗੂ ਬਾਬੂ ਮੰਗੂ ਰਾਮ ਮੂਗੋਵਾਲੀਆ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ



ਕੁਲਦੀਪ ਚੰਦ
91-9417563054

ਸਾਡੇ ਦੇਸ਼ ਦੀ ਸਮਾਜਿਕ ਬਣਤਰ ਅਤੇ ਮੰਨੂਵਾਦੀ ਕੁਪ੍ਰਥਾ ਕਾਰਨ ਸਮਾਜ ਜਾਤਿ ਅਧਾਰਿਤ ਵੱਖ ਵੱਖ ਵਰਗਾਂ ਵਿੱਚ ਵੰਡਿਆਂ ਰਿਹਾ ਹੈ ਅਤੇ ਸਮਾਜ ਦੇ ਕੁੱਝ ਵਰਗਾਂ ਵਿਸ਼ੇਸ਼ ਤੋਰ ਤੇ ਚੋਥੇ ਵਰਣ ਸ਼ੂਦਰਾਂ ਨੂੰ ਵਿਦੇਸ਼ੀ ਸ਼ਾਸ਼ਕਾਂ ਤੋਂ ਇਲਾਵਾ ਅਪਣੇ ਦੇਸ਼ ਦੇ ਲੋਕਾਂ ਦੀ ਗੁਲਾਮੀ ਦਾ ਵੀ ਸ਼ਿਕਾਰ ਰਹਿਣਾ ਪਿਆ ਹੈ। ਜਾਤ ਪਾਤ ਦੀ ਕੁਪ੍ਰਥਾ ਨੂੰ ਖਤਮ ਕਰਨ ਅਤੇ ਦੇਸ਼ ਵਾਸੀਆਂ ਨੂੰ ਬਰਾਬਰ ਦਾ ਦਰਜਾ ਦੇਣ ਲਈ ਸਮੇਂ ਸਮੇਂ ਤੇ ਕਈ ਸਮਾਜ ਸੁਧਰਾਕਾਂ ਨੇ ਅੰਦੋਲਨ ਚਲਾਏ ਹਨ ਜਿਨ੍ਹਾਂ ਵਿੱਚ ਇੱਕ ਨਾਮ ਬਾਬੂ ਮੰਗੂ ਰਾਮ ਮੂਗੋਵਾਲੀਆ ਦਾ ਹੈ ਜਿਨ੍ਹਾਂ ਨੇ ਸੰਘਰਸ਼ ਕੀਤਾ ਅਤੇ ਸਦੀਆਂ ਤੋਂ ਲਿਤਾੜ੍ਹੇ ਵਰਗਾਂ ਦੇ ਵਿਕਾਸ ਲਈ ਕੰਮ ਕੀਤਾ। ਬਾਬੂ ਮੰਗੂ ਰਾਮ ਮੂਗੋਵਾਲੀਆ ਦਾ ਜਨਮ 14 ਜਨਵਰੀ, 1886 ਨੂੰ ਪਿੰਡ ਮੂਗੋਵਾਲ ਤਹਿਸੀਲ ਮਾਹਿਲਪੁਰ ਜਿਲ੍ਹਾ ਹੁਸ਼ਿਆਰਪੁਰ ਵਿੱਚ ਇੱਕ ਅਛੂਤ ਪਰਿਵਾਰ ਵਿੱਚ ਮਾਤਾ ਅਤਰੀ ਅਤੇ ਪਿਤਾ ਹਰਨਾਮ ਦਾਸ ਦੇ ਘਰ ਹੋਇਆ। ਆਪ ਦੇ ਪਿਤਾ ਚਮੜੇ ਦੇ ਧੰਦੇ ਨਾਲ ਜੁੜ੍ਹੇ ਹੋਏ ਸਨ ਅਤੇ ਚਮੜੇ ਦੇ ਵਪਾਰ ਸਬੰਧੀ ਅੰਗਰੇਜੀ ਵਿੱਚ ਆਏ ਆਰਡਰਾਂ ਨੂੰ ਪੜ੍ਹਣ ਲਈ ਉੱਚ ਜਾਤੀ ਦੇ ਪੜ੍ਹੇ ਲਿਖੇ ਵਿਅਕਤੀਆਂ ਤੋਂ ਮੱਦਦ ਲੈਣੀ ਪੈਂਦੀ ਸੀ। ਆਪ ਦੇ ਪਿਤਾ ਚਾਹੁੰਦੇ ਸਨ ਕਿ ਉਨ੍ਹਾਂ ਦੇ ਬੱਚੇ ਆਤਮ ਨਿਰਭਰ ਬਣਨ ਲਈ ਜਰੂਰੀ ਵਿੱਦਿਆ ਪ੍ਰਾਪਤ ਕਰਨ। ਆਪ ਦੀ ਉਮਰ ਲੱਗਭੱਗ ਤਿੰਨ ਸਾਲ ਦੀ ਸੀ ਜਦੋਂ ਮਾਤਾ ਦੀ ਮੋਤ ਹੋ ਗਈ। ਆਪ ਨੇ ਜਾਤ ਅਧਾਰਿਤ ਵਿੱਤਕਰੇ ਨੂੰ ਅਪਣੇ ਅੱਖੀਂ ਵੇਖਿਆ ਅਤੇ ਪਿੰਡੇ ਤੇ ਹੰਢਾਇਆ। ਆਪ ਨੇ ਪੰਜਾਬੀ ਦੀ ਸਿੱਖਿਆ ਅਪਣੇ ਪਿੰਡ ਵਿੱਚ ਹੀ ਇੱਕ ਡੇਰੇ ਦੇ ਸਾਧੂ ਤੋਂ ਪ੍ਰਾਪਤ ਕੀਤੀ ਅਤੇ ਬਾਦ ਵਿੱਚ ਬਜਵਾੜਾ ਸਕੂਲ ਅਤੇ ਦੇਹਰਾਦੂਨ ਵਿੱਚ ਪੜੇ ਅਤੇ ਅੰਗਰੇਜੀ ਵਿੱਚ ਗਿਆਨ ਹਾਸਲ ਕੀਤਾ। ਬਾਬੂ ਜੀ ਬਹੁਤੇ ਸਕੂਲਾਂ ਵਿੱਚ ਦਾਖਲ ਹੋਣ ਵਾਲੇ ਪਹਿਲੇ ਅਛੂਤ ਵਿਦਿਆਰਥੀ ਸਨ ਅਤੇ ਉਨ੍ਹਾਂ ਨੂੰ ਕਈ ਵਾਰ ਕਲਾਸ ਦੇ ਕਮਰੇ ਤੋਂ ਬਾਹਰ ਬੈਠਕੇ ਹੀ ਪੜ੍ਹਣਾ ਪੈਂਦਾ ਸੀ। ਇੱਕ ਦਿਨ ਜਦੋਂ ਭਾਰੀ ਬਾਰਸ਼ ਅਤੇ ਤੁਫਾਨ ਕਾਰਨ ਕਲਾਸ ਅੰਦਰ ਚਲੇ ਗਏ ਤਾਂ ਸਕੂਲ ਵਿੱਚ ਹਾਜ਼ਰ ਮੰਨੂਵਾਦੀ ਮਾਨਸਿਕਤਾ ਵਾਲੇ ਅਧਿਆਪਕ ਨੇ ਆਪ ਦੀ ਬੇਰਹਿਮੀ ਨਾਲ ਕੁਟਾਈ ਕੀਤੀ ਅਤੇ ਕਲਾਸ ਦਾ ਸਾਰਾ ਫਰਨੀਚਰ ਬਾਹਰ ਸੁਟਵਾ ਦਿਤਾ। ਇਸ ਘਟਨਾ ਨੇ ਬਾਬੂ ਜੀ ਦੇ ਮਨ ਤੇ ਭਾਰੀ ਅਸਰ ਕੀਤਾ। ਆਪ ਪ੍ਰਾਇਮਰੀ ਕਲਾਸ ਵਿੱਚ ਤੀਜੇ ਨੰਬਰ ਤੇ ਰਹੇ। ਇਸ ਪੜ੍ਹਾਈ ਤੋਂ ਬਾਦ ਜਿੱਥੇ ਉੱਚ ਜਾਤਿ ਦੇ ਵਿਦਿਆਰਥੀਆਂ ਨੂੰ ਅੱਗੇ ਪੜ੍ਹਣ ਅਤੇ ਪਟਵਾਰੀ ਬਣਨ ਲਈ ਉਤਸ਼ਾਹਿਤ ਕੀਤਾ ਗਿਆ ਉੱਥੇ ਹੀ ਬਾਬੂ ਜੀ ਨੂੰ ਸਕੂਲ ਛੱਡਣ ਅਤੇ ਪਿਤਾ ਨਾਲ ਚਮੜੇ ਦਾ ਕੰਮ ਕਰਨ ਲਈ ਕਿਹਾ ਗਿਆ। 1905 ਵਿੱਚ ਆਪ ਦਾ ਵਿਆਹ ਹੋ ਗਿਆ। ਬਾਬੂ ਜੀ 1909 ਵਿੱਚ ਯੂ ਐਸ ਏ ਚਲੇ ਗਏ। ਇੱਥੇ ਬਾਬੂ ਜੀ ਨੇ ਕੁੱਝ ਸਾਲ ਪਿੰਡ ਦੇ ਜਿਮੀਂਦਾਰਾਂ ਕੋਲ ਖੇਤਾਂ ਵਿੱਚ ਹੀ ਕੰਮ ਕੀਤਾ ਪਰ ਇੱਥੇ ਵੀ ਜਾਤ ਅਧਾਰਤ ਵਿਤਕਰੇ ਦਾ ਹੀ ਸਾਹਮਣਾ ਕਰਨਾ ਪਿਆ। ਇਸ ਦੌਰਾਨ ਆਪ ਅਜ਼ਾਦੀ ਦੀ ਲੜ੍ਹਾਈ ਲਈ ਗਦਰ ਲਹਿਰ ਦੇ ਆਗੂਆਂ ਲਾਲਾ ਹਰਦਿਆਲ ਅਤੇ ਸੋਹਣ ਸਿੰਘ ਭਕਨਾ ਦੇ ਸੰਪਰਕ ਵਿੱਚ ਆ ਗਏ ਅਤੇ ਗਦਰ ਲਹਿਰ ਲਈ ਕੰਮ ਕਰਨਾ ਸ਼ੁਰੂ ਕਰ ਦਿਤਾ। ਗਦਰ ਲਹਿਰ ਵਲੋਂ ਇੱਕ ਬਹੁਤ ਹੀ ਖਤਰਨਾਕ ਮਿਸ਼ਨ ਉਲੀਕਿਆ ਗਿਆ ਜਿਸ ਵਿੱਚ ਅਜ਼ਾਦੀ ਦੀ ਲੜਾਈ ਲਈ ਹਥਿਆਰਾਂ ਦਾ ਇੱਕ ਜ਼ਹਾਜ ਸਮੁੰਦਰ ਰਸਤੇ ਭਾਰਤ ਲਿਜਾਉਣਾ ਸੀ ਜਿਸਦੀ ਮੁੱਖ ਜਿੰਮੇਵਾਰੀ ਬਾਬੂ ਜੀ ਨੂੰ ਦਿੱਤੀ ਗਈ ਪਰ ਇਸਦੀ ਖਬਰ ਪਹਿਲਾਂ ਹੀ ਬਰਤਾਨੀਆ ਸਰਕਾਰ ਨੂੰ ਲੱਗ ਗਈ ਅਤੇ ਇਸਦੀ ਜਾਸੂਸੀ ਸ਼ੁਰੂ ਕਰ ਦਿਤੀ। ਇਹ ਮਿਸ਼ਨ ਜੋਕਿ 1915 ਵਿੱਚ ਚੱਲਿਆ ਅਤੇ ਜਿਸਨੂੰ ਗਦਰ ਲਹਿਰ ਦੇ ਪੰਜ ਆਗੂ ਲੈਕੇ ਆ ਰਹੇ ਸਨ ਬਰਤਾਨੀਆਂ ਸਰਕਾਰ ਨੇ ਸਮੁੰਦਰ ਵਿੱਚ ਤੋਪਾਂ ਨਾਲ ਉਡਾ ਦਿਤਾ। ਬਾਬੂ ਜੀ ਕਿਸੇ ਤਰੀਕੇ ਨਾਲ ਬਚ ਗਏ ਅਤੇ ਇਸਤੋਂ ਬਾਦ ਫਿਲਪਾਈਨ (ਮਨੀਲਾ), ਸ਼੍ਰੀ ਲੰਕਾ ਹੁੰਦੇ ਹੋਏ ਆਖਰ ਸੋਲ੍ਹਾਂ ਸਾਲ ਬਾਅਦ 1925 ਵਿੱਚ ਭਾਰਤ ਆ ਪਹੁੰਚੇ। ਇਸ ਦੌਰਾਨ ਬਾਬੂ ਜੀ ਦੀ ਕੋਈ ਵੀ ਖਬਰ ਨਾਂ ਮਿਲਣ ਕਾਰਨ ਪਰਿਵਾਰ ਨੇ ਬਾਬੂ ਜੀ ਨੂੰ ਮਰਿਆ ਮੰਨਕੇ ਉਨ੍ਹਾ ਦੀ ਪਤਨੀ ਨੂੰ ਦੂਜੇ ਭਰਾ ਨਾਲ ਵਿਆਹ ਦਿਤਾ ਸੀ। ਬਾਬੂ ਜੀ ਨੇ ਪੰਜਾਬ ਵਿੱਚ ਆਕੇ ਵੇਖਿਆ ਕਿ ਦੇਸ਼ ਨੂੰ ਅੰਗਰੇਜਾਂ ਤੋਂ ਅਜ਼ਾਦ ਕਰਵਾਉਣ ਲਈ ਲੜਾਈ ਲੜੀ ਜਾ ਰਹੀ ਹੈ ਪਰੰਤੂ ਸਦੀਆਂ ਤੋਂ ਗੁਲਾਮ ਅਛੂਤਾਂ ਦੇ ਵਿਕਾਸ ਅਤੇ ਅਜ਼ਾਦੀ ਲਈ ਕੋਈ ਕੁੱਝ ਨਹੀਂ ਕਰ ਰਿਹਾ ਹੈ। ਉਸ ਸਮੇਂ ਦਲਿਤਾਂ ਦੀ ਕੋਈ ਵੀ ਆਪਣੀ ਪਹਿਚਾਣ ਨਹੀਂ ਸੀ। 1925 ਦੇ ਅੰਤ ਵਿੱਚ ਬਾਬੂ ਜੀ ਨੇ ਪਿੰਡ ਵਿੱਚ ਇਨ੍ਹਾਂ ਲਿਤਾੜ੍ਹੇ ਵਰਗ ਦੇ ਬੱਚਿਆਂ ਨੂੰ ਸਿੱਖਿਆ ਦੇਣ ਲਈ ਪਹਿਲਾ ਆਦਿ ਧਰਮ ਪ੍ਰਾਇਮਰੀ ਸਕੂਲ ਖੋਲਿਆ ਅਤੇ ਬੱਚਿਆਂ ਨੂੰ ਪੜਾਉਣਾ ਸ਼ੁਰੂ ਕਰ ਦਿਤਾ। ਬਾਬੂ ਮੰਗੂ ਰਾਮ ਦੀ ਅਗਵਾਈ ਵਿੱਚ 11-12 ਜੂਨ 1926 ਨੂੰ ਪਿੰਡ ਮੂਗੋਵਾਲ ਵਿੱਚ ਦੇਸ਼ ਦੇ ਵੱਖ ਵੱਖ ਭਾਗਾਂ ਪੰਜਾਬ, ਰਾਜਸਥਾਨ, ਉੱਤਰ ਪ੍ਰਦੇਸ, ਦਿੱਲੀ, ਕਲਕੱਤਾ ਆਦਿ ਤੋਂ 36 ਜਾਤਾਂ ਦੇ ਹਜਾਰਾਂ ਲੋਕਾਂ ਜਿਨ੍ਹਾਂ ਨੂੰ ਅਛੂਤ ਮੰਨਿਆਂ ਜਾਂਦਾ ਸੀ ਦਾ ਭਾਰੀ ਇਕੱਠ ਹੋਇਆ ਅਤੇ ਘੋਸ਼ਣਾ ਕੀਤੀ ਗਈ ਕਿ ਇਨ੍ਹਾਂ ਜਾਤਾਂ ਨਾਲ ਸਬੰਧਿਤ ਲੋਕ ਆਦਿ ਧਰਮ ਅਪਣਾਉਣਗੇ। ਇਸ ਕਾਨਫਰੰਸ ਨੂੰ ਰੋਕਣ ਲਈ ਕੁੱਝ ਆਰਿਆ ਸਮਾਜੀ ਆਗੂਆਂ ਅਤੇ ਇਲਾਕੇ ਦੇ ਜਾਤ ਦੇ ਹੰਕਾਰੀ ਲੋਕਾਂ ਨੇ ਲੜਾਈ ਝਗੜਾ ਕੀਤਾ ਪਰ ਬਾਬੂ ਮੰਗੂ ਰਾਮ ਦੀ ਦੂਰ ਅੰਦੇਸ਼ੀ ਨਾਲ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਨੇ ਇਸ ਕਾਨਫਰੰਸ ਨੂੰ ਨਿਰਵਿਘਨ ਚਲਾਉਣ ਲਈ 03 ਠਾਣੇਦਾਰ ਅਤੇ 12 ਸਿਪਾਹੀ ਸੁਰੱਖਿਆ ਲਈ ਲਗਾ ਦਿੱਤੇ। ਕਾਨਫਰੰਸ ਵਿੱਚ ਗੜਬੜ ਕਰਨ ਵਾਲੇ ਆਰਿਆ ਸਮਾਜੀ ਆਗੂ ਸਵਾਮੀ ਅਛੂਤਾ ਨੰਦ ਅਤੇ ਇਲਾਕੇ ਦੇ ਜੈਲਦਾਰ ਪੂੰਨੂ ਰਾਮ ਨੂੰ ਮੁਆਫੀ ਮੰਗਣੀ ਪਈ। ਇਸ ਦਾ ਪਹਿਲਾ ਪ੍ਰਧਾਨ ਸਰਬ ਸੰਮਤੀ ਨਾਲ ਬਾਬੂ ਮੰਗੂ ਰਾਮ ਨੂੰ ਬਣਾਇਆ ਗਿਆ ਅਤੇ ਪ੍ਰਬੰਧਕ ਕਮੇਟੀ ਮੈਂਬਰਾਂ ਹਜ਼ਾਰਾ ਰਾਮ ਪਿਪਲਾਂਵਾਲਾ, ਪੰਡਤ ਹਰੀਰਾਮ, ਸੰਤ ਰਾਮ, ਰਾਮ ਚੰਦ, ਹਰਦਿੱਤ ਮੱਲ, ਰੇਸ਼ਮ ਲਾਲ ਬਾਲਮੀਕਿ, ਬਿਹਾਰੀ ਲਾਲ, ਰਾਮ ਸਿੰਘ, ਚਮਨ ਰਾਮ ਆਦਿ ਦੀ ਚੋਣ ਕੀਤੀ ਗਈ। 1927 ਵਿੱਚ ਆਦਿ ਡੰਕਾ ਨਾਂ ਦਾ ਸਪਤਾਹਿਕ ਅਖਬਾਰ ਸ਼ੁਰੂ ਕੀਤਾ ਗਿਆ ਅਤੇ 1928 ਵਿੱਚ ਇਹ ਉਰਦੂ ਵਿੱਚ ਵੀ ਚਲਾਇਆ ਗਿਆ ਅਤੇ ਆਦਿ ਧਰਮ ਜਾਗਰੁਕਤਾ ਮੁਹਿੰਮ ਸ਼ੁਰੂ ਕੀਤੀ ਗਈ। ਨਵੰਬਰ 1926 ਵਿੱਚ ਜਲੰਧਰ ਵਿੱਚ ਆਦਿ ਧਰਮ ਦਾ ਪਹਿਲਾ ਦਫਤਰ ਖੋਲਿਆ ਗਿਆ ਅਤੇ ਬਾਬੂ ਜੀ ਜਲੰਧਰ ਰਹਿਣ ਲੱਗ




ਪਏ ਜਿੱਥੇ ਉਹ 1940 ਤੱਕ ਰਹੇ ਅਤੇ ਆਦਿ ਧਰਮ ਅਤੇ ਅਛੂਤਾਂ ਦੀ ਭਲਾਈ ਲਈ ਕੰਮ ਕੀਤਾ। ਬਰਤਾਨੀਆ ਸਰਕਾਰ ਨੇ ਭਾਰਤ ਵਿੱਚ ਅਛੂਤਾਂ ਦੀ ਸਥਿਤੀ ਦਾ ਜਾਇਜਾ ਲੈਣ ਲਈ ਸਰ ਜੋਹਨ ਸਾਇਮਨ ਦੀ ਅਗਵਾਈ ਵਿੱਚ ਇੱਕ ਕਮਿਸ਼ਨ ਨਿਯੁਕਤ ਕੀਤਾ ਜਿਸਨੂੰ ਸਾਇਮਨ ਕਮਿਸ਼ਨ ਕਿਹਾ ਜਾਂਦਾ ਹੈ। ਕਈ ਆਗੂਆਂ ਨੇ ਲਾਲਾ ਲਾਜਪਤ ਰਾਏ ਦੀ ਅਗਵਾਈ ਵਿੱਚ ਇਸ ਕਮਿਸ਼ਨ ਦਾ ਵਿਰੋਧ ਕੀਤਾ ਸੀ। ਬਾਬੂ ਮੰਗੂ ਰਾਮ ਨੇ ਅਪਣੇ ਸੈਂਕੜੇ ਸਾਥੀਆਂ ਨਾਲ ਸਾਇਮਨ ਕਮਿਸ਼ਨ ਅੱਗੇ ਅਪਣਾ ਪੱਖ ਪੇਸ਼ ਕਰਦਿਆਂ ਕਿਹਾ ਕਿ ਅਸੀਂ ਨਾਂ ਹਿੰਦੂ, ਨਾ ਮੁਸਲਿਮ, ਨਾਂ ਸਿੱਖ ਅਤੇ ਨਾ ਹੀ ਇਸਾਈ ਹਾਂ। ਉਨ੍ਹਾਂ ਸਬੂਤਾ ਸਮੇਤ ਦੱਸਿਆ ਕਿ ਉਹ ਆਦਿ ਧਰਮੀ ਹਨ ਜੋਕਿ ਕਿਸੇ ਵੇਲੇ ਇਸ ਦੇਸ਼ ਦੇ ਸ਼ਾਸ਼ਕ ਰਹੇ ਹਨ। ਆਦਿ ਧਰਮ ਆਗੂਆਂ ਦੇ ਸੰਘਰਸ਼ ਕਾਰਨ ਅਛੂਤਾਂ ਨੂੰ ਪੜ੍ਹਣ ਲਿਖਣ ਦੀਆਂ ਸਹੂਲਤਾਂ, ਵੋਟ ਦਾ ਅਧਿਕਾਰ ਪ੍ਰਾਪਤ ਹੋਇਆ, ਬੇਗਾਰ ਪ੍ਰਥਾ ਬੰਦ ਕਰਵਾਈ, ਫੌਜ ਅਤੇ ਪੁਲਿਸ ਵਿੱਚ ਭਰਤੀ ਸ਼ੁਰੂ ਹੋਈ, ਰਜਤਨਾਮੇ ਖਤਮ ਕਰਕੇ ਘਰਾਂ ਦੇ ਮਾਲਕ ਬਣਾਇਆ ਗਿਆ, 1900 ਵਿੱਚ ਬਣਿਆ ਇੰਤਕਾਲ ਇਰਾਜ਼ੀ ਐਕਟ ਜਿਸ ਅਨੁਸਾਰ ਸਿਰਫ 12 ਜਾਤਾਂ ਜਿਨ੍ਹਾਂ ਵਿੱਚ ਅਹੀਰ, ਅਰਾਈ, ਅਵਾਣ, ਗੁੱਜਰ, ਜੱਟ, ਕੰਬੋਜ, ਮੀਂਏ, ਪਠਾਣ, ਕਨੈਤ, ਰਾਜਪੂਤ, ਰਾਠੀ, ਸੈਣੀ ਹੀ ਜਮੀਨ ਖਰੀਦ ਸਕਦੇ ਸਨ ਖਤਮ ਕਰਵਾਇਆ ਜਿਸ ਨਾਲ ਗੈਰ ਮਾਰੂਸੀ ਲੋਕਾਂ ਨੂੰ ਵੀ ਜਾਇਦਾਦ ਖ੍ਰੀਦਣ ਦਾ ਅਧਿਕਾਰ ਮਿਲਿਆ। ਆਦਿ ਧਰਮ ਮੰਡਲ ਨੇ ਹਰੀਜਨ ਸ਼ਬਦ ਦੀ ਵਰਤੋਂ ਦਾ ਖੁੱਲਕੇ ਵਿਰੋਧ ਕੀਤਾ। 1930 ਵਿੱਚ ਗਵਰਨਰ ਪੰਜਾਬ ਨੇ ਆਰਡਰ ਜਾਰੀ ਕੀਤੇ ਕਿ ਆਦਿ ਧਰਮੀ ਲੜਕੇ ਲੜਕੀਆਂ ਜੋ ਦਸਵੀਂ ਪਾਸ ਹਨ ਨੂੰ ਅਧਿਆਪਕ ਦੀ ਸਿਖਲਾਈ ਦੇਣ ਲਈ ਸਪੈਸ਼ਲ ਕਲਾਸਾਂ ਸ਼ੁਰੂ ਕੀਤੀਆਂ ਜਾਣ। ਚੌਧਰੀ ਸਦਰੂਦੀਨ ਖਾਨ ਨੇ ਆਦਿ ਧਰਮ ਮੰਡਲ ਦੀ ਇਮਾਰਤ ਵਿੱਚ ਇਹ ਕਲਾਸਾਂ ਲਗਾਈਆਂ ਅਤੇ 80 ਵਿਅਕਤੀਆਂ ਨੂੰ ਜੇ ਬੀ ਟੀ ਦਾ ਕੌਰਸ ਕਰਵਾਕੇ ਮਾਸਟਰ ਬਣਾਇਆ ਗਿਆ। 26 ਫਰਵਰੀ 1930 ਨੂੰ ਆਦਿ ਧਰਮ ਰਜਿਸਟਰਡ ਹੋਇਆ ਅਤੇ 1931 ਵਿੱਚ ਹੋਈ ਭਾਰਤ ਵਿੱਚ ਜਨਗਣਨਾ ਵਿੱਚ ਪੰਜਾਬ ਦੀ ਕੁੱਲ ਅਬਾਦੀ ਲੱਗਭੱਗ 28491000 ਸੀ ਅਤੇ ਪਹਿਲੀ ਵਾਰ ਆਦਿ ਧਰਮ ਨੂੰ ਜੋੜ੍ਹਿਆ ਗਿਆ ਅਤੇ ਉਸ ਵੇਲੇ ਪੰਜਾਬ ਵਿੱਚ ਲੱਗਭੱਗ 418789 ਲੋਕਾਂ ਨੇ ਜੋਕਿ ਕੁੱਲ ਅਬਾਦੀ ਦਾ ਲੱਗਭੱਗ 1.5 ਫਿਸਦੀ ਸੀ ਨੇ ਅਪਣਾ ਧਰਮ ਆਦਿ ਧਰਮ ਲਿਖਾਇਆ ਸੀ। ਇਸ ਜਨਗਣਨਾ ਵੇਲੇ ਕਈ ਥਾਵਾਂ ਤੇ ਲੜਾਈ ਝਗੜੇ ਹੋਏ ਜਿਸ ਵਿੱਚ ਰਲਾ ਰਾਮ ਰਵਿਦਾਸੀਆ ਅਤੇ ਝਗੜੂ ਰਾਮ ਬਾਲਮਿਕੀ ਮਾਰੇ ਗਏ ਸਨ ਅਤੇ ਹੋਰ ਕਈ ਜਖਮੀ ਹੋਏ ਜਿਸ ਕਾਰਨ ਇਸਨੂੰ ਖੂਨੀ ਮਰਦਮਸ਼ੁਮਾਰੀ ਵੀ ਕਿਹਾ ਜਾਂਦਾ ਹੈ, ਕਈ ਥਾਵਾਂ ਤੇ ਅਛੂਤਾਂ ਨੂੰ ਜਬਰਦਸਤੀ ਹਿੰਦੂ ਅਤੇ ਸਿੱਖ ਲਿਖਿਆ ਗਿਆ। ਵਰਣਨਯੋਗ ਹੈ ਕਿ 1911 ਦੀ ਜਨਗਣਨਾ ਵੇਲੇ ਅਛੂਤਾਂ ਦੀ ਜਿਹੜੀ ਜਨਸੰਖਿਆ ਲੱਗਭੱਗ 28 ਲੱਖ ਸੀ ਉਹ 1931 ਵਿੱਚ ਘਟਾਕੇ ਲੱਗਭੱਗ 13 ਲੱਖ ਕਰ ਦਿੱਤੀ ਗਈ। 1930,31,32 ਵਿੱਚ ਲੰਡਨ ਵਿੱਚ ਹੋਈਆ ਗੋਲਮੇਜ਼ ਕਾਨਫਰੰਸਾ ਵਿੱਚ ਇਹ ਸਾਬਤ ਕਰਨ ਲਈ ਕਿ ਭਾਰਤੀ ਦਲਿਤਾਂ ਦੇ ਅਸਲੀ ਆਗੂ ਡਾਕਟਰ ਅੰਬੇਡਕਰ ਹਨ ਮੰਗੂ ਰਾਮ ਨੇ ਪੰਜਾਬ ਅਤੇ ਹੋਰ ਸੂਬਿਆਂ ਤੋਂ ਦਲਿਤ ਆਗੂਆਂ ਨੇ ਲੱਗਭੱਗ 57 ਤਾਰਾਂ ਲੰਡਨ ਭੇਜੀਆਂ ਜਿਸ ਕਾਰਨ ਅੰਬੇਡਕਰ ਨੂੰ ਅਛੂਤਾਂ ਦੀ ਪ੍ਰਤੀਨਿਧਤਾ ਕਰਨ ਦਾ ਅਧਿਕਾਰ ਮਿਲਿਆ। ਇਸਤੋਂ ਬਾਦ ਇੰਗਲੈਂਡ ਸਰਕਾਰ ਨੇ ਲੋਥੀਅਨ ਕਮੇਟੀ ਨੂੰ ਭਾਰਤ ਭੇਜਿਆ ਜਿਸ ਵਿੱਚ ਅੰਬੇਡਕਰ ਅਛੂਤਾਂ ਦਾ ਨੁਮਾਇਦਾ ਬਣਕੇ ਨਾਲ ਆਇਆ। ਇਹ ਕਮੇਟੀ ਜਦੋਂ ਲਹੌਰ ਆਈ ਤਾਂ ਆਦਿ ਧਰਮ ਮੰਡਲ ਦੇ ਆਗੂ ਲੱਗਭੱਗ 10 ਹਜਾਰ ਵਿਅਕਤੀਆਂ ਨਾਲ ਪਹੁੰਚੇ ਅਤੇ ਅਪਣੀਆਂ ਮੰਗਾਂ ਕਮੇਟੀ ਅੱਗੇ ਰੱਖੀਆਂ। ਇਸ ਮੌਕੇ ਕੁੱਝ ਆਰਿਆ ਸਮਾਜੀ ਆਗੂਆਂ ਨੇ ਅਛੂਤ ਗਦਾਰਾਂ ਦੀ ਮੱਦਦ ਨਾਲ ਆਦਿ ਧਰਮ ਮੰਡਲ ਦੀਆਂ ਮੰਗਾਂ ਦਾ ਵਿਰੋਧ ਕੀਤਾ ਪਰੰਤੂ ਮੀਟਿੰਗ ਹਾਲ ਤੋਂ ਬਾਹਰ ਬੈਠੇ ਹਜ਼ਾਰਾਂ ਵਿਅੱਕਤੀਆਂ ਨੇ ਜਦੋਂ ਇੱਕ-ਸੁਰ ਵਿੱਚ ਨਾਹਰੇ ਲਗਾਏ ਤਾਂ ਇਨ੍ਹਾਂ ਆਰਿਆ ਸਮਾਜੀ ਆਗੂਆਂ ਨੂੰ ਨਾਮੋਸ਼ੀ ਦਾ ਸਾਹਮਣਾ ਕਰਨਾ ਪਿਆ। ਆਦਿ ਧਰਮ ਮੰਡਲ ਆਗੂਆਂ ਨੇ ਮੰਗ ਰੱਖੀ ਕਿ ਸਾਡੀ ਗਿਣਤੀ ਅਤੇ ਵਸੋਂ ਦੇ ਹਿਸਾਬ ਨਾਲ ਅਲੱਗ ਰਿਜ਼ਰਵੇਸ਼ਨ ਦਿਤੀ ਜਾਵੇ। ਲਾਰਡ ਲੋਥੀਅਨ ਦੀ ਰਿਪੋਰਟ ਤੋਂ ਬਾਦ ਇੰਗਲੈਂਡ ਦੀ ਸਰਕਾਰ ਨੇ ਅਛੂਤਾਂ ਲਈ ਅਲੱਗ ਚੋਣ ਵਿਵਸਥਾ ਦੀ ਮੰਨਜ਼ੂਰੀ ਦੇ ਦਿਤੀ ਜਿਸਨੂੰ ਕਮਿਊਨਲ ਐਵਾਰਡ ਦਾ ਨਾਮ ਦਿਤਾ ਗਿਆ ਜੋਕਿ 17 ਅਗੱਸਤ 1932 ਨੂੰ ਛਾਪਿਆ ਗਿਆ। ਇਸ ਫੈਸਲੇ ਅਨੁਸਾਰ ਪਹਿਲੀ ਵਾਰ ਅਛੂਤਾਂ ਨੂੰ ਹਿੰਦੂਆਂ ਤੋਂ ਵੱਖਰੇ ਮੰਨਕੇ ਅਲੱਗ ਹੱਕ ਦਿੱਤੇ ਗਏ, ਅਛੂਤਾਂ ਨੂੰ ਰਾਖਵਾਂਕਰਣ ਦਿਤਾ ਗਿਆ, ਦੋਹਰੀ ਵੋਟ ਦਾ ਹੱਕ ਦਿਤਾ ਗਿਆ, ਭਾਰਤ ਦੀ ਕੌਂਸਲ ਵਿੱਚ 73 ਸੀਟਾਂ ਹਿੰਦੂਆਂ ਤੋਂ ਅਲੱਗ ਅਛੂਤਾਂ ਨੂੰ ਦਿਤੀਆਂ ਗਈਆਂ।

ਇਨ੍ਹਾਂ ਗੋਲਮੇਜ਼ ਕਾਨਫਰੰਸਾਂ ਤੋਂ ਬਾਦ ਬਰਤਾਨੀਆ ਸਰਕਾਰ ਨੇ ਦਲਿਤਾਂ ਲਈ ਅਲੱਗ ਚੌਣ ਵਿਵਸਥਾ ਦੀ ਮੰਨਜ਼ੂਰੀ ਦੇ ਦਿਤੀ ਜਿਸਨੂੰ ਕਮਿਊਨਲ ਐਵਾਰਡ ਦਾ ਨਾਮ ਦਿਤਾ ਗਿਆ। ਇਸ ਕਮਿਊਨਲ ਐਵਾਰਡ ਦੇ ਵਿਰੋਧ ਵਿੱਚ ਕਾਂਗਰਸੀ ਆਗੂ ਮਹਾਤਮਾ ਗਾਂਧੀ ਜਿਸਨੇ ਪਹਿਲਾਂ ਗੋਲਮੇਜ਼ ਕਾਨਫਰੰਸ ਵਿੱਚ ਵੀ ਡਾਕਟਰ ਅੰਬੇਡਕਰ ਦੇ ਦਾਖਲੇ ਦਾ ਵਿਰੋਧ ਕੀਤਾ ਸੀ ਨੇ ਯਰਵਦਾ ਜੇਲ ਵਿੱਚ 20 ਸਤੰਬਰ, 1932 ਨੂੰ ਮਰਨ ਵਰਤ ਰੱਖ ਲਿਆ ਅਤੇ ਗਾਂਧੀ ਦੇ ਵਿਰੋਧ ਵਿੱਚ ਆਦਿ ਧਰਮ ਆਗੂਆਂ ਨੇ ਵੀ ਮਰਨ ਵਰਤ ਰੱਖ ਲਿਆ। 24 ਸਤੰਬਰ 1932 ਨੂੰ ਡਾਕਟਰ ਅੰਬੇਡਕਰ ਅਤੇ ਮਹਾਤਮਾ ਗਾਂਧੀ ਵਿਚਕਾਰ ਇੱਕ ਸਮਝੋਤਾ ਹੋਇਆ ਜਿਸਨੂੰ ਪੂਨਾ ਪੈਕਟ ਕਿਹਾ ਜਾਂਦਾ ਹੈ ਅਤੇ ਅਛੂਤਾਂ ਨੂੰ ਹਿੰਦੂਆਂ ਦਾ ਇੱਕ ਹਿੱਸਾ ਮੰਨਿਆ ਗਿਆ, 26 ਸਤੰਬਰ ਨੂੰ ਇਸ ਸਬੰਧੀ ਕਨੂੰਨ ਬਣਨ ਤੋਂ ਬਾਦ ਗਾਂਧੀ ਨੇ ਅਪਣਾ ਮਰਨ ਵਰਤ ਖਤਮ ਕਰ ਦਿਤਾ ਪਰੰਤੂ ਬਾਬੂ ਮੰਗੂ ਰਾਮ ਨੇ ਅਪਣਾ ਮਰਨ ਵਰਤ ਲਗਾਤਾਰ ਜਾਰੀ ਰੱਖਿਆ ਅਤੇ 12ਵੇਂ ਦਿਨ ਆਦਿ ਧਰਮ ਦੇ ਬਾਕੀ ਅਗੂਆਂ ਦੇ ਕਹਿਣ ਤੇ ਸੰਤ ਸਰਵਣ ਦਾਸ ਬੱਲਾਂ ਵਾਲਿਆਂ ਅਤੇ ਸੇਠ ਕਿਸ਼ਨ ਦਾਸ ਦੇ ਹੱਥੋਂ ਜੂਸ ਪੀਕੇ ਮਰਨ ਵਰਤ ਖਤਮ ਕੀਤਾ। ਪੂਨਾ ਪੈਕਟ ਅਨੁਸਾਰ ਐਮ ਐਲ ਏ ਦੀਆਂ ਕੁੱਲ 148 ਸੀਟਾਂ ਅਛੂਤਾਂ ਲਈ ਰਾਖਵੀਆਂ ਰੱਖੀਆਂ ਗਈਆਂ। ਉਸ ਵੇਲੇ ਦੇ ਪੰਜਾਬ ਵਿੱਚ 08 ਸੀਟਾਂ ਰਾਖਵੀਆਂ ਰੱਖੀਆਂ ਗਈਆਂ। 1937 ਵਿੱਚ ਪੰਜਾਬ ਵਿੱਚ ਹੋਈਆ ਚੋਣਾਂ ਵਿੱਚ ਆਦਿ ਧਰਮ ਮੰਡਲ ਆਗੂਆਂ ਨੇ ਬਾਬੂ ਮੰਗੂ ਰਾਮ ਮੂਗੋਵਾਲੀਆ ਦੀ ਅਗਵਾਈ ਵਿੱਚ ਰਾਖਵੀਆਂ 8 ਸੀਟਾਂ ਵਿਚੋਂ 7 ਤੇ ਜਿੱਤ ਹਾਸਲ ਕੀਤੀ ਅਤੇ 8ਵੀਂ ਸੀਟ ਜੋਕਿ ਸਿਰਫ 07 ਵੋਟਾਂ ਨਾਲ ਹਾਰੀ ਸੀ ਜਿੱਤਣ ਵਾਲਾ ਮੂਲਾ ਸਿੰਘ ਬਲਾਚੌਰ ਵੀ ਬਾਦ ਵਿੱਚ ਆਦਿ ਧਰਮ ਮੰਡਲ ਵਿੱਚ ਸ਼ਾਮਿਲ ਹੋ ਗਿਆ ਸੀ। 1942 ਵਿੱਚ ਦੂਜੀ ਸੰਸਾਰਿਕ ਜੰਗ ਹੋਣ ਕਾਰਨ ਚੌਣਾਂ ਨਹੀਂ ਹੋਈਆਂ।

1946 ਵਿੱਚ ਬਾਬੂ ਮੰਗੂ ਰਾਮ ਆਪਣੇ 04 ਹੋਰ ਸਾਥੀਆਂ ਨਾਲ ਵਿਧਾਇਕ ਬਣੇ। 1947 ਵਿੱਚ ਭਾਰਤ ਦੀ ਵੰਡ ਤੋਂ ਪਹਿਲਾਂ ਮਿਸਟਰ ਮੁਹੰਮਦ ਅਲੀ ਜਿਨਾਹ ਦਾ ਸਕੱਤਰ ਅਪਣੇ ਨਾਲ ਚੌਧਰੀ ਸੁੰਦਰ ਦਾਸ, ਮਾਸਟਰ ਗੁਰਬੰਤਾ ਸਿੰਘ ਅਤੇ ਕਈ ਅਫਸਰਾਂ ਨੂੰ ਨਾਲ ਲੈਕੇ ਪਿੰਡ ਮੂਗੋਵਾਲ ਪਹੁੰਚਿਆ ਅਤੇ ਮੰਗ ਰੱਖੀ ਕਿ ਜੇਕਰ ਉਹ ਮੁਸਲਿਮ ਲੀਗ ਦੀ ਗੱਲ ਮੰਨਕੇ ਪਾਕਿਸਤਾਨ ਨਾਲ ਮਿਲ ਜਾਣ ਤਾਂ 50 ਮੁਰੱਬੇ ਜਮੀਨ ਅਤੇ 50 ਹਜਾਰ ਰੁਪਏ ਦੇਣਗੇ ਜਿਸਨੂੰ ਬਾਬੂ ਮੰਗੂ ਰਾਮ ਅਤੇ ਸਾਥੀਆਂ ਨੇ ਠੁਕਰਾ ਦਿਤਾ। ਦੇਸ਼ ਅਜਾਦ ਹੋਣ ਬਾਦ ਭਾਰਤ ਦਾ ਅਪਣਾ ਸੰਵਿਧਾਨ ਬਣਾਕੇ ਲਾਗੂ ਕੀਤਾ ਗਿਆ। ਅਜਾਦੀ ਤੋਂ ਬਾਦ 1951 ਵਿੱਚ ਹੋਈ ਜਨਗਣਨਾ ਵਿੱਚ ਆਦਿ ਧਰਮ ਦਾ ਖਾਨਾ ਖਤਮ ਕਰ ਦਿਤਾ ਗਿਆ। ਅਜਾਦ ਭਾਰਤ ਵਿੱਚ ਵੀ ਬਾਬੂ ਮੰਗੂ ਰਾਮ ਨੇ ਆਦਿ ਧਰਮ ਲਹਿਰ ਨੂੰ ਚਲਾਉਣ ਲਈ ਲਗਾਤਾਰ ਸੰਘਰਸ਼ ਕੀਤਾ। 1972 ਵਿੱਚ ਆਪ ਨੂੰ ਕੇਂਦਰ ਸਰਕਾਰ ਨੇ ਸਨਮਾਨਿਤ ਕੀਤਾ ਅਤੇ ਪੈਨਸਨ ਲਗਾਈ। ਸਰਕਾਰ ਵਲੋਂ ਆਪ ਨੂੰ ਗੜ੍ਹਸੰਕਰ ਨੇੜੇ ਕੁੱਝ ਜਮੀਨ ਦਿੱਤੀ ਗਈ। 1977 ਵਿੱਚ ਆਦਿ ਧਰਮ ਮੁਹਿੰਮ ਦੀ ਮੁੜ੍ਹ ਸਥਾਪਨਾ ਤੋਂ ਬਾਦ ਬਾਬੂ ਜੀ ਨੂੰ ਇਸਦਾ ਆਗੂ ਗਿਆ ਅਤੇ ਆਪਦੇ ਸਹਿਯੋਗੀਆਂ ਨੇ ਆਪ ਨੂੰ ਗ੍ਰੇਟ ਬਰਤਾਨੀਆ ਦੇ ਦੌਰੇ ਤੇ ਭੇਜਿਆ।

22 ਅਪ੍ਰੈਲ 1980 ਨੂੰ ਗਦਰ ਲਹਿਰ ਅਤੇ ਆਦਿ ਧਰਮ ਅੰਦੋਲਨ ਦਾ ਇਹ ਆਗੂ ਸਾਨੂੰ ਸਦੀਵੀ ਵਿਛੋੜਾ ਦੇ ਗਿਆ। ਕਾਂਗਰਸੀ ਆਗੂ ਸਾਬਕਾ ਰਾਜ ਸਭਾ ਮੈਂਬਰ ਸਮਸ਼ੇਰ ਸਿੰਘ ਦੂਲੋਂ ਵਲੋਂ ਇਸ ਪਿੰਡ ਵਿੱਚ ਬਾਬੂ ਜੀ ਦਾ ਬੁੱਤ ਬਣਵਾਇਆ ਗਿਆ ਹੈ। ਅੱਜ ਵੱਖ ਵੱਖ ਸੰਸਥਾਵਾਂ ਵਲੋਂ ਦੇਸ਼ ਵਿਦੇਸ਼ ਵਿੱਚ ਇਸ ਮਹਾਨ ਆਗੂ ਦਾ ਜਨਮ ਦਿਨ ਮਨਾਇਆ ਜਾ ਰਿਹਾ ਹੈ। ਦੇਸ਼ ਦੀ ਅਜ਼ਾਦੀ ਲਈ ਕੀਤੇ ਗਏ ਸੰਘਰਸ਼ ਅਤੇ ਸਦੀਆਂ ਤੋਂ ਲਿਤਾੜ੍ਹੇ ਵਰਗਾਂ ਦੀ ਭਲਾਈ ਲਈ ਚੁੱਕੇ ਗਏ ਕਦਮਾਂ ਕਾਰਨ ਬਾਬੂ ਮੰਗੂ ਰਾਮ ਮੂਗੋਵਾਲੀਆ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ।



# 22 ਜਨਵਰੀ ਲਈ ਜੋੜ ਮੇਲਾ ਸ੍ਰੀ ਗੁਰੂ ਰਵਿਦਾਸ ਮੰਦਿਰ ਸੰਤੋਖਗੜ੍ਹ ਜ਼ਿਲ੍ਹਾ ਊਨਾ ਹਿਮਾਚਲ ਪ੍ਰਦੇਸ਼ ਸਬੰਧੀ ਵਿਸ਼ੇਸ਼

**21-22 ਜਨਵਰੀ 2005 ਨੂੰ ਕੜਕਦੀ ਠੰਡ ਵਿਚ ਸਵੇਰੇ ਤੜਕਸਾਰ ਲਗਭਗ 4 ਵਜੇ ਹੀ ਪ੍ਰਸ਼ਾਸਨਿਕ ਅਧਿਕਾਰੀਆਂ ਨੇ 1947 ਤੋਂ ਪਹਿਲਾਂ ਬਣੇ ਹੋਏ ਸ਼੍ਰੀ ਗੁਰੂ ਰਵਿਦਾਸ ਮੰਦਿਰ ਨੂੰ ਢਹਿ ਢੇਰੀ ਕਰ ਦਿਤਾ ਅਤੇ ਜਦੋਂ ਸ਼੍ਰੀ ਗੁਰੂ ਰਵਿਦਾਸ ਦੇ ਪੈਰੋਕਾਰਾਂ ਨੇ ਇਸ ਮੰਦਿਰ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਤਾਂ ਅੰਨਾ ਤਸ਼ੱਦਦ ਕੀਤਾ ਗਿਆ। ਲਗਭਗ 100 ਵਿਅਕਤੀਆਂ ਜਿਨ੍ਹਾਂ ਵਿਚ 3 ਨਾਬਾਲਗ ਬੱਚੇ, 24 ਮਹਿਲਾਵਾਂ ਵੀ ਸ਼ਾਮਿਲ ਸਨ ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ। ਸਰਕਾਰ ਦੇ ਇਸ ਦਲਿਤ ਵਿਰੋਧੀ ਰਵਈਏ ਨੂੰ ਲੈ ਕੇ ਵੱਖ ਵੱਖ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਆਗੂਆਂ ਨੇ ਰੋਸ ਪ੍ਰਦਰਸ਼ਨ ਸ਼ੁਰੂ ਕੀਤਾ ਅਤੇ ਸਰਕਾਰ ਨੂੰ ਲੋਕਾਂ ਦੇ ਰੋਸ ਅੱਗੇ ਝੁਕਣਾ ਪਿਆ ਜਿਸਤੋਂ ਬਾਦ ਹਿਮਾਚਲ ਸਰਕਾਰ ਨੇ ਸਾਰੇ ਮਾਮਲੇ ਰੱਦ ਕਰ ਦਿੱਤੇ ਅਤੇ ਗ੍ਰਿਫ਼ਤਾਰ ਵਿਅਕਤੀਆਂ ਨੂੰ ਬਰੀ ਕਰ ਦਿੱਤਾ।**



ਕੁਲਦੀਪ ਚੰਦ
91-9417563054

ਭਾਰਤ ਵਿਚ ਸਦੀਆਂ ਤੋ ਚੱਲੀ ਆ ਰਹੀ ਜਾਤ ਆਧਾਰਿਤ ਵਿਤਕਰੇ ਦੀ ਕੁਪ੍ਰਥਾ ਬੇਸ਼ੱਕ ਸਮੇਂ ਦੇ ਨਾਲ ਅਤੇ ਕਾਨੂੰਨ ਦੀ ਸਖ਼ਤੀ ਕਾਰਨ ਘੱਟ ਰਹੀ ਹੈ ਪਰ ਮੁਕੰਮਲ ਤੋਰ ਤੇ ਖ਼ਤਮ ਨਹੀਂ ਹੋ ਰਹੀ ਹੈ। ਸਮੇਂ ਸਮੇਂ ਤੇ ਆਦਿਵਾਸੀਆਂ/ਅਨੁਸੂਚਿਤ ਜਾਤੀਆਂ ਨਾਲ ਹੋ ਰਹੇ ਵਿਤਕਰੇ ਦੀਆਂ ਘਟਨਾਵਾਂ, ਵਾਪਰ ਰਹੀਆਂ ਸਮਾਜਿਕ, ਧਾਰਮਿਕ, ਆਰਥਿਕ ਅੱਤਿਆਚਾਰ ਦੀਆਂ ਘਟਨਾਵਾਂ ਕਈ ਵਾਰ ਸੁਣਨ ਅਤੇ ਵੇਖਣ ਨੂੰ ਮਿਲਦੀਆਂ ਹਨ। ਅਜਿਹੀ ਹੀ ਮੰਦਭਾਗੀ ਘਟਨਾ ਹਿਮਾਚਲ ਪ੍ਰਦੇਸ਼ ਦੇ ਜ਼ਿਲ੍ਹਾ ਊਨਾ ਦੇ ਕਸਬਾ ਸੰਤੋਖਗੜ੍ਹ ਜੋਕਿ 1966 ਤੋਂ ਪਹਿਲਾਂ ਪੰਜਾਬ ਦੇ ਹੀ ਜ਼ਿਲ੍ਹਾ ਹੁਸਿਸ਼ਆਰਪੁ ਦਾ ਭਾਗ ਸੀ ਵਿੱਚ 21-22 ਜਨਵਰੀ 2005 ਦੀ ਕੜਾਕੇ ਦੀ ਠੰਡ ਦੀ ਰਾਤ ਨੂੰ ਵਾਪਰੀ ਸੀ ਜਦੋਂ ਪ੍ਰਸ਼ਾਸਨ ਵੱਲੋਂ ਇਲਾਕੇ ਦੇ ਕੁੱਝ ਮੰਨੂਵਾਦੀਆਂ ਦੇ ਦਬਾਅ ਅਧੀਨ 1947 ਤੋਂ ਪਹਿਲਾਂ ਬਣੇ ਹੋਏ ਸ਼੍ਰੀ ਗੁਰੂ ਰਵਿਦਾਸ ਮੰਦਿਰ ਨੂੰ ਢਹਿ ਢੇਰੀ ਕਰ ਦਿਤਾ ਅਤੇ ਇਸਨੂੰ ਬਚਾਉਣ ਲਈ ਸੰਘਰਸ਼ ਕਰਨ ਵਾਲੇ ਹਜ਼ਾਰਾਂ ਆਦਿਵਾਸੀਆਂ/ਅਨੁਸੂਚਿਤ ਜਾਤੀਆਂ ਦੇ ਲੋਕਾਂ ਨੂੰ ਬੇਰਹਿਮੀ ਨਾਲ ਕੁੱਟਿਆ ਗਿਆ ਅਤੇ ਲਗਭਗ 100 ਵਿਅਕਤੀਆਂ ਨੂੰ ਵੱਖ ਵੱਖ ਕੇਸਾਂ ਵਿਚ ਜੇਲ੍ਹ ਅੰਦਰ ਕੀਤਾ ਗਿਆ ਸੀ। ਪੰਜਾਬ ਦੇ ਨੰਗਲ ਜ਼ਿਲ੍ਹਾ ਰੂਪਨਗਰ ਅਤੇ ਬੀਣੇਵਾਲ ਝੂੰਗੀਆਂ ਜ਼ਿਲ੍ਹਾ ਹੁਸ਼ਿਆਰਪੁਰ ਨਾਲ ਲੱਗਦੇ ਸੰਤੋਖਗੜ ਜ਼ਿਲ੍ਹਾ ਊਨਾ ਹਿਮਾਚਲ ਪ੍ਰਦੇਸ ਜੋਕਿ ਪੰਜਾਬ ਵੰਡ ਤੋਂ ਪਹਿਲਾਂ ਪੰਜਾਬ ਦੇ ਜ਼ਿਲ੍ਹਾ ਹੁਸ਼ਿਆਰਪੁਰ ਦਾ ਹੀ ਹਿੱਸਾ ਸੀ ਵਿਚ 21-22 ਜਨਵਰੀ 2005 ਦੀ ਰਾਤ ਨੂੰ ਹਿਮਾਚਲ ਪ੍ਰਦੇਸ਼ ਦੀ ਸਰਕਾਰ ਨੇ ਸ਼੍ਰੀ ਗੁਰੂ ਰਵਿਦਾਸ ਦੇ ਹਜ਼ਾਰਾਂ ਪੈਰੋਕਾਰਾਂ ਤੇ ਅੰਨਾ ਤਸ਼ੱਦਦ ਕੀਤਾ ਜਿਸ ਨੂੰ ਯਾਦ ਕਰਕੇ ਹੁਣ ਵੀ ਕਈ ਵਾਰ ਇਲਾਕੇ ਦੇ ਬੱਚੇ ਰਾਤਾਂ ਨੂੰ ਡਰਦੇ ਹਨ। 22 ਜਨਵਰੀ ਨੂੰ ਕੜਕਦੀ ਠੰਡ ਵਿਚ ਸਵੇਰੇ ਤੜਕਸਾਰ ਲਗਭਗ 4 ਵਜੇ ਹੀ ਪ੍ਰਸ਼ਾਸਨਿਕ ਅਧਿਕਾਰੀਆਂ ਨੇ 1947 ਤੋਂ ਪਹਿਲਾਂ ਬਣੇ ਹੋਏ ਸ਼੍ਰੀ ਗੁਰੂ ਰਵਿਦਾਸ ਮੰਦਿਰ ਨੂੰ ਢਹਿ ਢੇਰੀ ਕਰ ਦਿਤਾ ਅਤੇ ਜਦੋਂ ਸ਼੍ਰੀ ਗੁਰੂ ਰਵਿਦਾਸ ਦੇ ਪੈਰੋਕਾਰਾਂ ਨੇ ਇਸ ਮੰਦਿਰ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਤੇ ਵੀ ਅੰਨਾ ਤਸ਼ੱਦਦ ਕੀਤਾ ਗਿਆ। ਇਸ ਅੰਦੋਲਨ ਵਿੱਚ ਸ਼ਾਮਿਲ ਰਹੇ ਆਗੂਆਂ ਵਕੀਲ ਨਰੇਸ਼ ਕੁਮਾਰ, ਬਲਦੇਵ ਚੰਦ ਰਿਟਾਇਰਡ ਤਹਿਸੀਲਦਾਰ, ਸੁਲਿੰਦਰ ਚੋਪੜਾ, ਰਵੀ ਕਾਂਤ ਬਸੀ, ਸੁਰੇਸ਼ ਵਸਣ, ਪ੍ਰਧਾਨ ਬਲਬੀਰ ਬਬਲੂ, ਕਸ਼ਮੀਰੀ ਲਾਲ, ਅਮਰਜੀਤ ਸਿੰਗਾ, ਸੰਜੇ ਸਿੰਘ, ਅਮਰੀਕ ਕੁਮਾਰ, ਲੰਬੜਦਾਰ ਬਖ਼ਸ਼ੀ ਰਾਮ ਭੱਟੀ ਕੁੰਗੜਤ, ਨਵੀਨ ਮਹੇ, ਜਤਿੰਦਰ, ਸੋਨੂੰ, ਜੋੜ ਮੇਲਾ ਕਮੇਟੀ ਆਗੂਆਂ ਚੇਅਰਮੈਨ ਬਲਬੰਤ ਕੁਮਾਰ, ਸੰਯੋਜਕ ਬਲਵੀਰ ਬੱਗਾ, ਜੋੜ ਮੇਲਾ ਕਮੇਟੀ ਪ੍ਰਧਾਨ ਅਸ਼ਵਨੀ ਦਘੋੜ ਆਸ਼ੂ, ਸੁਮਨ ਕੁਮਾਰੀ ਪਤਨੀ ਸਵਰਗੀ ਵਿਧਾਇਕ ਸ਼ਿੰਗਾਰਾ ਰਾਮ ਸਹੂੰਗੜਾ, ਜਗਵੀਰ ਸਿੰਘ ਸਹੂੰਗੜਾ, ਸ਼ਕੁੰਤਲਾ ਸੰਧੂ ਪ੍ਰਧਾਨ ਸ਼੍ਰੀ ਗੁਰੂ ਰਵਿਦਾਸ ਮਹਾਂਸਭਾ, ਬਲਦੇਵ ਸੰਧੂ, ਰਾਜ ਕੁਮਾਰ, ਚਮਨ ਲਾਲ ਭਾਟੀਆ ਰਿਟਾਇਰਡ ਡੀ ਐਸ ਪੀ, ਬਲਰਾਮ ਮਹੇ, ਗੁਰੂ ਰਵਿਦਾਸ ਕਮੇਟੀ ਸੰਤੋਖਗੜ ਪ੍ਰਧਾਨ ਬਲਵੀਰ ਸਿੰਘ ਬਬਲੂ, ਸਾਬਕਾ ਪ੍ਰਧਾਨ ਮਦਨ ਲਾਲ, ਪ੍ਰੇਮ ਚੰਦ, ਜਰਨੈਲ ਸਿੰਘ ਬੈਂਸ, ਰਾਣੋ ਦੇਵੀ, ਮਹਾਂਰੀਸ਼ੀ ਬਾਲਮੀਕੀ ਅਤੇ ਗੁਰੂ ਰਵਿਦਾਸ ਮਹਾਂਸਭਾ ਹਿਮਾਚਲ ਪ੍ਰਦੇਸ ਦੇ ਚੇਅਰਮੈਨ ਅਮਿਤ ਦੋਧੀ, ਸੰਨੀ ਗਿਲ, ਬਚਨ ਚੰਦ ਪਟੇਲ, ਪਰਸ ਰਾਮ, ਰਜਿੰਦਰ, ਸੰਦੀਪ ਮਹੇਸ਼, ਕੁਲਵਿੰਦਰ ਸਿੰਘ, ਸੁਲਿੰਦਰ ਚੋਪੜਾ, ਰਵੀ ਕਾਂਤ ਬਸੀ, ਸੁਰੇਸ਼ ਵਸਣ, ਕਸ਼ਮੀਰੀ ਲਾਲ, ਅਮਰਜੀਤ ਸਿੰਗਾ, ਲੰਬੜਦਾਰ ਬਖ਼ਸ਼ੀ ਰਾਮ ਭੱਟੀ ਕੁੰਗੜਤ, ਨਵੀਨ ਮਹੇ, ਜਤਿੰਦਰ, ਸੋਨੂੰ, ਮੰਗਤ ਰਾਮ, ਸੁੱਖ ਰਾਮ, ਅਮਰਜੀਤ ਸਹਿਗਲ, ਮਦਨ ਲਾਲ, ਨਿਰਮਲਾ ਮਹੇ, ਰਾਣੀ ਦੇਵੀ, ਬਚਨੀ ਦੇਵੀ, ਵਿਦਿਆ ਦੇਵੀ, ਸੁਦੇਸ ਕੁਮਾਰੀ, ਬਿੰਦੂ ਦੇਵੀ, ਕੁਸ਼ੱਲਿਆ ਦੇਵੀ, ਸੱਤਿਆ ਦੇਵੀ, ਅੰਜੂ ਬਾਲਾ, ਪ੍ਰਕਾਸੋ ਦੇਵੀ, ਬੇਬੀ ਆਦਿ ਨੇ ਦੱਸਿਆ ਕਿ ਕਸਬਾ ਸੰਤੋਖਗੜ੍ਹ ਜੋਕਿ ਪਹਿਲਾਂ ਪੰਜਾਬ ਵਿੱਚ ਸ਼ਾਮਿਲ ਸੀ ਵਿੱਚ ਸ਼੍ਰੀ ਗੁਰੂ ਰਵਿਦਾਸ ਜੀ ਦੇ ਪੈਰੋਕਾਰਾਂ ਵੱਲੋਂ ਖਾਲੀ ਪਈ ਥਾਂ ਵਿੱਚ ਆਜ਼ਾਦੀ ਤੋਂ ਪਹਿਲਾਂ ਸ਼੍ਰੀ ਗੁਰੂ ਰਵਿਦਾਸ ਜੀ ਦਾ ਮੰਦਿਰ ਬਣਾਇਆ ਗਿਆ ਸੀ। 1952 ਵਿਚ ਰਵਿੰਦਰ ਕੁਮਾਰ ਪੁੱਤਰ ਪਰਮੇਸ਼ਰ ਚੰਦ ਚੱਬਾ ਨੇ ਮੰਦਿਰ ਵਾਲੀ ਥਾਂ ਖਾਲੀ ਕਰਵਾਉਣ ਲਈ ਅਦਾਲਤ ਵਿਚ ਕੇਸ ਕੀਤਾ ਸੀ। ਇਸ ਕੇਸ ਵਿਚ ਸ਼੍ਰੀ ਗੁਰੂ ਰਵਿਦਾਸ ਮੰਦਿਰ ਕਮੇਟੀ ਵੱਲੋਂ ਵਤਨਾਂ ਰਾਮ ਪੁੱਤਰ ਨਿੱਕੂ ਰਾਮ ਅਦਾਲਤ ਵਿਚ ਹਾਜ਼ਰ ਹੁੰਦੇ ਸਨ। 21 ਅਪ੍ਰੈਲ 1991 ਨੂੰ ਦਲਿਤ ਆਗੂ ਅਤੇ ਬਹੁਜਨ ਸਮਾਜ ਪਾਰਟੀ ਦੇ ਰਾਸ਼ਟਰੀ ਪ੍ਰਧਾਨ ਸਵਰਗੀ ਸਾਹਿਬ ਕਾਂਸ਼ੀ ਰਾਮ ਨੇ ਇਸ ਸਥਾਨ ਤੇ ਆਧੁਨਿਕ ਮੰਦਿਰ ਬਣਾਉਣ ਲਈ ਨੀਂਹ ਪੱਥਰ ਰੱਖਿਆ ਸੀ। ਇਸ ਤੋਂ ਬਾਦ ਚੱਬਾ ਪਰਿਵਾਰ ਨੇ ਮੰਦਿਰ ਵਾਲੀ ਥਾਂ ਖਾਲੀ ਕਰਵਾਉਣ ਲਈ ਕਾਨੂੰਨੀ ਕਾਰਵਾਈ ਤੇਜ ਕਰ ਦਿਤੀ। ਇਸ ਮੰਦਿਰ ਦਾ ਕੇਸ ਮਾਣਯੋਗ ਹਾਈ ਕੋਰਟ ਸ਼ਿਮਲਾ ਤੱਕ ਚੱਲਿਆ ਜਿੱਥੇ ਜਗ੍ਹਾ ਖਾਲੀ ਕਰਨ ਦੇ ਹੁਕਮ ਪਾਸ ਹੋਏ। ਮੰਦਿਰ ਕਮੇਟੀ ਆਗੂ ਇਸ ਮਾਮਲੇ ਨੂੰ ਲੈ ਕੇ ਮਾਣਯੋਗ ਸੁਪਰੀਮ ਕੋਰਟ ਵਿਚ ਵੀ ਪੇਸ਼ ਹੋਏ ਪਰੰਤੂ ਉੱਥੇ ਕੇਸ ਖ਼ਾਰਜ ਹੋ ਗਿਆ। 28 ਦਸੰਬਰ ਨੂੰ ਮਾਣਯੋਗ ਹਿਮਾਚਲ ਹਾਈ ਕੋਰਟ ਦੇ ਜਗ੍ਹਾ ਖਾਲੀ ਕਰਨ ਦੇ ਹੁਕਮਾਂ ਤੋਂ ਬਾਦ ਚੱਬਾ ਪਰਿਵਾਰ ਨੇ ਜਗ੍ਹਾ ਖਾਲੀ ਕਰਵਾਉਣ ਲਈ ਪ੍ਰਸ਼ਾਸਨਿਕ ਅਧਿਕਾਰੀਆਂ ਤੇ ਦਬਾਅ ਬਣਾਇਆ ਪਰੰਤੂ ਪ੍ਰਸ਼ਾਸਨਿਕ ਅਧਿਕਾਰੀ ਇਲਾਕੇ ਦੇ ਸ਼੍ਰੀ ਗੁਰੂ ਰਵਿਦਾਸ ਦੇ ਪੈਰੋਕਾਰਾਂ ਦੇ ਇਕੱਠ ਨੂੰ ਵੇਖਕੇ ਵਾਪਸ ਚਲੇ ਗਏ। 22 ਜਨਵਰੀ 2005 ਨੂੰ ਕੜਕਦੀ ਠੰਡ ਵਿਚ ਤੜਕਸਾਰ ਜਦੋਂ ਲੋਕ ਅਜੇ ਬਿਸਤਰਿਆਂ ਵਿਚ ਹੀ ਸਨ ਪੁਲਿਸ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਨੇ ਪਿੰਡ ਵਿਚ ਹੱਲਾ ਬੋਲ ਦਿਤਾ ਅਤੇ ਮੰਦਿਰ ਢਹਿ ਢੇਰੀ ਕਰ ਦਿਤਾ। ਮੰਦਿਰ ਬਚਾਉਣ ਲਈ ਰੋਸ ਕਰ ਰਹੇ ਲੋਕਾਂ ਤੇ ਅੰਨਾ ਤਸ਼ੱਦਦ ਕੀਤਾ ਗਿਆ। ਲਗਭਗ 100 ਵਿਅਕਤੀਆਂ ਜਿਨ੍ਹਾਂ ਵਿਚ 3 ਨਾਬਾਲਗ ਬੱਚੇ, 24 ਮਹਿਲਾਵਾਂ ਵੀ ਸ਼ਾਮਿਲ ਸਨ ਨੂੰ ਪੁਲਿਸ ਨੇ ਵੱਖ ਵੱਖ ਮਾਮਲਿਆਂ ਅਤੇ ਧਾਰਾਵਾਂ 147, 148, 149, 307, 332, 333, 353 ਅਤੇ 120 ਬੀ ਅਧੀਨ ਗ੍ਰਿਫ਼ਤਾਰ ਕਰ ਲਿਆ। ਪੰਜਾਬ ਅਤੇ ਹਿਮਾਚਲ ਪ੍ਰਦੇਸ਼ ਦੇ ਵੱਖ ਵੱਖ ਇਲਾਕਿਆਂ ਦੇ 69 ਵਿਅਕਤੀ ਜਿਨ੍ਹਾਂ ਵਿੱਚ ਗੜਸ਼ੰਕਰ ਤੋਂ ਸਾਬਕਾ ਵਿਧਾਇਕ ਸਵਰਗੀ ਸ਼ਿੰਗਾਰਾ ਰਾਮ ਸਹੂੰਗੜਾ ਵੀ ਸ਼ਾਮਿਲ ਸੀ 22 ਜਨਵਰੀ ਤੋਂ ਲੈ ਕੇ 26 ਫਰਵਰੀ, 2005 ਤੱਕ ਲਗਭਗ 35 ਦਿਨ ਕੰਡਾ ਘਾਟ ਜੇਲ੍ਹ, ਊਨਾ ਜੇਲ੍ਹ ਅਤੇ ਸ਼ਿਮਲਾ ਜੇਲ੍ਹ ਵਿਚ ਬੰਦ ਰਹੇ, 3 ਨਾਬਾਲਗ ਬੱਚਿਆਂ ਜਤਿੰਦਰ ਕੁਮਾਰ, ਅੰਮ੍ਰਿਤ ਲਾਲ, ਸੁਰੇਸ਼ ਕੁਮਾਰ ਨੂੰ 22 ਜਨਵਰੀ ਤੋਂ 27 ਜਨਵਰੀ ਤੱਕ ਪੁਲਿਸ ਨੇ ਹਿਰਾਸਤ ਵਿਚ ਰੱਖਿਆ। 22 ਮਹਿਲਾਵਾਂ ਨੂੰ 22 ਜਨਵਰੀ ਨੂੰ ਪੁਲਿਸ ਨੇ ਗ੍ਰਿਫ਼ਤਾਰ ਕੀਤਾ ਅਤੇ 23 ਜਨਵਰੀ 2005 ਨੂੰ ਜ਼ਮਾਨਤ ਤੇ ਰਿਹਾ ਕੀਤਾ। ਸਵਰਗੀ ਜੋਲੀ ਰਾਮ, ਬਚਨ ਚੰਦ, ਦਾਸ ਰਾਮ, ਬਿੰਦੋ ਦੇਵੀ, ਵਿਦਿਆ ਦੇਵੀ ਨੂੰ ਮਾਣਯੋਗ ਹਾਈ ਕੋਰਟ ਸ਼ਿਮਲਾ ਤੋਂ ਜ਼ਮਾਨਤ ਮਿਲੀ। ਸਰਕਾਰ ਦੇ ਇਸ ਦਲਿਤ ਵਿਰੋਧੀ ਰਵਈਏ ਨੂੰ ਲੈ ਕੇ ਵੱਖ ਵੱਖ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਆਗੂਆਂ ਨੇ ਰੋਸ ਪ੍ਰਦਰਸ਼ਨ ਸ਼ੁਰੂ ਕੀਤਾ ਅਤੇ ਜ਼ਿਲ੍ਹਾ ਹੈੱਡ ਕੁਆਰਟਰ ਊਨਾ ਵਿਚ ਲਗਾਤਾਰ ਰੋਸ ਮੁਜ਼ਾਹਰਾ ਕੀਤਾ ਜਿਸ ਵਿਚ ਡਾਕਟਰ ਕੇ ਆਰ ਆਰਿਆ, ਬਲਬੀਰ ਬੱਗਾ, ਵਿਜੇ ਨਾਇਰ, ਬਲਬੰਤ ਕੁਮਾਰ, ਹਰੀ ਚੰਦ ਸੰਧੂ, ਸਵਰਗੀ ਪ੍ਰੀਤਮ ਚੰਦ ਸੰਧੂ, ਸਵਰਗੀ ਮਾੜੂ ਰਾਮ, ਸਵਰਗੀ ਜਗਤ ਸਿੰਘ, ਡਾਕਟਰ ਲੇਖ ਰਾਜ ਖੰਨਾ, ਸਰਵਣ, ਦਾਸ ਰਾਮ, ਸਤੀਸ਼ ਕੁਮਾਰ, ਤਰਸੇਮ ਲਾਲ ਵੱਸਣ, ਰਾਮ ਆਸਰਾ ਭੀਸੀ, ਤਰਸੇਮ ਸਹੋਤਾ, ਵਤਨ ਚੰਦ ਪਟੇਲ, ਕੁਲਦੀਪ ਚੰਦ ਦੋਬੇਟਾ, ਬਲਵੰਤ ਕੁਮਾਰ, ਬਾਬਾ ਸੰਤੋਖ ਦਾਸ ਬਿੱਟੂ, ਸੰਤ ਰਵਿੰਦਰ ਦਾਸ ਪ੍ਰਧਾਨ ਸ਼੍ਰੀ ਗੁਰੂ ਰਵਿਦਾਸ ਸਾਧੂ ਸਮਾਜ ਹਿਮਾਚਲ, ਅਮਰੀਕ ਦੇਹਲਾਂ ਆਦਿ ਨੇ ਅਗਵਾਈ ਕੀਤੀ ਅਤੇ ਸਰਕਾਰ ਨੂੰ ਗ੍ਰਿਫ਼ਤਾਰ ਵਿਅਕਤੀਆਂ ਨੂੰ ਛੱਡਣ ਲਈ ਮਜਬੂਰ ਕਰ ਦਿਤਾ। ਸਾਬਕਾ ਮੁੱਖ ਮੰਤਰੀ ਅਤੇ ਬਸਪਾ ਪ੍ਰਮੁੱਖ ਮਾਇਆਵਤੀ ਵੀ ਇਸ ਰੋਸ ਪ੍ਰਦਰਸ਼ਨ ਵਿੱਚ ਵਿਸ਼ੇਸ਼ ਰੂਪ ਵਿਚ ਪਹੁੰਚੀ ਅਤੇ ਦਲਿਤ ਵਿਰੋਧੀ ਕਾਂਗਰਸ ਸਰਕਾਰ ਨੂੰ ਲਤਾੜਿਆ ਅਤੇ ਇਸ ਮਾਮਲੇ ਦੇ ਹੱਲ ਕਰਨ ਲਈ ਸਰਕਾਰ ਨੂੰ ਚੇਤਾਵਨੀ ਦਿੱਤੀ। ਅਖੀਰ ਸਰਕਾਰ ਨੂੰ ਲੋਕਾਂ ਦੇ ਰੋਸ ਅੱਗੇ ਝੁਕਣਾ ਪਿਆ ਜਿਸਤੋਂ ਬਾਦ ਹਿਮਾਚਲ ਸਰਕਾਰ ਨੇ ਸਾਰੇ ਮਾਮਲੇ ਰੱਦ ਕਰ ਦਿੱਤੇ ਅਤੇ ਗ੍ਰਿਫ਼ਤਾਰ ਵਿਅਕਤੀਆਂ ਨੂੰ ਬਰੀ ਕਰ ਦਿੱਤਾ। ਸਰਕਾਰ ਨੇ ਪੁਲਿਸ ਚੌਂਕੀ ਵਾਲੀ ਥਾਂ ਮੰਦਿਰ ਕਮੇਟੀ ਨੂੰ ਦੇ ਦਿਤੀ ਅਤੇ 4 ਜੂਨ 2005 ਨੂੰ ਇਸ ਮੌਜੂਦਾ ਮੰਦਿਰ ਦਾ ਨੀਂਹ ਪੱਥਰ ਰੱਖਿਆ ਗਿਆ ਜਿਸ ਵਿਚ ਹਿਮਾਚਲ ਪ੍ਰਦੇਸ ਦੇ ਸਾਬਕਾ ਮੁੱਖ ਮੰਤਰੀ ਸਵਰਗੀ ਵੀਰਭੱਦਰ ਸਿੰਘ ਅਪਣੇ ਹੋਰ ਮੰਤਰੀਆਂ ਨਾਲ ਵਿਸ਼ੇਸ਼ ਰੂਪ ਵਿਚ ਪਹੁੰਚੇ। ਮੰਦਿਰ ਕਮੇਟੀ ਵੱਲੋਂ ਹਰ ਸਾਲ 22 ਜਨਵਰੀ ਨੂੰ ਘੱਲੂਘਾਰਾ ਦਿਵਸ ਮਨਾਇਆ ਜਾਂਦਾ ਹੈ ਜਿਸ ਵਿੱਚ ਸਮਾਜਿਕ, ਧਾਰਮਿਕ, ਰਾਜਨੀਤਿਕ ਆਗੂ ਪਹੁੰਚਦੇ ਹਨ ਅਤੇ ਸਮਾਜ ਦੀਆਂ ਸਮੱਸਿਆਵਾਂ ਸਬੰਧੀ ਵਿਚਾਰਾਂ ਕੀਤੀਆਂ ਜਾਂਦੀਆਂ ਹਨ। ਜੋੜ ਮੇਲਾ ਆਯੋਜਿਤ ਕਮੇਟੀ ਦੇ ਆਗੂਆਂ ਚੇਅਰਮੈਨ ਬਲਬੰਤ ਕੁਮਾਰ, ਸੰਯੋਜਕ ਬਲਵੀਰ ਬੱਗਾ, ਜੋੜ ਮੇਲਾ ਕਮੇਟੀ ਪ੍ਰਧਾਨ ਅਸ਼ਵਨੀ ਦਘੋੜ ਆਸ਼ੂ, ਸ਼ਕੁੰਤਲਾ ਸੰਧੂ ਪ੍ਰਧਾਨ ਸ਼੍ਰੀ ਗੁਰੂ ਰਵਿਦਾਸ ਮਹਾਂਸਭਾ, ਬਲਦੇਵ ਸੰਧੂ, ਬਲਰਾਮ ਮਹੇ, ਗੁਰੂ ਰਵਿਦਾਸ ਕਮੇਟੀ ਸੰਤੋਖਗੜ ਪ੍ਰਧਾਨ ਬਲਵੀਰ ਸਿੰਘ ਬਬਲੂ ਆਦਿ ਨੇ ਦੱਸਿਆ ਹਰ ਸਾਲ ਦੀ ਤਰਾਂ ਇਸ ਸਾਲ ਵੀ ਇਹ ਸਮਾਗਮ ਕਰਵਾਏ ਜਾ ਰਹੇ ਹਨ ਜੋਕਿ ਗੜਸੰਕਰ ਪੰਜਾਬ ਦੇ ਸਾਬਕਾ ਵਿਧਾਇਕ ਸਵਰਗੀ ਸ਼ਿੰਗਾਰਾ ਰਾਮ ਸਹੂੰਗੜਾ ਨੂੰ ਸਮਰਪਿਤ ਹੈ ਜਿਸ ਵਿੱਚ 20 ਜਨਵਰੀ ਨੂੰ ਸਵੇਰੇ 10 ਵਜੇ ਸ਼੍ਰੀ ਆਦਿ ਪ੍ਰਕਾਸ਼ ਰਤਨਾਕਰ ਸਾਗਰ ਜੀ ਦਾ ਆਰੰਭ ਕੀਤਾ ਜਾਵੇਗਾ। 21 ਜਨਵਰੀ ਨੂੰ ਸੰਤ ਸਮਾਜ ਦੀ ਅਗਵਾਈ ਵਿੱਚ ਠਾਦਿ ਪ੍ਰਕਾਸ਼ ਗ੍ਰੰਥ ਦੀ ਛਤਰ ਛਾਇਆ ਹੇਠ ਇੱਕ ਵਿਸ਼ਾਲ ਸ਼ੋਭਾ ਯਾਤਰਾ ਨਿਕਾਲੀ ਜਾਵੇਗੀ ਜੋਕਿ ਸਵੇਰੇ 10 ਵਜੇ ਸੰਤੋਖਗੜ੍ਹ ਤੋਂ ਚੱਲਕੇ ਨੰਗੜਾ, ਊਨਾ, ਵਡਾਲਾ, ਦੇਹਲਾ, ਬਸਦੇਹੜਾ ਆਦਿ ਦੁਆਰਾ ਵਾਪਸ ਸੰਤੋਖਗੜ੍ਹ ਪਹੁੰਚੇਗੀ ਜਿਸ ਵਿੱਚ ਹਿਮਾਚਲ ਤੋਂ ਇਲਾਵਾ ਪੰਜਾਬ ਹਰਿਆਣਾ ਆਦਿ ਤੋਂ ਵੀ ਵੱਡੀ ਗਿਣਤੀ ਵਿੱਚ ਲੋਕ ਭਾਗ ਲੈਣਗੇ। 22 ਜਨਵਰੀ ਨੂੰ ਸਵੇਰੇ ਸਵੇਰੇ 10 ਵਜੇ ਸ਼੍ਰੀ ਆਦਿ ਪ੍ਰਕਾਸ਼ ਰਤਨਾਕਰ ਸਾਗਰ ਜੀ ਦਾ ਭੋਗ ਪਾਇਆ ਜਾਵੇਗਾ, 11 ਵਜੇ ਨਿਸ਼ਾਨ ਸਾਹਿਬ ਦੀ ਰਸਮ ਕੀਤੀ ਜਾਵੇਗੀ ਅਤੇ ਸੰਤ ਸਮਾਜ ਵੱਲੋਂ ਪ੍ਰਵਚਨ ਕੀਤੇ ਜਾਣਗੇ ਅਤੇ ਗੁਰੂ ਦਾ ਲੰਗਰ ਅਤੁੱਟ ਵਰਤੇਗਾ। ਦੁਪਿਹਰ 2 ਵਜੇ ਮਾਣਯੋਗ ਰਾਜਪਾਲ ਹਿਮਾਚਲ ਪ੍ਰਦੇਸ਼ ਰਾਜੇਂਦਰ ਵਿਸ਼ਵਨਾਥ ਆਲੇਂਕਰ ਮੰਦਿਰ ਵਿੱਚ ਪਹੁੰਚਣਗੇ ਅਤੇ ਸੰਗਤ ਨੂੰ ਸੰਬੋਧਨ ਕਰਨਗੇ। ਦੁਪਿਹਰ 12 ਵਜੇ ਤੋਂ 2 ਵਜੇ ਤੱਕ ਮਿਸ਼ਨਰੀ ਗਾਇਕ ਵਿਜੈ ਰੰਗੀਲਾ ਗੁਰੂ ਮਹਾਰਾਜ ਦਾ ਗੁਣਗਾਣ ਕਰਨਗੇ।



ਇਸ ਮੌਕੇ ਹਰ ਸਾਲ ਦੀ ਤਰਾਂ ਵੱਖ ਵੱਖ ਕਲਾਕਾਰ ਹਰਭਜਨ ਸ਼ੇਰਾ, ਗੁਰੀ ਧਾਲੀਵਾਲ ਆਦਿ ਗੁਰੂ ਰਵਿਦਾਸ ਜੀ ਦਾ ਗੁਣਗਾਨ ਕਰਨਗੇ। ਦੇਸ਼ ਵਿਦੇਸ਼ ਤੋਂ ਆ ਰਹੇ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਆਗੂ ਸਮਾਜ ਅਤੇ ਦੇਸ਼ ਦੀਆਂ ਸਮੱਸਿਆਵਾਂ ਬਾਰੇ ਵਿਚਾਰ ਵਟਾਂਦਰਾ ਕਰਨਗੇ। ਇਸ ਮੌਕੇ ਇਸ ਸੰਘਰਸ਼ ਸਬੰਧੀ ਤਿਆਰ ਕੀਤੀ ਗਈ ਪ੍ਰਦਰਸ਼ਨੀ ਵੀ ਲਗਾਈ ਜਾਵੇਗੀ ਅਤੇ ਮੰਦਿਰ ਲਈ ਕੀਤੇ ਗਏ ਸੰਘਰਸ਼ ਵਿੱਚ ਯੋਗਦਾਨ ਪਾਣ ਵਾਲੇ ਅਤੇ ਭਾਗ ਲੈਣ ਵਾਲੇ ਕਰਾਂਤੀਕਾਰੀਆਂ ਨੂੰ ਵਿਸ਼ੇਸ਼ ਤੋਰ ਤੇ ਸਨਮਾਨਿਤ ਕੀਤਾ ਜਾਵੇਗਾ।

# ਕੈਲੀਫੋਰਨੀਆ ਵਿਚ ਨਬਾਲਗ ਮਾਂ ਤੇ ਬੱਚੇ ਸਮੇਤ 6 ਵਿਅਕਤੀਆਂ ਦੀ ਗੋਲੀਆਂ ਮਾਰ ਕੇ ਹੱਤਿਆ, ਪਰਿਵਾਰ ਨੂੰ ਗਿਣ ਮਿਥਕੇ ਨਿਸ਼ਾਨਾ ਬਣਾਇਆ-ਪੁਲਿਸ ਅਧਿਕਾਰੀ




**ਸੈਕਰਾਮੈਂਟੋ (ਹੁਸਨ ਲੜੋਆ ਬੰਗਾ)** ਕੇਂਦਰੀ ਕੈਲੀਫੋਰਨੀਆ ਵਿਚ ਇਕ 6 ਮਹੀਨੇ ਦੇ ਬੱਚੇ ਤੇ 17 ਸਾਲਾਂ ਦੀ ਨਬਾਲਗ ਮਾਂ ਸਮੇਤ 6 ਵਿਅਕਤੀਆਂ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ। ਇਹ ਮੰਦਭਾਗੀ ਘਟਨਾ ਸੈਨ ਜੋਅਕੁਇਨ ਵੈਲੀ ਵਿਚ ਫਰਿਜ਼ਨੋ ਦੇ ਦੱਖਣ-ਪੂਰਬ ਵਿਚ 35 ਕਿਲੋਮੀਟਰ ਦੂਰ ਗੋਸ਼ਨ ਦੇ ਇਕ ਘਰ ਵਿਚ ਵਾਪਰੀ। ਗੋਸ਼ਨ ਦੀ ਆਬਾਦੀ ਤਕਰੀਬਨ 3000 ਹੈ। ਇਹ ਨੀਮ ਦਿਹਾਤੀ ਇਲਾਕਾ ਹੈ। ਅਜੇ ਤੱਕ ਹੱਤਿਆਰਿਆਂ ਦਾ ਪਤਾ ਨਹੀਂ ਲੱਗਾ ਹੈ। ਇਹ ਘਟਨਾ ਬੀਤੇ ਦਿਨ ਤੜਕਸਾਰ 3.30 ਵਜੇ ਵਾਪਰੀ ਜਦੋਂ ਸਥਾਨਕ ਲੋਕਾਂ ਨੇ ਗੋਲੀਆਂ ਚੱਲਣ ਦੀਆਂ ਅਵਾਜ਼ਾਂ ਸੁਣੀਆਂ। ਪਲਿਸ ਅਨੁਸਾਰ ਮਾਂ ਤੇ ਬੱਚੇ ਦੇ ਸਿਰ ਵਿਚ ਗੋਲੀਆਂ ਮਾਰੀਆਂ ਗਈਆਂ ਜਿਨਾਂ ਦੀ ਮੌਕੇ ਉਪਰ ਹੀ ਮੌਤ ਹੋ ਗਈ। ਪੁਲਿਸ ਨੂੰ ਮੌਕੇ 'ਤੇ 3 ਹੋਰ ਵਿਅਕਤੀ ਮ੍ਰਿਤਕ ਹਾਲਤ ਵਿਚ ਮਿਲੇ ਜਦ ਕਿ ਇਕ ਹੋਰ ਜੋ ਜ਼ਖਮੀ ਸੀ, ਹਸਪਤਾਲ ਜਾ ਕੇ ਦਮ ਤੋੜ ਗਿਆ। ਮਾਂ ਤੇ ਬੱਚੇ ਤੋਂ ਬਿਨਾਂ ਮਾਰੇ ਗਏ ਬਾਕੀ 4 ਵਿਅਕਤੀਆਂ ਦਾ ਪੁਲਿਸ ਨੇ ਵੇਰਵਾ ਨਹੀਂ ਦਿੱਤਾ ਹੈ। ਪੁਲਿਸ ਵਿਭਾਗ ਦੇ ਬੁਲਾਰੇ ਐਸ਼ਲੇ ਰਿਚੀ ਨੇ ਕਿਹਾ ਹੈ ਕਿ ਮਾਰੇ ਗਏ ਵਿਅਕਤੀਆਂ ਦੀਆਂ ਲਾਸ਼ਾਂ ਘਰ ਦੇ ਅੰਦਰ ਤੇ ਬਾਹਰ ਪਈਆਂ ਸਨ। ਉਨਾਂ ਕਿਹਾ ਕਿ ਘੱਟੋ ਘੱਟ ਦੋ ਹਮਲਾਵਰ ਸਨ ਤੇ ਇਹ ਅਚਨਚੇਤ ਵਾਪਰੀ ਘਟਨਾ ਨਹੀਂ ਹੈ ਬਲਕਿ ਗਿਣਮਿਥਕੇ ਕੀਤੀ ਗਈ ਹੈ। ਉਨਾਂ ਕਿਹਾ ਕਿ ਪਰਿਵਾਰ ਨੂੰ ਸੋਚੀ ਸਮਝੀ ਯੋਜਨਾ ਤਹਿਤ ਨਿਸ਼ਾਨਾ



ਬਣਾਇਆ ਗਿਆ ਹੈ ਤੇ ਇਸ ਘਟਨਾ ਵਿਚ ਕੋਈ ਗਿਰੋਹ ਵੀ ਸ਼ਾਮਿਲ ਹੋ ਸਕਦਾ ਹੈ ਤੇ ਮਾਮਲੇ ਨੂੰ ਡਰੱਗ ਤਸਕਰੀ ਨਾਲ ਵੀ ਜੋੜ ਕੇ ਵੇਖਿਆ ਜਾ ਰਿਹਾ ਹੈ। ਉਨਾਂ ਕਿਹਾ ਕਿ ਫਿਲਹਾਲ ਮਾਮਲਾ ਜਾਂਚ ਅਧੀਨ ਹੈ।



### ਬਾਬੂ ਮੰਗੂ ਰਾਮ ਮੂਗੋਵਾਲੀਆ ਜੀ ਦੇ ਜਨਮ ਦਿਹਾੜੇ ਮੌਕੇ

# ਬਹੁਜਨ ਸਮਾਜ ਪਾਰਟੀ ਪੰਜਾਬ ਵਲੋਂ ਸਭ ਨੂੰ ਲੱਖ ਲੱਖ ਵਧਾਈ

ਬਾਬੂ ਮੰਗੂ ਰਾਮ ਮੁਗੋਵਾਲੀਆ ਜੀ ਦਾ ਅੱਜ 14 ਜਨਵਰੀ ਨੂੰ ਜਨਮ ਦਿਹਾੜਾ ਹੈ। 138 ਸਾਲ ਪਹਿਲਾਂ 1886 ਨੂੰ ਜਨਮ ਹੋਇਆ (ਜਨਵਰੀ 14, 1886)। ਬਰਤਾਨੀਆਂ ਸਰਕਾਰ ਵਲੋਂ ਧਰਮ ਦੇ ਅਧਾਰ ਤੇ ਮਿਲਦੇ ਹੱਕਾਂ ਅਧਿਕਾਰਾਂ ਨੂੰ ਪ੍ਰਾਪਤ ਕਰਨ ਲਈ 1925 ਵਿਚ ਆਦਿ ਧਰਮ ਮੰਡਲ ਦੀ ਸਥਾਪਨਾ ਕੀਤੀ, ਜੋਕਿ ਕਿ ਅਛੂਤਾਂ ਲਈ ਹੱਕਾਂ ਅਧਿਕਾਰਾਂ ਲਈ ਸੰਘਰਸ਼ਮਈ ਸੰਗਠਨ ਸੀ। ਆਦਿ ਧਰਮ ਮੰਡਲ ਦਾ ਸੰਘਰਸ਼ ਇੰਨਾ ਤਿੱਖਾ ਸੀ ਕਿ ਬਰਤਾਨੀਆਂ ਸਰਕਾਰ ਨੇ 1931 ਦੀ ਮਰਦਸ਼ੁਮਾਰੀ ਵਿਚ ਆਦਿ-ਧਰਮੀਆਂ ਦੀ ਗਿਣਤੀ ਲਈ "ਆਦਿ ਧਰਮ" ਕਾਲਮ ਦਰਜ ਕੀਤਾ ਸੀ। ਆਦਿਧਰਮੀ ਸਮਾਜ ਦਾ ਜੈਕਾਰਾ ਜੈ ਗੁਰੂਦੇਵ ਧੰਨ ਗੁਰਦੇਵ ਸੀ। ਇਹੀ ਜੈਕਾਰਾ ਅੱਜ ਡੇਰਾ_ਸੱਚਖੰਡ_ਬੱਲਾਂ ਵਲੋਂ ਸਥਾਪਿਤ ਰਵਿਦਾਸੀਆ ਧਰਮ ਸਮਾਜ ਵਲੋਂ ਵੀ ਅਪਨਾਕੇ ਸ਼ਲਾਘਾਯੋਗ ਕੰਮ ਕੀਤਾ ਹੈ।

ਆਦਿ ਧਰਮ ਮੰਡਲ ਦਾ ਬਹੁ-ਚਰਚਿਤ ਅਖਬਾਰ ਆਦਿ-ਡੰਕਾ ਸੀ। 18 ਅਗਸਤ 1932 ਨੂੰ ਬਰਤਾਨੀਆਂ ਸਰਕਾਰ ਨੇ ਕਮਿਊਨਿਲ ਅਵਾਰਡ ਘੋਸ਼ਿਤ ਕੀਤਾ, ਜਿਸ ਤਹਿਤ ਅਛੂਤਾਂ ਨੂੰ ਦੋ ਵੋਟਾਂ ਅਤੇ ਵੱਖਰੇ ਚੋਣ ਖੇਤਰ ਦਾ ਅਧਿਕਾਰ ਮਿਲਿਆ। ਅਛੂਤਾਂ ਨੂੰ ਮਿਲੇ ਇਸ ਅਧਿਕਾਰ ਖ਼ਿਲਾਫ਼ 20 ਸਤੰਬਰ 1932 ਨੂੰ ਕਾਂਗਰਸ ਦੇ ਸਰਵੇ-ਸਰਵਾ ਮਹਾਤਮਾ ਗਾਂਧੀ ਨੇ ਪੂਨਾ ਦੀ ਯਰਵਦਾ ਜੇਲ੍ਹ ਵਿਚ ਮਰਨ ਵਰਤ ਰੱਖਿਆ। ਕਾਂਗਰਸ ਤੇ ਮਹਾਤਮਾ ਗਾਂਧੀ ਖ਼ਿਲਾਫ਼ ਪੰਜਾਬ ਵਿਚ ਲੜਾਈ ਬਾਬੂ ਮੰਗੂ ਰਾਮ ਮੁਗੋਵਾਲੀਆ ਜੀ ਨੇ ਲੜੀ ਤੇ ਮਿਲੇ ਅਧਿਕਾਰਾਂ ਦੇ ਹੱਕ ਵਿਚ ਮਰਨ ਵਰਤ ਸ਼ਿਮਲੇ ਵਿਖੇ ਰੱਖਿਆ। ਇਸ ਲੜਾਈ ਦਾ ਅੰਤ 24 ਸਤੰਬਰ 1932 ਨੂੰ ਪੂਨਾ ਪੈਕਟ ਨਾਲ ਹੋਇਆ। ਜਿਸ ਤਹਿਤ ਦੇਸ਼ ਵਿਚ ਸਾਂਝੇ ਚੋਣ ਖੇਤਰ ਤਹਿਤ ਰਾਖਵੀਆਂ ਸੀਟਾਂ ਮਿਲੀਆਂ। ਸਾਲ 1937 ਵਿਚ ਪੰਜਾਬ ਵਿੱਚ ਅੱਠ ਰਾਖਵੀਆਂ ਸੀਟਾਂ ਚੋਂ 7 ਸੀਟਾਂ ਜਿੱਤੀਆਂ। ਬਹੁਜਨ ਸਮਾਜ ਪਾਰਟੀ ਪੰਜਾਬ ਵਲੋਂ ਬਾਬੂ ਮੰਗੂ ਰਾਮ ਮੁਗੋਵਾਲੀਆ ਜੀ ਦੇ ਜਨਮ ਦਿਹਾੜੇ ਮੌਕੇ ਸਮੂਹ ਸਮਾਜ ਨੂੰ ਲੱਖ ਲੱਖ ਵਧਾਈ ਦਿੰਦੀ ਹੈ।



ਧੰਨਵਾਦ ਸਹਿਤ
**ਜਸਵੀਰ ਸਿੰਘ ਗੜ੍ਹੀ**
ਸੂਬਾ ਪ੍ਰਧਾਨ
ਬਹੁਜਨ ਸਮਾਜ ਪਾਰਟੀ ਪੰਜਾਬ

### 24 ਜਨਵਰੀ ਲਈ ਰਾਸ਼ਟਰੀ ਬਾਲਿਕਾ ਦਿਵਸ ਸਬੰਧੀ ਵਿਸ਼ੇਸ਼

# ਲੜਕੀਆਂ ਤੇ ਵੱਧ ਰਹੇ ਅਪਰਾਧ ਸਮਾਜ ਅਤੇ ਦੇਸ਼ ਲਈ ਖਤਰਨਾਕ



**ਕੁਲਦੀਪ ਚੰਦ**
91-9417563054

ਅੱਜ 24 ਜਨਵਰੀ ਨੂੰ ਦੇਸ਼ ਵਿੱਚ ਰਾਸ਼ਟਰੀ ਬਾਲਿਕਾ ਦਿਵਸ ਮਨਾਇਆ ਜਾ ਰਿਹਾ ਹੈ। ਰਾਸ਼ਟਰੀ ਬਾਲਿਕਾ ਦਿਵਸ ਦਾ ਉਦੇਸ਼ ਲੜਕੀਆਂ ਦੇ ਅਧਿਕਾਰਾਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨਾ, ਉਨ੍ਹਾਂ ਨੂੰ ਦੂਜਿਆਂ ਵਾਂਗ ਬਰਾਬਰ ਦੇ ਮੌਕੇ ਪ੍ਰਦਾਨ ਕਰਨਾ, ਦੇਸ਼ ਦੀਆਂ ਲੜਕੀਆਂ ਦੀ ਰੱਖਿਆ ਕਰਨਾ ਅਤੇ ਲਿੰਗ-ਅਧਾਰਤ ਪੱਖਪਾਤ ਨੂੰ ਦੂਰ ਕਰਨਾ ਹੈ। ਯੁੱਗਾਂ ਤੋਂ ਲੜਕੀਆਂ ਸਮਾਜ ਵਿੱਚ ਸਮੱਸਿਆਵਾਂ ਅਤੇ ਵਿਤਕਰੇ ਦਾ ਸਾਹਮਣਾ ਕਰਦੀਆਂ ਰਹੀਆਂ ਹਨ। ਇਸ ਵਿਤਕਰੇ ਨੂੰ ਦੂਰ ਕਰਨ ਅਤੇ ਲੜਕੀਆਂ ਦੀਆਂ ਸਥਿਤੀਆਂ ਨੂੰ ਸੁਧਾਰਨ ਲਈ ਮਹਿਲਾ ਅਤੇ ਬਾਲ ਵਿਕਾਸ ਮੰਤਰਾਲੇ ਦੁਆਰਾ 24 ਜਨਵਰੀ ਨੂੰ ਰਾਸ਼ਟਰੀ ਬਾਲਿਕਾ ਦਿਵਸ ਮਨਾਉਣ ਦੀ ਪਹਿਲਕਦਮੀ ਕੀਤੀ ਗਈ। ਰਾਸ਼ਟਰੀ ਬਾਲਿਕਾ ਦਿਵਸ ਦੀ ਸ਼ੁਰੂਆਤ ਸਾਲ 2008 ਤੋਂ ਸ਼ੁਰੂ ਕੀਤੀ ਗਈ ਅਤੇ ਇਸਦਾ ਮੁੱਖ ਉਦੇਸ਼ ਲੜਕੀਆਂ ਵਿੱਚ ਵੱਧ ਰਹੀ ਗੈਰ ਬਰਾਬਰੀ ਨੂੰ ਉਜਾਗਰ ਕਰਨਾ, ਲੜਕੀਆਂ ਦੇ ਅਧਿਕਾਰਾਂ ਸਬੰਧੀ ਜਾਗਰੂਕਤਾ ਵਧਾਉਣਾ ਅਤੇ ਲੜਕੀਆਂ ਲਈ ਸਿੱਖਿਆ, ਸਿਹਤ ਅਤੇ ਖੁਰਾਕ ਦੀ ਮਹੱਤਤਾ ਸਬੰਧੀ ਜਾਗਰੂਕ ਕਰਨਾ ਅਤੇ ਲੜਕੀਆਂ ਪ੍ਰਤੀ ਸਮਾਜ ਦੇ ਨਜ਼ਰੀਏ ਅਤੇ ਰਵੱਈਏ ਨੂੰ ਬਦਲਣਾ ਹੈ। ਸਰਕਾਰ ਨੇ ਇਸਦੀ ਸ਼ੁਰੂਆਤ 24 ਜਨਵਰੀ ਤੋਂ ਕੀਤੀ ਕਿਉਂਕਿ ਇਸ ਦਿਨ ਹੀ 24 ਜਨਵਰੀ 1966 ਨੂੰ ਦੇਸ਼ ਦੀ ਸਾਬਕਾ ਪ੍ਰਧਾਨ ਮੰਤਰੀ ਸਵਰਗੀ ਇੰਦਰਾ ਗਾਂਧੀ ਨੇ ਭਾਰਤ ਦੀ ਪਹਿਲੀ ਮਹਿਲਾ ਪ੍ਰਧਾਨ ਮੰਤਰੀ ਦੇ ਤੌਰ ਤੇ ਸੌਂਹ ਚੁੱਕੀ ਸੀ। ਭਾਵੇਂ ਅਸੀਂ 21ਵੀਂ ਸਦੀ ਵਿੱਚ ਪਹੁੰਚ ਗਏ ਹਾਂ ਪਰ ਕੁੜੀਆਂ ਬਾਰੇ ਬਹੁਤੇ ਲੋਕਾਂ ਦੀ ਸੋਚ ਅਜੇ ਵੀ ਸਦੀਆਂ ਪੁਰਾਣੀ ਹੈ। ਬੇਸ਼ੱਕ ਕਈ ਘਰਾਂ ਵਿੱਚ ਲੜਕੀਆਂ ਨੂੰ ਵੀ ਲੜਕਿਆਂ ਦੇ ਬਰਾਬਰ ਹੀ ਮਹੱਤਤਾ ਦਿਤੀ ਜਾਂਦੀ ਹੈ ਅਤੇ ਕਈ ਪਰਿਵਾਰਾਂ ਵਿੱਚ ਤਾਂ ਲੜਕੀਆਂ ਦੀ ਵੱਧ ਮਹੱਤਤਾ ਹੈ ਪਰ ਅਜਿਹੇ ਪਰਿਵਾਰਾਂ ਦੀ ਗਿਣਤੀ ਬਹੁਤ ਘੱਟ ਹੈ। ਸਾਡੇ ਦੇਸ਼ ਵਿੱਚ ਹਰ ਰੋਜ਼ ਨਿੱਕੀਆਂ ਮਾਸੂਮ ਬੱਚੀਆਂ ਦੇ ਨਾਲ ਬਲਾਤਕਾਰ ਹੋ ਰਹੇ ਹਨ, ਉਹਨਾਂ ਨੂੰ ਸਕੂਲਾਂ ਵਿੱਚ ਭੇਜਣ ਦੀ ਥਾਂ ਤੇ ਘਰਾਂ ਵਿੱਚ ਨੌਕਰਾਂ ਦੀ ਤਰ੍ਹਾਂ ਕੰਮ ਕਰਵਾਇਆ ਜਾਂਦਾ ਹੈ, ਅਣਗਿਣਤ ਬੱਚੀਆਂ ਨੂੰ ਜਨਮ ਲੈਣ ਤੋਂ ਪਹਿਲਾਂ ਹੀ ਮਾਂ ਦੇ ਗਰਭ ਵਿੱਚ ਲਿੰਗ ਜਾਂਚ ਕਰਵਾਕੇ ਖਤਮ ਕੀਤਾ ਜਾ ਰਿਹਾ ਹੈ, ਨਵਜੰਮੀਆਂ ਬੱਚੀਆਂ ਨੂੰ ਕੂੜੇ ਦੇ ਢੇਰਾਂ ਅਤੇ ਨਾਲੇ-ਨਾਲੀਆਂ ਵਿੱਚ ਲਾਵਾਰਿਸ ਸੁੱਟਿਆ ਜਾ ਰਿਹਾ ਹੈ ਜਿੱਥੇ ਕਿ ਕੁੱਤੇ ਅਤੇ ਹੋਰ ਜੰਗਲੀ ਜਾਨਵਰ ਉਹਨਾਂ ਦਾ ਮਾਸ ਨੋਚ-ਨੋਚਕੇ ਖਾ ਰਹੇ ਹਨ। ਸਾਡੇ ਦੇਸ਼ ਵਿੱਚ ਮੁੰਡਿਆਂ ਨੂੰ ਕੁੜੀਆਂ ਦੇ ਮੁਕਾਬਲੇ ਪਹਿਲ ਦਿੱਤੀ ਜਾਂਦੀ ਹੈ ਜਿਸ ਕਾਰਨ ਬਹੁਤੇ ਘਰਾਂ ਵਿੱਚ ਕੁੜੀਆਂ ਨਾਲ ਵਿਤਕਰਾ ਕੀਤਾ ਜਾਂਦਾ ਹੈ। ਕਈ ਪਰਿਵਾਰਾਂ ਵਿੱਚ ਅਜੇ ਵੀ ਕੁੜੀਆਂ ਨੂੰ ਅਕਸਰ ਸਰਕਾਰੀ ਸਕੂਲਾਂ ਵਿੱਚ ਜਦਕਿ ਮੁੰਡਿਆਂ ਨੂੰ ਵਧੀਆਂ ਪ੍ਰਾਇਵੇਟ ਸਕੂਲਾਂ ਵਿੱਚ ਪੜ੍ਹਾਇਆਂ ਜਾਂਦਾ ਹੈ। ਇਸੇ ਤਰਾਂ ਹੀ ਸਿਹਤ ਸੰਭਾਲ ਦੇ ਮਾਮਲੇ ਵਿੱਚ ਵੀ ਕੁੜੀਆਂ ਨਾਲ ਅਕਸਰ ਵਿਤਕਰਾ ਕੀਤਾ ਜਾਂਦਾ ਹੈ। ਮੁੰਡਿਆਂ ਨੂੰ ਕੁੜੀਆਂ ਦੇ ਮੁਕਾਬਲੇ ਵਧੀਆਂ ਕੱਪੜੇ, ਵਧੀਆਂ ਖਾਣਾ ਅਤੇ ਜ਼ਿਆਦਾ ਜੇਬ ਖਰਚ ਦਿੱਤਾ ਜਾਂਦਾ ਹੈ ਜਦਕਿ ਕੁੜੀਆਂ ਨੂੰ ਪਰਾਏ ਘਰ ਜਾਣ ਵਾਲੀ ਕਹਿ ਕੇ ਕਈ ਤਰਾਂ ਦਾ ਪੱਖਪਾਤ ਕੀਤਾ ਜਾਂਦਾ ਹੈ। ਇੱਕ ਪਾਸੇ ਕੰਨਿਆ ਪੂਜਨ ਵਰਗੇ ਧਾਰਮਿਕ ਮੌਕਿਆਂ ਤੇ ਪੂਜਾ ਕਰਦੇ ਹਾਂ ਪਰ ਜਦੋਂ ਖੁਦ ਦੇ ਘਰ ਕੰਨਿਆ ਜਨਮ ਲੈਂਦੀ ਹੈ ਤਾਂ ਕਈ ਪਰਿਵਾਰਾਂ ਵਿੱਚ ਮਾਹੌਲ ਸੋਗਮਈ ਹੋ ਜਾਂਦਾ ਹੈ। ਜੇਕਰ ਬਾਲ ਲਿੰਗ ਅਨੁਪਾਤ ਦੇਖਿਆ ਜਾਵੇ ਤਾਂ ਬੇਹੱਦ ਨਿਰਾਸ਼ਾਜਨਕ ਹੈ। ਭਾਰਤ ਵਿਚ 1991 ਦੀ ਜਨਗਣਨਾ ਵਿੱਚ ਪ੍ਰਤੀ 1000 ਮੁੰਡਿਆਂ ਦੇ ਮੁਕਾਬਲੇ 945 ਕੁੜੀਆਂ ਸਨ ਜੋਕਿ 2001 ਵਿੱਚ ਘੱਟ ਕੇ 927 ਰਹਿ ਗਈਆਂ ਸਨ ਅਤੇ 2011 ਵਿੱਚ ਹੋਰ ਘਟਕੇ 919 ਰਹਿ ਗਈਆਂ ਹਨ। ਜੇਕਰ ਅੰਕੜੇ ਵੇਖੀਏ ਤਾਂ ਕੁੜੀਆਂ ਦੀ ਗਿਣਤੀ ਪੱਖੋਂ ਅਰੁਣਾਚਲ ਦੀ ਹਾਲਤ ਸਭ ਤੋਂ ਵਧੀਆ ਹੈ ਅਤੇ ਕੁੜੀਆਂ ਦੀ ਗਿਣਤੀ 972 ਹੈ ਜਦਕਿ ਸਭ ਤੋਂ ਮਾੜੀ ਹਾਲਤ ਹਰਿਆਣਾ ਦੀ ਹੈ ਅਤੇ ਕੁੜੀਆਂ ਦੀ ਗਿਣਤੀ 834 ਰਹਿ ਗਈ ਹੈ, ਪੰਜਾਬ ਅਤੇ ਹਰਿਆਣਾ ਦੀ ਰਾਜਧਾਨੀ ਚੰਡੀਗੜ੍ਹ ਵਿੱਚ 2011 ਵਿੱਚ ਇਨ੍ਹਾਂ ਦੀ ਗਿਣਤੀ 880 ਰਹਿ ਗਈ ਹੈ, ਪੰਜਾਬ ਵਿੱਚ ਇਨ੍ਹਾਂ ਦੀ ਗਿਣਤੀ 846 ਰਹਿ ਗਈ ਹੈ। ਇਸ ਪੱਖੋਂ ਕਈ ਗਰੀਬ ਰਾਜਾਂ ਬਿਹਾਰ, ਉਤਰ ਪ੍ਰਦੇਸ਼ ਆਦਿ ਦੀ ਹਾਲਤ ਵਧੀਆ ਹੈ। ਸੰਯੁਕਤ ਰਾਸ਼ਟਰ ਦੀ ਇੱਕ ਰਿਪੋਰਟ ਅਨੁਸਾਰ ਦੁਨੀਆਂ ਵਿੱਚ ਲੱਗਭੱਗ 130 ਮਿਲੀਅਨ ਬੱਚੇ ਸਕੂਲ ਨਹੀਂ ਜਾਂਦੇ ਹਨ ਜਿਹਨਾਂ ਵਿੱਚੋਂ 60 ਫੀਸਦੀ ਲੜਕੀਆਂ ਹੀ ਹਨ। 2011 ਦੀ ਜਨਗਣਨਾ ਅਨੁਸਾਰ ਦੇਸ ਵਿੱਚ ਲੱਗਭੱਗ 11 ਫਿਸਦੀ ਸਕੂਲਾਂ ਅਤੇ 53 ਫਿਸਦੀ ਘਰਾਂ ਵਿੱਚ ਪਖਾਨਿਆਂ ਦੀ ਸਹੂਲਤ ਨਹੀਂ ਹੈ ਜਿਸਦਾ ਸਭ ਤੋਂ ਵੱਧ ਅਸਰ ਲੜਕੀਆਂ ਅਤੇ ਮਹਿਲਾਵਾਂ ਤੇ ਹੀ ਪੈਂਦਾ ਹੈ। ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ (ਐਨਸੀਆਰਬੀ) ਦੀ ਬੱਚਿਆਂ ਵਿਰੁੱਧ ਅਪਰਾਧਾਂ ਦੀ ਸਥਿਤੀ ਬਾਰੇ ਰਿਪੋਰਟ ਨੇ ਖਾਸ ਤੌਰ ਤੇ ਪੂਰਬੀ ਰਾਜਾਂ ਵਿੱਚ ਗੰਭੀਰ ਚਿੰਤਾਜਨਕ ਸਥਿਤੀ ਦਾ ਵਰਨਣ ਕੀਤਾ ਹੈ। ਇਸ ਰਿਪੋਰਟ ਅਨੁਸਾਰ ਪੱਛਮੀ ਬੰਗਾਲ ਵਿੱਚ ਇੱਕ ਸਾਲ ਵਿੱਚ ਬੱਚਿਆਂ ਵਿਰੁੱਧ ਅਪਰਾਧਾਂ ਦੇ 9523 ਮਾਮਲੇ ਦਰਜ ਕੀਤੇ ਗਏ ਸਨ ਭਾਵ ਬੱਚਿਆਂ ਵਿਰੁੱਧ ਅਪਰਾਧ ਦੀਆਂ ਲਗਭਗ 26 ਘਟਨਾਵਾਂ ਹਰ ਰੋਜ਼ ਦਰਜ ਕੀਤੀਆਂ ਗਈਆਂ ਹਨ। ਇਹ ਹੋਰ ਵੀ ਗੰਭੀਰ ਚਿੰਤਾਜਨਕ ਹੈ ਕਿ ਅਪਰਾਧ ਪੀੜਿਤਾਂ ਵਿੱਚੋਂ 98.6 ਪ੍ਰਤੀਸ਼ਤ ਕੁੜੀਆਂ ਹੀ ਸਨ। ਗੁਆਂਢੀ ਸੂਬੇ ਉੜੀਸਾ ਵਿੱਚ ਬੱਚਿਆਂ ਵਿਰੁੱਧ ਅਪਰਾਧਾਂ ਦੇ 7899 ਮਾਮਲੇ ਸਾਹਮਣੇ ਆਏ ਜੋ ਰੋਜ਼ਾਨਾ ਔਸਤਨ 21 ਹਨ ਅਤੇ ਇਹ ਵੀ ਪੀੜਿਤ ਲੜਕੀਆਂ ਸਨ। ਸਾਲ 2017-2021 ਦੌਰਾਨ ਪੱਛਮੀ ਬੰਗਾਲ ਵਿੱਚ ਬੱਚਿਆਂ ਵਿਰੁੱਧ ਅਪਰਾਧਾਂ ਵਿੱਚ 45.4 ਪ੍ਰਤੀਸ਼ਤ ਦਾ ਵਾਧਾ ਹੋਇਆ ਹੈ। ਉੜੀਸਾ ਵਿੱਚ ਇਸ ਸਮੇਂ ਦੌਰਾਨ ਬੱਚਿਆਂ ਵਿਰੁੱਧ ਅਪਰਾਧਾਂ ਵਿੱਚ 148 ਪ੍ਰਤੀਸ਼ਤ ਦਾ ਵਾਧਾ ਹੋਇਆ ਹੈ ਜੋ ਕਿ ਦੇਸ਼ ਵਿੱਚ ਸਭ ਤੋਂ ਵੱਧ ਹੈ। ਬੱਚਿਆਂ ਵਿਰੁੱਧ ਅਪਰਾਧਾਂ ਦੇ ਮਾਮਲੇ ਵਿੱਚ ਪੱਛਮੀ ਬੰਗਾਲ ਅਤੇ ਉੜੀਸਾ ਦੋਵੇਂ ਚੋਟੀ ਦੇ ਪੰਜ ਰਾਜਾਂ ਦੀ ਸੂਚੀ ਵਿੱਚ ਵਿਸ਼ੇਸ਼ਤਾ ਰੱਖਦੇ ਹਨ, ਮਹਾਰਾਸ਼ਟਰ, ਮੱਧ ਪ੍ਰਦੇਸ਼ ਅਤੇ ਉੱਤਰ ਪ੍ਰਦੇਸ਼ ਦੂਜੇ ਨੰਬਰ ਤੇ ਹਨ ਜੋ ਕਿ ਦੇਸ਼ ਭਰ ਵਿੱਚ ਬੱਚਿਆਂ ਵਿਰੁੱਧ ਕੀਤੇ ਗਏ ਕੁੱਲ ਅਪਰਾਧਾਂ 47. 1 ਪ੍ਰਤੀਸ਼ਤ ਦਾ ਅੱਧਾ ਹਿੱਸਾ ਹੈ। ਇਹ ਸਿਰਫ ਸਰਕਾਰੀ ਅੰਕੜੇ ਹਨ ਜਦਕਿ ਹਕੀਕਤ ਹੈ ਕਿ ਬਹੁਤੇ ਮਾਮਲੇ ਰਜਿਸਟਰਡ ਹੀ ਨਹੀਂ ਹੁੰਦੇ ਹਨ। ਇਸ ਲਈ ਅਪਰਾਧਾਂ ਦੀ ਗਿਣਤੀ ਰਿਪੋਰਟ ਕੀਤੇ ਗਏ ਮਾਮਲਿਆਂ ਨਾਲੋਂ ਵੱਧ ਹੋ ਸਕਦੀ ਹੈ। ਰਾਜਾਂ ਵਿੱਚ ਬਾਲ ਸੁਰੱਖਿਆ ਨੂੰ ਮਜ਼ਬੂਤ ਕਰਨ ਦੀਆਂ ਕਈ ਪਹਿਲਕਦਮੀਆਂ ਦੇ ਬਾਵਜੂਦ, ਇਹ ਸੰਖਿਆ ਬੱਚਿਆਂ ਦੀ ਵੱਧ ਰਹੀ ਕਮਜ਼ੋਰੀ, ਖਾਸ ਕਰਕੇ ਮਹਾਂਮਾਰੀ ਤੋਂ ਬਾਅਦ ਦੇ ਯੁੱਗ ਵਿੱਚ ਇੱਕ ਗੰਭੀਰ ਸੰਕੇਤ ਹੈ। ਪੱਛਮੀ ਬੰਗਾਲ ਵਿੱਚ ਬੱਚਿਆਂ ਵਿਰੁੱਧ ਅਪਰਾਧਾਂ ਦੇ ਕੁੱਲ 9523 ਮਾਮਲਿਆਂ ਵਿੱਚੋਂ 2607 ਪੋਕਸੋ ਤਹਿਤ ਦਰਜ ਕੀਤੇ ਗਏ ਸਨ। ਉੜੀਸਾ ਵਿੱਚ ਪੋਕਸੋ ਦੇ ਤਹਿਤ 2498 ਮਾਮਲੇ ਦਰਜ ਕੀਤੇ ਗਏ। ਪੂਰਬ ਦੇ ਸਾਰੇ ਪੰਜ ਰਾਜਾਂ ਵਿੱਚ ਜਿੱਥੇ ਇੱਕ ਸੰਸਥਾ ਵਲੋਂ ਵਿਸਲੇਸ਼ਣ ਕੀਤਾ ਗਿਆ ਹੈ ਪੱਛਮੀ ਬੰਗਾਲ, ਉੜੀਸਾ, ਬਿਹਾਰ, ਝਾਰਖੰਡ ਅਤੇ ਅਸਾਮ ਵਿੱਚ ਪੀੜਿਤਾਂ ਵਿੱਚੋਂ ਲੱਗਭੱਗ 99 ਪ੍ਰਤੀਸ਼ਤ ਲੜਕੀਆਂ ਹੀ ਸਨ। ਬਿਹਾਰ ਅਤੇ ਉੜੀਸਾ ਵਿੱਚ ਸਾਰੀਆਂ ਕੁੜੀਆਂ ਹਨ। ਝਾਰਖੰਡ ਵਿੱਚ ਪੀੜਿਤ ਲੜਕੀਆਂ ਦੀ ਹਿੱਸੇਦਾਰੀ 99.6 ਪ੍ਰਤੀਸ਼ਤ, ਅਸਾਮ ਵਿੱਚ 99.9 ਪ੍ਰਤੀਸ਼ਤ ਅਤੇ ਪੱਛਮੀ ਬੰਗਾਲ ਵਿੱਚ 98.6 ਸੀ। ਸਸ਼ਕਤੀਕਰਨ ਅਤੇ ਸਿੱਖਿਆ ਤੇ ਜ਼ੋਰ ਦੇਣ ਦੇ ਬਾਵਜੂਦ ਅਪਰਾਧਾਂ ਦੀ ਗਿਣਤੀ ਦੇਸ਼ ਵਿੱਚ ਬੱਚੀਆਂ ਦੀ ਕਮਜ਼ੋਰੀ ਨੂੰ ਦਰਸਾਉਂਦੀ ਹੈ। ਦੇਸ਼ ਦੀ ਬਾਲ ਸੁਰੱਖਿਆ ਪ੍ਰਣਾਲੀ ਨੂੰ ਮਜ਼ਬੂਤ ਕਰਨ ਅਤੇ ਪੁਲਿਸ, ਨਿਆਂਇਕ ਅਤੇ ਕਾਨੂੰਨੀ ਪ੍ਰਣਾਲੀਆਂ ਨੂੰ ਵਧੇਰੇ ਸਰਗਰਮ ਬਣਾਉਣ ਲਈ ਤੁਰੰਤ ਉਪਾਵਾਂ ਦੀ ਲੋੜ ਹੈ। ਪੰਜਾਬ ਵਿੱਚ ਕੁੱਲ ਜੁਰਮਾਂ ਵਿੱਚ 2020 ਦੇ ਮੁਕਾਬਲੇ 11ਗ਼ ਦੀ ਗਿਰਾਵਟ ਆਈ, ਪਰ ਬੱਚੇ ਸੁਰੱਖਿਅਤ ਨਹੀਂ ਹਨ ਕਿਉਂਕਿ ਉਨ੍ਹਾਂ ਵਿਰੁੱਧ ਅਪਰਾਧਾਂ ਵਿੱਚ ਵਾਧਾ ਹੋਇਆ ਹੈ। ਐਨਸੀਆਰਬੀ ਦੇ ਅੰਕੜੇ ਪਿਛਲੇ ਸਾਲ ਦੇ ਮੁਕਾਬਲੇ 2021 ਵਿੱਚ ਬੱਚਿਆਂ ਦੇ ਵਿਰੁੱਧ ਸਮਝੇ ਜਾਣ ਵਾਲੇ ਅਪਰਾਧਾਂ ਵਿੱਚ 20ਗ਼ ਵਾਧੇ ਨੂੰ ਦਰਸਾਉਂਦੇ ਹਨ, ਜੋ ਉਹਨਾਂ ਨੂੰ ਕਮਜ਼ੋਰ ਬਣਾਉਂਦੇ ਹਨ। ਸਾਲ 2020 ਵਿੱਚ ਦਰਜ ਕੀਤੇ ਗਏ 2121 ਮਾਮਲਿਆਂ ਦੇ ਮੁਕਾਬਲੇ 2021 ਵਿੱਚ ਬੱਚਿਆਂ ਵਿਰੁੱਧ ਅਪਰਾਧਾਂ ਦੇ 2556 ਮਾਮਲੇ ਦਰਜ ਕੀਤੇ ਗਏ ਸਨ। ਇੱਕ ਗੈਰ ਸਰਕਾਰੀ ਸੰਸਥਾ ਵਲੋਂ 357 ਸਕੂਲਾਂ ਵਿੱਚ ਸਰਵੇ ਕਰਵਾਇਆ ਜਿਸ ਅਨੁਸਾਰ 63 ਫੀਸਦੀ ਲੜਕੀਆਂ ਨੇ ਮੰਨਿਆ ਕਿ ਉਹਨਾਂ ਦਾ ਗੰਭੀਰ ਸਰੀਰਕ ਸੋਸ਼ਣ ਜਾਂ ਬਲਾਤਕਾਰ ਕੀਤਾ ਗਿਆ ਅਤੇ 29 ਫੀਸਦੀ ਨਾਲ ਸ਼ਰੀਰਕ ਛੇੜਖਾਨੀ ਕੀਤੀ ਗਈ। ਹਰ ਰੋਜ ਔਸਤਨ 106 ਮਹਿਲਾਵਾਂ ਅਤੇ ਲੜਕੀਆਂ ਬਲਾਤਕਾਰ ਦਾ ਸ਼ਿਕਾਰ ਬਣਦੀਆਂ ਹਨ ਅਤੇ ਇਨ੍ਹਾਂ ਵਿੱਚੋਂ ਜਿਆਦਾ ਗਿਣਤੀ 12 ਸਾਲ ਤੋਂ ਘੱਟ ਉਮਰ ਦੀਆਂ ਬੱਚੀਆਂ ਦੀ ਹੀ ਹੈ। ਇੱਕ ਪਾਸੇ ਦੇਸ਼ ਵਿੱਚ ਲੜਕੀਆਂ ਦੀ ਗਿਣਤੀ ਲੜਕਿਆਂ ਦੇ ਮੁਕਾਬਲੇ ਘਟਦੀ ਜਾ ਰਹੀ ਹੈ ਦੂਜੇ ਪਾਸੇ ਲੜਕੀਆਂ ਪ੍ਰਤੀ ਅਪਰਾਧ ਵੱਧ ਰਹੇ ਹਨ ਜੋਕਿ ਦੇਸ਼ ਦੇ ਵਿਕਾਸ ਵਿੱਚ ਵੱਡੀ ਰੁਕਾਵਟ ਹੈ। ਸਾਡੇ ਦੇਸ਼ ਵਿੱਚ ਲੜਕੀਆਂ ਦੀ ਸਾਖਰਤਾ ਦਰ ਅਜੇ ਤੱਕ ਸਿਰਫ 53.87 ਫਿਸਦੀ ਹੈ ਅਤੇ ਹਰ ਤੀਜੀ ਲੜਕੀ ਖੁਰਾਕ ਦੀ ਘਾਟ ਕਾਰਨ ਅਨੀਮਿਕ ਹੈ। ਲੱਗਭੱਗ 9 ਫਿਸਦੀ ਲੜਕੀਆਂ ਅਜੇ ਵੀ ਉਮਰ ਤੋਂ ਪਹਿਲਾਂ ਹੀ ਮਾਂ ਬਣਦੀਆਂ ਹਨ। ਸਿਹਤ ਸਬੰਧੀ ਸਮੇਂ ਸਮੇਂ ਤੇ ਕਰਵਾਏ ਜਾਂਦੇ ਸਰਵੇਖਣਾਂ ਵਿੱਚ ਸਪੱਸ਼ਟ ਪਤਾ ਚੱਲਦਾ ਹੈ ਕਿ ਲੜਕੀਆਂ ਲੜਕਿਆਂ ਦੇ ਮੁਕਾਬਲੇ ਸਿਹਤ ਪੱਖੋਂ ਕਮਜ਼ੋਰ ਹਨ। ਦੇਸ਼ ਵਿੱਚ ਵੱਧ ਰਹੇ ਅਪਰਾਧਾਂ ਦਾ ਸਭ ਤੋਂ ਵੱਧ ਅਸਰ ਲੜਕੀਆਂ ਅਤੇ ਮਹਿਲਾਵਾਂ ਤੇ ਹੀ ਪੈ ਰਿਹਾ ਹੈ। ਲੜਕੀਆਂ ਤੇ ਵੱਧਦੇ ਤੇਜਾਬੀ ਹਮਲੇ, ਆਨਰ ਕਿਲਿੰਗ ਦੇ ਮਾਮਲੇ ਦੇਸ਼ ਵਿੱਚ ਲੜਕੀਆਂ ਦੀ ਸੁਰੱਖਿਆ ਦੇ ਪੋਲ ਖੋਲਦੇ ਹਨ। ਲੜਕੀਆਂ ਦੀ ਭਲਾਈ ਲਈ ਸੱਖਤ ਕਨੂੰਨ ਅਤੇ ਯੋਜਨਾਵਾਂ ਹੋਣ ਦੇ ਬਾਬਜੂਦ ਲੜਕੀਆਂ ਨਾਲ ਪੱਖਪਾਤ ਤੇ ਅਤਿੱਆਚਾਰ ਦੀਆਂ ਘਟਨਾਵਾਂ ਦਿਨ ਪ੍ਰਤੀ ਦਿਨ ਵੱਧ ਰਹੀਆਂ ਹਨ। ਰੁਕਾਵਟਾਂ ਦੇ ਬਾਬਜੂਦ ਲੜਕੀਆਂ ਜੀਵਨ ਦੇ ਹਰੇਕ ਖੇਤਰ ਸਿੱਖਿਆ, ਖੇਡਾਂ, ਰਾਜਨੀਤੀ, ਪ੍ਰਤੀਯੋਗਤਾਵਾਂ ਆਦਿ ਵਿੱਚ ਅੱਗੇ ਵੱਧ ਰਹੀਆਂ ਹਨ। ਸਿਹਤਮੰਦ ਅਤੇ ਸਿੱਖਿਅਤ ਕੰਨਿਆਵਾਂ ਆਉਣ ਵਾਲੇ ਸਮੇਂ ਦੀ ਮੁੱਖ ਜ਼ਰੂਰਤ ਹਨ ਕਿਉਂਕਿ ਇਹੀ ਆਉਣ ਵਾਲੇ ਸਮਾਜ ਨੂੰ ਸਹੀ ਰਾਹ ਦਿਖਾ ਸਕਦੀਆਂ ਹਨ ਅਤੇ ਇੱਕ ਬੇਹਤਰੀਨ ਪਤਨੀ, ਮਾਂ, ਕਰਮਚਾਰੀ, ਨੇਤਾ ਅਤੇ ਹੋਰ ਖੇਤਰਾਂ ਵਿੱਚ ਇਹ ਆਪਣੇ ਯੋਗਦਾਨ ਰਾਹੀਂ ਦੇਸ਼ ਦੇ ਵਿਕਾਸ ਵਿੱਚ ਸਹਾਇਕ ਸਿੱਧ ਹੋਣਗੀਆਂ ਪਰ ਇਹ ਸਾਰਾ ਕੁਝ ਤਾਂ ਹੀ ਸੰਭਵ ਹੋਵੇਗਾ ਜਦੋਂ ਦੇਸ਼ ਵਿੱਚ ਬੱਚੀਆਂ ਸੁਰੱਖਿਅਤ ਹੋਣਗੀਆਂ ਅਤੇ ਉਨ੍ਹਾਂ ਨੂੰ ਵੀ ਵਿਕਸਿਤ ਹੋਣ ਦੇ ਬਰਾਬਰ ਮੌਕੇ ਮਿਲਣਗੇ। ਸਰਕਾਰ ਵਲੋਂ ਲੜਕੀਆਂ ਦੀ ਭਲਾਈ ਲਈ ਕਈ ਯੋਜਨਾਵਾਂ ਚਲਾਈਆਂ ਜਾ ਰਹੀਆਂ ਹਨ ਜਿਨ੍ਹਾ ਵਿੱਚ ਸਬਲਾ, ਸੁਕੰਨਿਆ ਸਮਰਿਧੀ ਯੋਜਨਾ, ਪ੍ਰਧਾਨ ਮੰਤਰੀ ਸੁਖਿਅਤ ਮਾਤਰਤਵ ਯੋਜਨਾ, ਜਨਨੀ ਸੁਰਖਿੱਆ ਯੋਜਨਾ, ਜਨਨੀ ਸ਼ਿਸ਼ੂ ਸੁਰੱਖਿਆ ਕਾਰਿਆਕਰਮ, ਬੇਟੀ ਬਚਾਓ ਬੇਟੀ ਪੜ੍ਹਾਓ ਯੋਜਨਾ ਆਦਿ ਸਾਮਲ ਹਨ। ਲੜਕੀਆਂ ਦੀ ਸੁਰੱਖਿਆ ਲਈ ਕਈ ਕਨੂੰਨ ਬਣਾਏ ਗਏ ਹਨ ਪਰ ਅਸਲੀਅਤ ਇਹ ਹੈ ਕਿ ਇਹ ਕਨੂੰਨ ਵੀ ਅਸਰਦਾਇਕ ਸਾਬਿਤ ਨਹੀਂ ਹੋ ਰਹੇ ਹਨ। ਲੜਕੀਆਂ ਦੀ ਸੁਰੱਖਿਆ ਅਤੇ ਭਲਾਈ ਲਈ ਸਥਾਪਿਤ ਵਿਭਾਗ ਅਣਗਹਿਲੀ ਅਤੇ ਕੋਝੀ ਰਾਜਨੀਤੀ ਦਾ ਸਿਕਾਰ ਹੋ ਰਹੇ ਹਨ। ਭਾਰਤ ਵਿੱਚ ਲੜਕੀਆਂ ਦੀ ਸਿੱਖਿਆ ਨੂੰ ਉਤਸ਼ਾਹਿਤ ਕਰਨ ਲਈ ਕਈ ਮੁਹਿੰਮਾਂ ਚੱਲ ਰਹੀਆਂ ਹਨ। ਇਹਨਾਂ ਮੁਹਿੰਮਾਂ ਦਾ ਮੁੱਖ ਉਦੇਸ਼ ਭਾਰਤ ਵਿੱਚ ਇੱਕ ਬੱਚੀ ਨੂੰ ਦਰਪੇਸ਼ ਸਮੱਸਿਆਵਾਂ ਅਤੇ ਵਿਤਕਰੇ ਨੂੰ ਉਜਾਗਰ ਕਰਨਾ ਹੈ। ਟੀਵੀ ਅਤੇ ਅਖਬਾਰਾਂ ਵਿੱਚ ਵੱਖ-ਵੱਖ ਇਸ਼ਤਿਹਾਰਾਂ ਦਾ ਪ੍ਰਸਾਰਣ ਅਤੇ ਪ੍ਰਕਾਸ਼ਿਤ ਕੀਤਾ ਜਾਂਦਾ ਹੈ। ਲੜਕੀਆਂ ਨੂੰ ਪੂਰੀ ਸਮਰੱਥਾ ਵਾਲਾ, ਸੁਰੱਖਿਅਤ ਅਤੇ ਯੋਗ ਵਾਤਾਵਰਨ ਮਿਲਣਾ ਬਹੁਤ ਜ਼ਰੂਰੀ ਹੈ। ਉਨ੍ਹਾਂ ਨੂੰ ਆਪਣੇ ਸਾਰੇ ਕਾਨੂੰਨੀ ਅਧਿਕਾਰਾਂ ਅਤੇ ਜੀਵਨ ਦੇ ਤੱਥਾਂ ਤੋਂ ਜਾਣੂ ਹੋਣਾ ਚਾਹੀਦਾ ਹੈ। ਉਨ੍ਹਾਂ ਨੂੰ ਆਪਣੇ ਉਚਿਤ ਅਧਿਕਾਰ ਪ੍ਰਾਪਤ ਕਰਨ ਅਤੇ ਜੀਵਨ ਦੀਆਂ ਸਾਰੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਘਰੇਲੂ ਹਿੰਸਾ ਐਕਟ 2009, ਬਾਲ ਵਿਆਹ ਰੋਕੂ ਕਾਨੂੰਨ 2006, ਅਤੇ ਦਾਜ ਰੋਕੂ ਕਾਨੂੰਨ 2006 ਸਮੇਤ ਕਾਨੂੰਨਾਂ ਬਾਰੇ ਚੰਗੀ ਤਰ੍ਹਾਂ ਜਾਣੂ ਹੋਣਾ ਚਾਹੀਦਾ ਹੈ। ਸਰਕਾਰ ਵਲੋਂ ਸਾਲ 2021 ਵਿੱਚ ਬੇਟੀ ਬਚਾਓ ਬੇਟੀ ਪੜ੍ਹਾਓ ਯੋਜਨਾ ਦੀ ਸਾਲਗਿਰਾਹ ਮਨਾਈ ਗਈ, ਉੜੀਸਾ ਸਰਕਾਰ ਵਲੋਂ ਬਾਲ ਵਿਆਹ ਮੁੱਕਤ ਪਿੰਡਾਂ ਲਈ ਕੰਮ ਕਰਨ ਵਾਲੇ ਵਿਅੱਕਤੀਆਂ ਅਤੇ ਸੰਸਥਾਵਾਂ ਨੂੰ ਕੀਤਾ ਗਿਆ ਹੈ ਅਤੇ ਪੰਜਾਬ ਸਰਕਾਰ ਵਲੋਂ ਧੀਆਂ ਦੀ ਲੋਹੜੀ ਮਨਾਈ ਗਈ ਹੈ। 24 ਜਨਵਰੀ ਨੂੰ ਰਾਸ਼ਟਰੀ ਬਾਲਿਕਾ ਦਿਵਸ ਦੇ ਮੌਕੇ ਅਤੇ ਅਜ਼ਾਦੀ ਕਾ ਅੰਮ੍ਰਿਤ ਮਹੋਤਸਵ ਦੇ ਹਿੱਸੇ ਵਜੋਂ 2022 ਦੇ ਪ੍ਰਧਾਨ ਮੰਤਰੀ ਰਾਸਟਰੀ ਬਾਲ ਪੁਰਸਕਾਰ ਦੁਆਰਾ ਬੱਚਿਆਂ ਦੀਆਂ ਮਿਸਾਲੀ ਪ੍ਰਾਪਤੀਆਂ ਨੂੰ ਮਾਨਤਾ ਦੇਣ ਲਈ ਇੱਕ ਵਰਚੁਅਲ ਸਮਾਗਮ ਆਯੋਜਿਤ ਕੀਤਾ ਗਿਆ ਜਿਸ ਵਿੱਚ ਜੇਤੂਆਂ ਨੂੰ ਡਿਜੀਟਲ ਸਰਟੀਫਿਕੇਟ ਦਿਤੇ ਗਏ ਅਤੇ 1,00,000/- ਰੁਪਏ ਦੇ ਨਕਦ ਇਨਾਮ ਜੇਤੂਆਂ ਨੂੰ ਦਿਤੇ ਗਏ। ਮਹਿਲਾ ਅਤੇ ਬਾਲ ਵਿਕਾਸ ਮੰਤਰਾਲੇ ਨੇ ਟੀਕਾਕਰਨ, ਜਨਮ ਰਜਿਸਟਰੇਸ਼ਨ, ਸਕੂਲ ਦਾਖਲਾ, ਅੱਠਵੀਂ ਜਮਾਤ ਤੱਕ ਰੱਖ-ਰਖਾਅ ਵਰਗੀਆਂ ਬੁਨਿਆਦੀ ਲੋੜਾਂ ਨੂੰ ਪੂਰਾ ਕਰਨ ਲਈ ਬੱਚੀਆਂ ਦੇ ਪਰਿਵਾਰ ਨੂੰ ਨਕਦ ਟਰਾਂਸਫਰ ਕਰਨ ਲਈ ਧਨਲਕਸ਼ਮੀ ਨਾਂ ਦੀ ਇੱਕ ਸਕੀਮ ਲਾਗੂ ਕੀਤੀ ਹੈ। ਸਿੱਖਿਆ ਦਾ ਅਧਿਕਾਰ ਕਾਨੂੰਨ ਅਧੀਨ ਲੜਕੀਆਂ ਨੂੰ ਮੁਫਤ ਅਤੇ ਲੋੜੀਂਦੀ ਸਿੱਖਿਆ ਉਪਲਬਧ ਕਰਵਾਈ ਜਾਂਦੀ ਹੈ। ਅਸੀਂ ਆਪਣੀ ਧੀ ਨੂੰ ਬੇਟਾ ਕਹਿ ਸਕਦੇ ਹਾਂ ਪਰ ਆਪਣੇ ਬੇਟੇ ਨੂੰ ਕਦੇ ਬੇਟੀ ਨਹੀਂ ਕਹੋਗੇ, ਇਹ ਦਰਸਾਉਂਦਾ ਹੈ ਕਿ ਧੀਆਂ ਇੰਨੀਆਂ ਖਾਸ ਕਿਉਂ ਹੁੰਦੀਆਂ ਹਨ। ਰਾਸ਼ਟਰੀ ਬਾਲਿਕਾ ਦਿਵਸ ਦਾ ਉਦੇਸ਼ ਇੱਕ ਲੜਕੀ ਦੇ ਅਧਿਕਾਰਾਂ ਬਾਰੇ ਜਾਗਰੂਕਤਾ ਪੈਦਾ ਕਰਨਾ ਅਤੇ ਲੜਕੀਆਂ ਨੂੰ ਹਰ ਕਿਸੇ ਦੀ ਤਰ੍ਹਾਂ ਮੌਕੇ ਪ੍ਰਦਾਨ ਕਰਨਾ, ਦੇਸ਼ ਦੀ ਬੱਚੀ ਦੀ ਸਹਾਇਤਾ ਕਰਨਾ ਅਤੇ ਲਿੰਗ-ਅਧਾਰਤ ਪੱਖਪਾਤ ਨੂੰ ਦੂਰ ਕਰਨਾ ਹੈ। ਇਸ ਦਿਨ ਨੂੰ ਮਨਾਉਣ ਦਾ ਇੱਕ ਹੋਰ ਉਦੇਸ਼ ਇੱਕ ਬੱਚੀ ਨੂੰ ਦਰਪੇਸ਼ ਅਸਮਾਨਤਾਵਾਂ ਬਾਰੇ ਜਾਗਰੂਕਤਾ ਪੈਦਾ ਕਰਨਾ ਅਤੇ ਲੋਕਾਂ ਨੂੰ ਲੜਕੀਆਂ ਦੀ ਸਿੱਖਿਆ ਬਾਰੇ ਜਾਗਰੂਕ ਕਰਨਾ ਹੈ।




ਮੂਲ ਰੂਪ ਵਿੱਚ ਉਹਨਾਂ ਦੀ ਕਦਰ ਕਰਨਾ ਅਤੇ ਉਹਨਾਂ ਦਾ ਹਰ ਕਿਸੇ ਵਾਂਗ ਸਤਿਕਾਰ ਕਰਨਾ ਅਤੇ ਲੜਕੀਆਂ ਪ੍ਰਤੀ ਇੱਕ ਨਵਾਂ ਦ੍ਰਿਸ਼ਟੀਕੋਣ ਦੇਣਾ ਅਤੇ ਵਿਤਕਰੇ ਨੂੰ ਘਟਾਉਣਾ। ਜੇਕਰ ਅਸੀਂ ਅਸਲ ਵਿੱਚ ਸਮਾਜ ਅਤੇ ਦੇਸ਼ ਦਾ ਵਿਕਾਸ ਕਰਨਾਂ ਚਾਹੁੰਦੇ ਹਾਂ ਤਾਂ ਲੜਕੀਆਂ ਦੇ ਵਿਕਾਸ ਅਤੇ ਭਲਾਈ ਲਈ ਅਸਰਦਾਇਕ ਯੋਜਨਾਵਾਂ ਬਣਾਉਣੀਆਂ ਅਤੇ ਸੱਖਤੀ ਨਾਲ ਲਾਗੂ ਕਰਨੀਆਂ ਚਾਹੀਦੀਆਂ ਹਨ ਤਾਂ ਜੋ ਸਮਾਜ ਅਤੇ ਦੇਸ ਵਿੱਚ ਲੜਕੀਆਂ ਲਈ ਖੁਸ਼ਗਵਾਰ ਮਾਹੌਲ ਬਣਾਇਆ ਜਾ ਸਕੇ ਨਹੀਂ ਤਾਂ ਅੱਜ ਦੇ ਦਿਨ ਦੀ ਵੀ ਕੋਈ ਖਾਸ ਮਹੱਤਤਾ ਨਹੀਂ ਰਹੇਗੀ ਅਤੇ ਅੱਜ ਦੇ ਦਿਨ ਸਬੰਧੀ ਕਰਵਾਏ ਜਾਣ ਵਾਲੇ ਸਮਾਗਮ ਇੱਕ ਖਾਨਾਪੂਰਤੀ ਹੀ ਬਣਕੇ ਰਹਿ ਜਾਣਗੇ।

# ਗਦਰ ਲਹਿਰ ਦੇ ਆਗੂ, ਅਜ਼ਾਦੀ ਘੁਲਾਟੀਏ, ਆਦਿ ਧਰਮ ਮੰਡਲ ਦੇ ਸੰਸਥਾਪਕ ਬਾਬੂ ਮੰਗੂ ਰਾਮ ਮੁਗੋਵਾਲੀਆ ਦਾ ਜਨਮ ਦਿਵਸ ਮਨਾਇਆ ਗਿਆ

ਗਦਰ ਲਹਿਰ ਦੇ ਆਗੂ, ਅਜ਼ਾਦੀ ਘੁਲਾਟੀਏ, ਆਦਿ ਧਰਮ ਮੰਡਲ ਦੇ ਸੰਸਥਾਪਕ ਅਤੇ ਸਾਬਕਾ ਵਿਧਾਇਕ ਬਾਬੂ ਮੰਗੂ ਰਾਮ ਮੁਗੋਵਾਲੀਆ ਦਾ ਜਨਮ ਦਿਵਸ ਸਵਾਮੀ ਫ਼ਕੀਰ ਦਾਸ ਸਮਾਧੀ ਆਦਿ ਦੁਆਰਾ ਵੈਲਫੇਅਰ ਟਰੱਸਟ ਵਲੋਂ ਆਦਿ ਦੁਆਰਾ ਸਵਾਮੀ ਫ਼ਕੀਰ ਦਾਸ ਪਿੰਡ ਰੁੜਕੀ ਜ਼ਿਲ੍ਹਾ ਜਲੰਧਰ ਵਿਖੇ ਮਨਾਇਆ ਗਿਆ। ਇਸ ਸਮਾਗਮ ਦੀ ਰਸਮੀ ਸ਼ੁਰੂਆਤ ਸਵਾਮੀ ਈਸ਼ਰ ਦਾਸ ਜੀ ਦੁਆਰਾ ਰਚਿਤ ਗ੍ਰੰਥ ਸ੍ਰੀ ਆਦਿ ਪ੍ਰਕਾਸ਼ ਰਤਨਾਕਰ ਜੀ ਦੀ ਬਾਣੀ ਦਾ ਪਾਠ ਗਆਨੀ ਹੁਸਨ ਲਾਲ ਜੀ ਦੇ ਕੀਰਤਨੀ ਜਥੇ ਵਲੋ ਕਰਕੇ ਕੀਤੀ ਗਈ। ਇਸ ਮੌਕੇ ਵਿਸ਼ੇਸ਼ ਮਹਿਮਾਨ ਜਗਦੀਸ਼ ਕੌਰ ਲੁਧਿਆਣਾ ਵਲੋਂ ਗ਼ਦਰੀ ਬਾਬਾ ਬਾਬੂ ਮੰਗੂ ਰਾਮ ਮੁਗੋਵਾਲੀਆ ਜੀ ਦੀ ਨਵੀਂ ਡਿਜੀਟਲ ਤਸਵੀਰ ਤੋਂ ਪਰਦਾ ਉਠਾਉਣ ਦੀ ਰਸਮ ਅਦਾ ਕੀਤੀ ਗਈ। ਉਨ੍ਹਾਂ ਨੇ ਆਏ ਹੋਏ ਮਹਿਮਾਨਾ ਦਾ ਸਵਾਗਤ ਕੀਤਾ ਅਤੇ ਕਿਹਾ ਕਿ ਕਿਸੇ ਵੀ ਧਰਮ ਅਤੇ ਮੁਹਿੰਮ ਨੂੰ ਅੱਗੇ ਲਿਜਾਉਣ ਲਈ ਸਮਾਜ ਦੇ ਬੁੱਧੀਜੀਵੀਆਂ ਦਾ ਵਿਸ਼ੇਸ ਯੋਗਦਾਨ ਹੁੰਦਾ ਹੈ ਅਤੇ ਅੱਜ ਦੇ ਇਸ ਸਮਾਰੋਹ ਵਿੱਚ ਵੱਖ ਵੱਖ ਬੁੱਧੀਜੀਵੀਆਂ ਦਾ ਸ਼ਾਮਿਲ ਹੋਣਾ ਮਾਣ ਵਾਲੀ ਗੱਲ ਹੈ। ਇਸ ਸਮਾਰੋਹ ਵਿਚ ਸਤਵਿੰਦਰ ਮਦਾਰਾ ਪਹੁੰਚੇ ਬਤੌਰ ਮੁੱਖ ਮਹਿਮਾਨ ਵਜੋਂ ਅਤੇ ਬਾਬੂ ਮੰਗੂ ਰਾਮ ਮੁਗੋਵਾਲੀਆ ਦੇ ਪੜਪੋਤਾ ਸੁਭਾਸ਼ ਗੰਗੜ, ਡਾਕਟਰ ਜਸਵੰਤ ਰਾਏ ਸਾਹਿਤਕਾਰ, ਕੁਲਦੀਪ ਚੰਦ ਦੋਬੇਟਾ, ਮੈਡਮ ਸ਼ਿਫਾਲੀ ਸੈਣੀ, ਸੋਢੀ ਰਾਣਾ ਡਾਇਰੈਕਟਰ ਪ੍ਰਗਤੀ ਕਲਾ ਕੇਂਦਰ ਲਾਂਧੜਾਂ ਵਿਸ਼ੇਸ਼ ਮਹਿਮਾਨ ਵਜੋਂ ਪਹੁੰਚੇ। ਬਹੁਜਨ ਅੰਦੋਲਨ ਦੇ ਕਰਾਂਤੀਕਾਰੀ ਗਾਇਕ ਹਰਨਾਮ ਸਿੰਘ ਬਹਿਬਲਪੁਰੀ ਨੇ ਬਾਬੂ ਮੰਗੂ ਰਾਮ ਮੁਗੋਵਾਲੀਆ ਦੇ ਜੀਵਨ ਅਤੇ ਮਿਸ਼ਨ ਨੂੰ ਸਮਰਪਿਤ ਰਚਨਾਵਾਂ ਪੇਸ ਕੀਤੀਆਂ।

ਕੁਲਦੀਪ ਚੰਦ ਦੋਬੇਟਾ ਨੇ ਬਾਬੂ ਮੰਗੂ ਰਾਮ ਮੁੱਗੋਵਾਲੀਆ ਦੇ ਜੀਵਨ ਅਤੇ ਵਿਚਾਰਧਾਰਾ ਬਾਰੇ ਜਾਣੂ ਕਰਵਾਇਆ। ਉਨ੍ਹਾਂ ਦੱਸਿਆ ਕਿ ਬਾਬੂ ਮੰਗੂ ਰਾਮ ਮੁਗੋਵਾਲੀਆ ਬਹੁਤੇ ਸਕੂਲਾਂ ਵਿੱਚ ਦਾਖਲ ਹੋਣ ਵਾਲੇ ਪਹਿਲੇ ਦਲਿਤ ਵਿਦਿਆਰਥੀ ਸਨ। ਉਸ ਵੇਲੇ ਅਛੂਤਾਂ ਨੂੰ ਕਈ ਅਧਿਕਾਰਾਂ ਤੋਂ ਬਾਂਝੇ ਰੱਖਿਆ ਗਿਆ ਸੀ ਅਤੇ ਇਨ੍ਹਾਂ ਅਧਿਕਾਰਾਂ ਲਈ ਬਾਬੂ ਜੀ ਨੇ ਸੰਘਰਸ਼ ਕੀਤਾ। 1925 ਵਿੱਚ ਵਿਦੇਸ਼ ਤੋਂ ਵਾਪਸ ਆਕੇ ਬਾਬੂ ਜੀ ਨੇ ਪਿੰਡ ਵਿੱਚ ਲਿਤਾੜ੍ਹੇ ਵਰਗ ਦੇ ਬੱਚਿਆਂ ਨੂੰ ਸਿੱਖਿਆ ਦੇਣ ਲਈ ਪਹਿਲਾ ਆਦਿ ਧਰਮ ਪ੍ਰਾਇਮਰੀ ਸਕੂਲ ਖੋਲਿਆ। 11-12 ਜੂਨ 1926 ਨੂੰ ਪਿੰਡ ਮੁਗੋਵਾਲ ਵਿੱਚ ਦੇਸ਼ ਦੇ ਵੱਖ ਵੱਖ ਭਾਗਾਂ ਪੰਜਾਬ, ਰਾਜਸਥਾਨ, ਉੱਤਰ ਪ੍ਰਦੇਸ, ਦਿੱਲੀ, ਕਲਕੱਤਾ ਆਦਿ ਤੋਂ 36 ਜਾਤਾਂ ਦੇ ਹਜਾਰਾਂ ਲੋਕਾਂ ਜਿਨ੍ਹਾਂ ਨੂੰ ਅਛੂਤ ਮੰਨਿਆਂ ਜਾਂਦਾ ਸੀ ਦਾ ਭਾਰੀ ਇਕੱਠ ਹੋਇਆ ਅਤੇ ਘੋਸ਼ਣਾ ਕੀਤੀ ਗਈ ਕਿ ਇਨ੍ਹਾਂ ਜਾਤਾਂ ਨਾਲ ਸਬੰਧਿਤ ਲੋਕ ਆਦਿ ਧਰਮ ਅਪਣਾਉਣਗੇ ਅਤੇ ਆਦਿ ਧਰਮ ਮੰਡਲ ਦੀ ਸਥ੍ਹਾਪਨਾ



ਕੀਤੀ। ਆਦਿ ਧਰਮ ਮੰਡਲ ਦੇ ਸੰਘਰਸ਼ ਕਾਰਨ ਅਛੂਤਾਂ ਨੂੰ ਪੜ੍ਹਣ ਲਿਖਣ ਦੀਆਂ ਸਹੂਲਤਾਂ, ਵੋਟ ਦਾ ਅਧਿਕਾਰ ਪ੍ਰਾਪਤ ਹੋਇਆ, ਬੇਗਾਰ ਪ੍ਰਥਾ ਬੰਦ ਕਰਵਾਈ, ਫੌਜ ਅਤੇ ਪੁਲਿਸ ਵਿੱਚ ਭਰਤੀ ਸ਼ੁਰੂ ਹੋਈ, ਰਜਤਨਾਮੇ ਖਤਮ ਕਰਕੇ ਘਰਾਂ ਦੇ ਮਾਲਕ ਬਣਾਇਆ ਗਿਆ, 1900 ਵਿੱਚ ਬਣਿਆ ਇੰਤਕਾਲ ਇਰਾਜ਼ੀ ਐਕਟ ਖਤਮ ਕਰਵਾਇਆ ਜਿਸ ਨਾਲ ਗੈਰ ਮਾਰੂਸੀ ਲੋਕਾਂ ਨੂੰ ਵੀ ਜਾਇਦਾਦ ਖ੍ਰੀਦਣ ਦਾ ਅਧਿਕਾਰ ਮਿਲਿਆ। ਆਦਿ ਧਰਮ ਮੰਡਲ ਨੇ ਹਰੀਜਨ ਸ਼ਬਦ ਦੀ ਵਰਤੋਂ ਦਾ ਖੁੱਲਕੇ ਵਿਰੋਧ ਕੀਤਾ। 1930 ਵਿੱਚ ਆਦਿ ਧਰਮੀ ਲੜਕੇ ਲੜਕੀਆਂ ਜੋ ਦਸਵੀਂ ਪਾਸ ਹਨ ਨੂੰ ਅਧਿਆਪਕ ਦੀ ਸਿਖਲਾਈ ਦੇਣ ਲਈ ਸਪੈਸ਼ਲ ਕਲਾਸਾਂ ਸ਼ੁਰੂ ਕੀਤੀਆਂ ਗਈਆਂ। 1931 ਵਿੱਚ ਹੋਈ ਜਨਗਣਨਾ ਵਿੱਚ ਪਹਿਲੀ ਵਾਰ ਆਦਿ ਧਰਮ ਨੂੰ ਜੋੜ੍ਹਿਆ ਗਿਆ ਅਤੇ ਲੱਗਭੱਗ 418789 ਲੋਕਾਂ ਨੇ ਜੋਕਿ ਕੁੱਲ ਅਬਾਦੀ ਦਾ ਲੱਗਭੱਗ 1.5 ਫਿਸਦੀ ਸੀ ਨੇ ਅਪਣਾ ਧਰਮ ਆਦਿ ਧਰਮ ਲਿਖਾਇਆ ਸੀ। 1930,31,32 ਵਿੱਚ ਲੰਡਨ ਵਿੱਚ ਹੋਈਆ ਗੋਲਮੇਜ਼ ਕਾਨਫਰੰਸਾ ਵਿੱਚ ਇਹ ਸਾਬਤ ਕਰਨ ਲਈ ਕਿ ਭਾਰਤੀ ਅਛੂਤਾਂ ਦੇ ਅਸਲੀ ਆਗੂ ਡਾਕਟਰ ਅੰਬੇਡਕਰ ਹਨ ਪੰਜਾਬ ਅਤੇ ਹੋਰ ਸੂਬਿਆਂ ਤੋਂ ਆਦਿ ਧਰਮ ਆਗੂਆਂ ਨੇ ਲੱਗਭੱਗ 57 ਤਾਰਾਂ ਲੰਡਨ ਭੇਜੀਆਂ ਜਿਸ ਕਾਰਨ ਅੰਬੇਡਕਰ ਨੂੰ ਅਛੂਤਾਂ ਦੀ ਪ੍ਰਤੀਨਿਧਤਾ ਕਰਨ ਦਾ ਅਧਿਕਾਰ ਮਿਲਿਆ। 1932 ਵਿੱਚ ਦਲਿਤਾਂ ਨੂੰ ਮਿਲੇ ਦੋਹਰੀ ਵੋਟ ਦੇ ਅਧਿਕਾਰ ਦੇ ਵਿਰੋਧ ਵਿੱਚ ਜਦੋਂ ਗਾਂਧੀ ਨੇ ਮਰਨ ਵਰਤ ਰੱਖਿਆ ਤਾਂ ਇਨ੍ਹਾਂ ਆਗੂਆਂ ਨੇ ਗਾਂਧੀ ਖਿਲਾਫ ਮਰਨ ਵਰਤ ਰੱਖਿਆ। ਸਾਲ 1937 ਵਿੱਚ ਪੰਜਾਬ ਵਿੱਚ ਹੋਈਆ ਚੋਣਾਂ ਵਿੱਚ ਆਦਿ ਧਰਮ ਮੰਡਲ ਆਗੂਆਂ ਨੇ ਬਾਬੂ ਮੰਗੂ ਰਾਮ ਮੁਗੋਵਾਲੀਆ ਦੀ ਅਗਵਾਈ ਵਿੱਚ ਰਾਖਵੀਆਂ 8 ਸੀਟਾਂ ਵਿਚੋਂ 7 ਤੇ ਜਿੱਤ ਹਾਸਲ ਕੀਤੀ ਸੀ ਅਤੇ 8ਵੀਂ ਸੀਟ ਜੋਕਿ ਸਿਰਫ 07 ਵੋਟਾਂ ਨਾਲ ਹਾਰੀ ਸੀ ਜਿੱਤਣ ਵਾਲਾ ਮੂਲਾ ਸਿੰਘ ਬਲਾਚੌਰ ਵੀ ਬਾਦ ਵਿੱਚ ਆਦਿ ਧਰਮ ਮੰਡਲ ਵਿੱਚ ਸ਼ਾਮਿਲ ਹੋ ਗਿਆ ਸੀ। 1946 ਵਿੱਚ ਬਾਬੂ ਮੰਗੂ ਰਾਮ ਆਪਣੇ 04 ਹੋਰ ਸਾਥੀਆਂ ਨਾਲ ਵਿਧਾਇਕ ਬਣੇ। ਅਜਾਦ ਭਾਰਤ ਵਿੱਚ ਵੀ ਬਾਬੂ ਮੰਗੂ ਰਾਮ ਨੇ ਆਦਿ ਧਰਮ ਲਹਿਰ ਨੂੰ ਚਲਾਉਣ ਲਈ ਲਗਾਤਾਰ ਸੰਘਰਸ਼ ਕੀਤਾ। ਡਾਕਟਰ ਜਸਵੰਤ ਰਾਏ ਨੇ ਬਾਬੂ ਮੰਗੂ ਰਾਮ ਮੁਗੋਵਾਲੀਆ ਦਾ ਗਦਰ ਲਹਿਰ ਅਤੇ ਦੇਸ਼ ਦੀ ਅਜ਼ਾਦੀ ਵਿੱਚ ਯੋਗਦਾਨ ਵਿਸ਼ੇ ਤੇ ਆਪਣਾ ਪੇਪਰ ਪੜ੍ਹਿਆ। ਉਨ੍ਹਾਂ ਦੱਸਿਆ ਕਿ ਆਪ 1909 ਵਿੱਚ ਯੂ ਐਸ ਏ ਚਲੇ ਗਏ। ਕੁੱਝ ਸਾਲ ਪਿੰਡ ਦੇ ਜਿਮੀਂਦਾਰਾਂ ਕੋਲ ਖੇਤਾਂ ਵਿੱਚ ਹੀ ਕੰਮ ਕੀਤਾ ਪਰ ਇੱਥੇ ਵੀ ਜਾਤ ਅਧਾਰਤ ਵਿਤਕਰੇ ਦਾ ਹੀ ਸਾਹਮਣਾ ਕਰਨਾ ਪਿਆ। ਇਸ ਦੌਰਾਨ ਆਪ ਅਜ਼ਾਦੀ ਦੀ ਲੜ੍ਹਾਈ ਲਈ ਗਦਰ ਲਹਿਰ ਦੇ ਆਗੂਆਂ ਲਾਲਾ ਹਰਦਿਆਲ ਅਤੇ ਸੋਹਣ ਸਿੰਘ ਭਕਨਾ ਦੇ ਸੰਪਰਕ ਵਿੱਚ ਆ ਗਏ ਅਤੇ ਗਦਰ ਲਹਿਰ ਲਈ ਕੰਮ ਕਰਨਾ ਸ਼ੁਰੂ ਕਰ ਦਿਤਾ। ਗਦਰ ਲਹਿਰ ਵਲੋਂ ਇੱਕ ਬਹੁਤ ਹੀ ਖਤਰਨਾਕ ਮਿਸ਼ਨ ਉਲੀਕਿਆ ਗਿਆ ਜਿਸ ਵਿੱਚ ਅਜ਼ਾਦੀ ਦੀ ਲੜਾਈ ਲਈ ਹਥਿਆਰਾਂ ਦਾ ਇੱਕ ਜ਼ਹਾਜ ਸਮੁੰਦਰ ਰਸਤੇ ਭਾਰਤ ਲਿਜਾਉਣਾ ਸੀ ਜਿਸਦੀ ਮੁੱਖ ਜਿੰਮੇਵਾਰੀ ਬਾਬੂ ਜੀ ਨੂੰ ਦਿੱਤੀ ਗਈ ਪਰ ਇਸਦੀ ਖਬਰ ਪਹਿਲਾਂ ਹੀ ਬਰਤਾਨੀਆ ਸਰਕਾਰ ਨੂੰ ਲੱਗ ਗਈ ਅਤੇ ਇਸਦੀ ਜਾਸੂਸੀ ਸ਼ੁਰੂ ਕਰ ਦਿਤੀ। ਇਹ ਮਿਸ਼ਨ ਜੋਕਿ 1915 ਵਿੱਚ ਚੱਲਿਆ ਅਤੇ ਜਿਸਨੂੰ ਗਦਰ ਲਹਿਰ ਦੇ ਪੰਜ ਆਗੂ ਲੈਕੇ ਆ ਰਹੇ ਸਨ ਬਰਤਾਨੀਆਂ ਸਰਕਾਰ ਨੇ ਸਮੁੰਦਰ ਵਿੱਚ ਤੋਪਾਂ ਨਾਲ ਉਡਾ ਦਿਤਾ। ਬਾਬੂ ਜੀ ਕਿਸੇ ਤਰੀਕੇ ਨਾਲ ਬਚ ਗਏ ਅਤੇ ਇਸਤੋਂ ਬਾਦ ਫਿਲਪਾਈਨ (ਮਨੀਲਾ), ਸ੍ਰੀ ਲੰਕਾ ਹੁੰਦੇ ਹੋਏ ਆਖਰ ਸੋਲ੍ਹਾਂ ਸਾਲ ਬਾਅਦ 1925 ਵਿੱਚ ਭਾਰਤ ਆ ਪਹੁੰਚੇ। ਬਾਬੂ ਜੀ ਨੇ ਪੰਜਾਬ ਵਿੱਚ ਆਕੇ ਵੇਖਿਆ ਕਿ ਦੇਸ਼ ਨੂੰ ਅੰਗਰੇਜਾਂ ਤੋਂ ਅਜ਼ਾਦ ਕਰਵਾਉਣ ਲਈ ਲੜਾਈ ਲੜੀ ਜਾ ਰਹੀ ਹੈ ਪਰੰਤੂ ਸਦੀਆਂ ਤੋਂ ਗੁਲਾਮ ਅਛੂਤਾਂ ਦੇ ਵਿਕਾਸ ਅਤੇ ਅਜ਼ਾਦੀ ਲਈ ਕੋਈ ਕੁੱਝ ਨਹੀਂ ਕਰ ਰਿਹਾ ਹੈ। ਉਸ ਸਮੇਂ ਦਲਿਤਾਂ ਦੀ ਕੋਈ ਵੀ ਆਪਣੀ ਪਹਿਚਾਣ ਨਹੀਂ ਸੀ। ਸੁਭਾਸ਼ ਗੰਗੜ ਨੇ ਕਿਹਾ ਕਿ ਬਾਬੂ ਮੰਗੂ ਰਾਮ ਦੁਆਰਾ ਸਥਾਪਿਤ ਕੀਤੇ ਆਦਿ ਧਰਮ ਮੰਡਲ ਕਰਕੇ ਹੀ ਸਮਾਜ ਵਿੱਚ ਸਾਡੀ ਚੰਗੀ ਦਿੱਖ ਬਣੀ ਹੈ ਅਤੇ ਇਸ ਸਦਕਾ ਅਸੀਂ ਅਜ਼ਾਦੀ ਦਾ ਨਿੱਘ ਮਾਣ ਰਹੇ ਹਾਂ। ਸਮਾਗਮ ਵਿੱਚ ਪਹੁੰਚੀਆਂ ਸ਼ਖ਼ਸੀਅਤਾਂ ਸ਼ਿਫਾਲੀ ਸੈਣੀ, ਸੋਢੀ ਰਾਣਾ ਅਤੇ ਮੁੱਖ ਮਹਿਮਾਨ ਸਤਵਿੰਦਰ ਮਦਾਰਾ ਅਤੇ ਤਰਸੇਮ ਸਹੋਤਾ ਨੇ ਆਪਣੇ ਵਡਮੁੱਲੇ ਵਿਚਾਰਾਂ ਵਿੱਚ ਕਿਹਾ ਕਿ ਆਦਿ ਧਰਮ ਮੰਡਲ ਨੇ ਉਪਲਬੱਧੀਆਂ ਪ੍ਰਾਪਤ ਕੀਤੀਆਂ ਹਨ ਅਤੇ ਆਦਿ ਧਰਮ ਮੰਡਲ ਦੇ ਮਹਾਨ ਯੋਧੇਆਂ ਦੀਆਂ ਕੁਰਬਾਨੀਆਂ ਨੂੰ ਡਿਜੀਟਲ ਪੇਂਟਿੰਗ ਰਾਹੀ ਡਿਜੀਟਲ ਸਾਹਿਤ ਰਾਹੀਂ ਜਨ ਜਨ ਪਹੁੰਚਾਣਾ ਜ਼ਰੂਰੀ ਹੈ। ਸਵਾਮੀ ਫ਼ਕੀਰ ਦਾਸ ਸਮਾਧੀ ਆਦਿ ਦੁਆਰਾ ਵੈਲਫੇਅਰ ਟਰੱਸਟ ਰਾਜਿ ਪਿੰਡ ਰੁੜਕੀ ਵਲੋਂ ਗ਼ਦਰੀ ਬਾਬਾ ਬਾਬੂ ਮੰਗੂ ਰਾਮ ਮੁਗੋਵਾਲੀਆ ਜੀ ਦੇ ਜੀਵਨ ਸੰਘਰਸ਼ ਨੂੰ ਸਾਹਿਤਕ ਤੌਰ ਅਤੇ ਕਲਾ ਦੇ ਖੇਤਰ ਆਰਟ ਵਰਕ ਰਾਹੀਂ ਜ਼ਮੀਨੀ ਪੱਧਰ ਤੇ ਕੰਮ ਕਰਨ ਲਈ ਹਾਜਰ ਵੱਖ ਵੱਖ ਵਿਅਕਤੀਆਂ ਡਾਕਟਰ ਜਸਵੰਤ ਰਾਏ, ਕੁਲਦੀਪ ਚੰਦ ਦੋਬੇਟਾ, ਕੁਲਪ੍ਰੀਤ ਰਾਣਾ ਕਨੇਡਾ, ਸ਼ਿਫਾਲੀ ਸੈਣੀ ਨੂੰ ਗ਼ਦਰੀ ਬਾਬਾ ਬਾਬੂ ਮੰਗੂ ਰਾਮ ਮੁਗੋਵਾਲੀਆ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸੰਤ ਸੁਐਮ ਦਾਸ ਨੇ ਵਰਿੰਦਰ ਕੈਂਥ, ਮੈਡਮ ਜਗਦੀਸ਼ ਕੌਰ, ਭਾਰਤ ਕੁਮਾਰ ਧਨੋਵਾਲੀ, ਤਰਸੇਮ ਸਹੋਤਾ, ਮਨਜਿੰਦਰ ਸਿਆਣ, ਜਗਜੀਵਨ ਭਟੋਆ, ਸੰਤ ਅਮਰਜੀਤ ਸੈਂਪਲਾ ਆਦਿ ਨੂੰ ਸਨਮਾਨਿਤ ਕੀਤਾ। ਰੋਸ਼ਨ ਭਾਰਤੀ ਦੀ ਅਗਵਾਈ ਵਿੱਚ ਆਯੋਜਿਤ ਇਸ ਸਮਾਰੋਹ ਵਿੱਚ ਸਟੇਜ ਸਕੱਤਰ ਦੀ ਅਹਿਮ ਭੂਮਿਕਾ ਡਾਕਟਰ ਚਰਨਜੀਤ ਸਿੰਘ ਵਲੋਂ ਨਿਭਾਈ ਗਈ। ਇਸ ਸਮਾਗਮ ਵਿੱਚ ਹਾਜਰ ਲੋਕਾਂ ਨੇ ਬਾਬੂ ਜੀ ਵਲੋਂ ਕੀਤੇ ਗਏ ਸੰਘਰਸ਼ ਅਤੇ ਦਰਸਾਏ ਰਸਤੇ ਤੇ ਚੱਲਕੇ ਪੀੜ੍ਹਿਤ ਲੋਕਾਂ ਦੀ ਭਲਾਈ ਲਈ ਕੰਮ ਕਰਨ ਦੀ ਘੋਸ਼ਣਾ ਕੀਤੀ। ਸੰਤ ਸੁਐਮ ਦਾਸ ਜੀ ਵਲੋਂ ਆਇਆਂ ਸੰਗਤਾਂ ਦਾ ਆਪਣੇ ਵਡਮੁੱਲੇ ਪ੍ਰਵਚਨਾਂ ਰਾਹੀਂ ਧੰਨਵਾਦ ਕੀਤਾ ਅਤੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

**- ਕੁਲਦੀਪ ਚੰਦ 91-94175-63054**

# ਕੈਨੇਡਾ ਰਾਹੀਂ ਅਮਰੀਕਾ ਜਾਂਦਿਆਂ ਠੰਢ ਨਾਲ ਮਰਨ ਵਾਲੇ ਪਰਿਵਾਰ ਨਾਲ ਕੀ ਬੀਤੀ

**(ਸਫਾ 4 ਦੀ ਬਾਕੀ)**

ਲੋਕਾਂ ਨੂੰ ਦੋ ਕਾਰਾਂ ਵਿਚ ਬਿਠਾ ਲਿਆ ਗਿਆ। ਇੱਕ ਕਾਰ ਫੈਨਿਲ ਚਲਾ ਰਿਹਾ ਸੀ ਅਤੇ ਦੂਜੀ ਕਾਰ ਬਿੱਟੂ ਚਲਾ ਰਿਹਾ ਸੀ। ਪਹਿਲਾਂ ਵੈਨਕੂਵਰ ਰਾਹੀਂ ਅਮਰੀਕਾ ਵਿੱਚ ਦਾਖ਼ਲ ਹੋਣ ਦਾ ਫ਼ੈਸਲਾ ਕੀਤਾ ਗਿਆ ਸੀ ਪਰ ਸਰਹੱਦ ਪਾਰ ਕਰਨ ਲਈ 11500 ਡਾਲਰ ਦੇਣੇ ਪੈਣੇ ਸਨ।

ਜਦੋਂ ਕਿ, ਜੇ ਕੋਈ ਵਿਨੀਪੈਗ ਰਾਹੀਂ ਅਮਰੀਕਾ ਵਿੱਚ ਦਾਖ਼ਲ ਹੋਇਆ ਜਾਂਦਾ ਤਾਂ 7500 ਡਾਲਰ ਫ਼ੀਸ ਵਜੋਂ ਅਦਾ ਕਰਨੀ ਪੈਣੀ ਸੀ। ਸ਼ਰਤ ਸਿਰਫ਼ ਇਹ ਸੀ ਕਿ ਸਰਹੱਦ ਤੱਕ ਪਹੁੰਚਣ ਲਈ ਲੰਮਾ ਰਸਤਾ ਪੈਦਲ ਚੱਲਣਾ ਪੈਣਾ ਸੀ। ਹਰ ਇੱਕ ਨੇ 4000 ਅਮਰੀਕੀ ਡਾਲਰ ਬਚਾਉਣ ਲਈ, ਵੈਨਕੂਵਰ ਤੋਂ ਵਿਨੀਪੈਗ ਜਾਣ ਦਾ ਫ਼ੈਸਲਾ ਲਿਆ। ਸਭ ਨੂੰ ਇੱਕ ਮੋਬਾਈਲ ਐਪਲੀਕੇਸ਼ਨ ਡਾਊਨਲੋਡ ਕਰਨ ਲਈ ਆਖਿਆ ਗਿਆ ਸੀ। ਉਨ੍ਹਾਂ ਨੂੰ ਦੱਸਿਆ ਗਿਆ ਕਿ ਸਟੀਵ ਸੈਂਡਜ਼ ਨਾਂ ਦਾ ਵਿਅਕਤੀ ਉਨ੍ਹਾਂ ਨੂੰ ਸਰਹੱਦ 'ਤੇ ਮਿਲੇਗਾ, ਜੋ ਉਨ੍ਹਾਂ ਨੂੰ ਫਲੋਰੀਡਾ ਲੈ ਕੇ ਜਾਵੇਗਾ।

ਡੀਸੀਪੀ ਮੰਡਲਿਕ ਦਾ ਕਹਿਣਾ ਹੈ, "ਵਧੇਰੇ ਪੈਸੇ ਕਮਾਉਣ ਲਈ, ਫੈਨਿਲ ਉਨ੍ਹਾਂ ਨੂੰ ਕਾਰ ਵਿੱਚ ਵੈਨਕੂਵਰ ਤੋਂ ਵਿਨੀਪੈਗ ਲੈ ਗਿਆ, ਜੋ ਕਿ 2500 ਕਿਲੋਮੀਟਰ ਹੈ। ਉਹ ਉਨ੍ਹਾਂ ਲਈ ਫਲਾਈਟ ਦੀਆਂ ਟਿਕਟਾਂ ਬੁੱਕ ਕਰਵਾ ਸਕਦਾ ਸੀ। ਪ੍ਰਤੀ ਬੰਦਾ 4000 ਅਮਰੀਕੀ ਡਾਲਰ, ਜੋ ਕਿ 44000 ਅਮਰੀਕੀ ਡਾਲਰ ਬਣਦਾ ਹੈ, ਬਚਾਉਣ ਲਈ ਉਸ ਨੇ 11 ਲੋਕਾਂ ਦੀ ਜਾਨ ਨੂੰ ਖ਼ਤਰੇ ਵਿੱਚ ਪਾ ਕੇ ਵਿਨੀਪੈਗ ਰਾਹੀਂ ਅਮਰੀਕਾ ਵਿੱਚ ਦਾਖ਼ਲ ਹੋਣ ਦਾ ਸੋਚਿਆ।" ਅਮਰੀਕਾ ਦੀ ਸਰਹੱਦ 'ਤੇ ਜਾਣ ਵਾਲੀ ਸੜਕ ਖਤਰਨਾਕ ਹੋਣ ਕਾਰਨ ਚਾਰ ਲੋਕਾਂ ਦੀ ਜਾਨ ਚਲੀ ਗਈ। ਦੋ ਵਿਅਕਤੀ ਗੰਭੀਰ ਜ਼ਖ਼ਮੀ ਹੋ ਗਏ।

ਜੇਕਰ ਉਨ੍ਹਾਂ ਦਾ ਸਮੇਂ ਸਿਰ ਇਲਾਜ ਨਾ ਹੁੰਦਾ ਤਾਂ ਉਨ੍ਹਾਂ ਦੀ ਹਾਲਤ ਨਾਜ਼ੁਕ ਹੋ ਸਕਦੀ ਸੀ। ਸੰਯੁਕਤ ਰਾਜ ਦੇ ਜ਼ਿਲ੍ਹਾ ਅਦਾਲਤ ਦੇ ਮੈਜਿਸਟਰੇਟ ਹਿਲਡੀ ਬੌਬੀਅਰ, ਹੋਮਲੈਂਡ ਸਕਿਓਰਿਟੀ ਅਫ਼ਸਰ ਜੌਹਨ ਸਟੈਨਲੀ ਅਤੇ ਬਾਰਡਰ ਪੈਟਰੋਲ ਏਜੰਟ ਕੇਵਿਨ ਬੈਕਸ ਦੇ ਸਾਹਮਣੇ ਦਾਇਰ ਕੀਤੇ ਗਏ ਹਲਫ਼ਨਾਮੇ ਵਿੱਚ ਕਿਹਾ ਕਿ ਦਸੰਬਰ 2021 ਵਿੱਚ ਕੁਝ ਲੋਕਾਂ ਨੇ ਗ਼ੈਰ-ਕਾਨੂੰਨੀ ਢੰਗ ਨਾਲ ਸਰਹੱਦ ਪਾਰ ਕੀਤੀ ਸੀ, ਉਨ੍ਹਾਂ ਦੇ ਪੈਰਾਂ ਦੇ ਨਿਸ਼ਾਨ ਮਿਲੇ ਹਨ ਅਤੇ ਇਹ ਵੀ ਦੇਖਿਆ ਗਿਆ ਹੈ ਕਿ ਉਹ ਇੱਕ ਵਾਹਨ ਵਿੱਚ ਸਵਾਰ ਸਨ। ਕੈਨੇਡੀਅਨ ਮਾਊਂਟਿਡ ਪੁਲਿਸ ਨੂੰ ਵਿਨੀਪੈਗ ਵਿਖੇ ਇੱਕ ਬੈਗ ਮਿਲਿਆ, ਜਿਸ 'ਤੇ ਲੱਗਿਆ ਕੀਮਤ ਵਾਲਾ ਟੈਗ ਭਾਰਤੀ ਮੁਦਰਾ ਵਿੱਚ ਸੀ। ਇਸ ਤੋਂ ਇਹ ਮਾਮਲਾ ਮਨੁੱਖੀ ਤਸਕਰੀ ਦਾ ਹੋਣ ਦੇ ਸਬੂਤ ਮਿਲੇ। 12 ਜਨਵਰੀ, 2022 ਨੂੰ ਭਾਰੀ ਬਰਫ਼ਬਾਰੀ ਦਰਜ ਕੀਤੀ ਗਈ ਸੀ ਅਤੇ ਬਰਫ਼ਬਾਰੀ ਕਾਰਨ ਅਮਰੀਕਾ-ਕੈਨੇਡਾ ਸਰਹੱਦ 'ਤੇ ਇੱਕ ਕਾਰ ਫ਼ਸ ਗਈ ਸੀ। ਕਾਰ ਨੂੰ ਬਰਫ਼ ਤੋਂ ਬਾਹਰ ਕੱਢਣ ਲਈ ਕ੍ਰੇਨ ਬੁਲਾਈ ਗਈ। ਕਰੇਨ ਚਾਲਕ ਵੱਲੋਂ ਸਾਂਝੀ ਕੀਤੀ ਗਈ ਜਾਣਕਾਰੀ ਮੁਤਾਬਕ, ਜਦੋਂ ਉਹ ਬਰਫ਼ ਵਿੱਚੋਂ ਇੱਕ ਕਾਰ ਨੂੰ ਬਾਹਰ ਕੱਢ ਰਿਹਾ ਸੀ ਤਾਂ ਸੱਤ ਲੋਕ ਪੈਦਲ ਉੱਥੇ ਆ ਗਏ। ਉਹ ਅੰਗਰੇਜ਼ੀ ਨਹੀਂ ਬੋਲ ਸਕਦੇ ਸਨ, ਪਰ ਗੁਜਰਾਤੀ ਜਾਣਦੇ ਸਨ। ਸੱਤ ਲੋਕ 11 ਘੰਟੇ ਤੋਂ ਵੱਧ ਪੈਦਲ ਚੱਲ ਕੇ ਕੈਨੇਡਾ ਤੋਂ ਅਮਰੀਕਾ ਵਿੱਚ ਦਾਖ਼ਲ ਹੋਏ ਸਨ।

ਸਟੀਵ ਸੈਂਡਸ ਉਨ੍ਹਾਂ ਨੂੰ ਲੈਣ ਲਈ ਪਹੁੰਚਿਆ ਸੀ। ਫਲੋਰੀਡਾ ਦੇ ਮੂਲ ਨਿਵਾਸੀ ਨੇ ਸਰਹੱਦ 'ਤੇ ਪਹੁੰਚੇ ਲੋਕਾਂ ਲਈ ਖਾਣ-ਪੀਣ ਦਾ ਪ੍ਰਬੰਧ ਕੀਤਾ ਸੀ। ਸਟੀਵ ਨੇ ਫਲੋਰੀਡਾ ਪਹੁੰਚਣ ਲਈ ਅੰਦਰੂਨੀ ਰਸਤੇ ਲੈਣ ਦੀ ਯੋਜਨਾ ਬਣਾਈ। 'ਵੀ.ਡੀ.' ਉਨ੍ਹਾਂ ਸੱਤ ਲੋਕਾਂ ਵਿੱਚੋਂ ਸੀ ਜੋ ਕੈਨੇਡਾ ਤੋਂ ਅਮਰੀਕਾ ਤੱਕ ਸਾਰਾ ਰਾਹ ਪੈਦਲ ਗਏ ਸਨ। ਉਹ ਬੱਚਿਆਂ ਨਾਲ ਜਾ ਰਹੇ ਸਨ। ਉਨ੍ਹਾਂ ਦੇ ਸਮਾਨ ਵਿੱਚ ਕੱਪੜੇ ਤੇ ਬੱਚਿਆਂ ਦੇ ਡਾਇਪਰ ਮਿਲੇ। ਪੁੱਛਗਿੱਛ ਕਰਨ 'ਤੇ ਪਤਾ ਲੱਗਾ ਕਿ ਚਾਰ ਲੋਕ ਲਾਪਤਾ ਹਨ। ਕਾਫੀ ਭਾਲ ਤੋਂ ਬਾਅਦ ਦੋਵਾਂ ਬੱਚਿਆਂ ਅਤੇ ਉਨ੍ਹਾਂ ਦੇ ਮਾਤਾ-ਪਿਤਾ ਦੀਆਂ ਲਾਸ਼ਾਂ ਬਰਫ 'ਚੋਂ ਮਿਲੀਆਂ। ਸਾਢੇ ਗਿਆਰਾਂ ਘੰਟੇ ਤੱਕ ਬਰਫ਼ ਵਿੱਚ ਚੱਲਣ ਤੋਂ ਬਾਅਦ ਇੱਕ ਔਰਤ ਨੇ ਆਪਣੀਆਂ ਉਂਗਲਾਂ ਜੰਮ ਜਾਣ ਗਈਆਂ ਅਤੇ ਸਾਹ ਲੈਣ ਵਿੱਚ ਤਕਲੀਫ਼ ਦੀ ਸ਼ਿਕਾਇਤ ਵੀ ਕੀਤੀ।

ਜਦੋਂ ਕਿ ਇੱਕ ਵਿਅਕਤੀ ਦੇ ਪੈਰਾਂ ਦੀਆਂ ਉਂਗਲਾਂ 'ਤੇ ਠੰਡ ਲੱਗਣ ਕਾਰਨ ਹਸਪਤਾਲ 'ਚ ਇਲਾਜ ਕਰਵਾਉਣਾ ਪਿਆ। ਗੁਜਰਾਤ ਪੁਲਿਸ ਨੇ ਜਦੋਂ ਅਹਿਮਦਾਬਾਦ ਸਥਿਤ ਫੈਨਿਲ ਪਟੇਲ ਦੇ ਦਫ਼ਤਰ 'ਚ ਆਉਣ-ਜਾਣ ਵਾਲੇ ਲੋਕਾਂ ਦੀ ਤਕਨੀਕੀ ਨਿਗਰਾਨੀ ਕੀਤੀ ਤਾਂ ਪਤਾ ਲੱਗਾ ਕਿ ਯੋਗੇਸ਼ ਪਟੇਲ ਨਾਂਅ ਦਾ ਵਿਅਕਤੀ ਉਸ ਨਾਲ ਮਿਲ ਕੇ ਮਨੁੱਖੀ ਤਸਕਰੀ ਦਾ ਰੈਕੇਟ ਚਲਾਉਂਦਾ ਸੀ। ਮੇਮਨਗਰ ਦਾ ਰਹਿਣ ਵਾਲਾ ਯੋਗੇਸ਼ ਲੋਕਾਂ ਨੂੰ ਗ਼ੈਰ-ਕਾਨੂੰਨੀ ਢੰਗ ਨਾਲ ਅਮਰੀਕਾ ਭੇਜਣ ਲਈ 66 ਤੋਂ 75 ਲੱਖ ਰੁਪਏ ਵਸੂਲਦਾ ਸੀ।

### ਗੁਆਂਢੀਆਂ ਅਤੇ ਤਕਲੀਫ਼ਾਂ ਝੱਲਣ ਵਾਲਿਆਂ ਦੀ ਚੁੱਪ

ਪ੍ਰਿਅੰਕਾ ਚੌਧਰੀ ਉਨ੍ਹਾਂ ਲੋਕਾਂ 'ਚ ਸ਼ਾਮਲ ਸਨ, ਜਿਨ੍ਹਾਂ ਨੇ ਅਮਰੀਕਾ ਪਹੁੰਚਣ ਲਈ ਯੋਗੇਸ਼ ਪਟੇਲ ਨੂੰ ਮੋਟੀ ਰਕਮ ਦਿੱਤੀ ਸੀ। ਅਹਿਮਦਾਬਾਦ ਦੇ ਰਾਨੀਪ ਇਲਾਕੇ 'ਚ ਰਹਿਣ ਵਾਲੀ ਪ੍ਰਿਅੰਕਾ ਚੌਧਰੀ ਦੇ ਰਿਸ਼ਤੇਦਾਰ ਐਮਐਮ ਚੌਧਰੀ ਕਹਿੰਦੇ ਹਨ, "ਪ੍ਰਿਅੰਕਾ ਸਾਡੀ ਰਿਸ਼ਤੇਦਾਰ ਹੈ ਅਤੇ ਮਾਨਸਾ 'ਚ ਰਹਿੰਦੀ ਸੀ। ਪ੍ਰਿੰਸ ਚੌਧਰੀ ਦੇ ਕਹਿਣ 'ਤੇ ਉਸ ਨੇ ਯੋਗੇਸ਼ ਪਟੇਲ ਨਾਲ ਮੁਲਾਕਾਤ ਕੀਤੀ। ਪ੍ਰਿੰਸ ਦੀ ਪ੍ਰਿਅੰਕਾ ਦੇ ਅੰਕਲ ਨਾਲ ਗੱਲ ਹੋਈ ਸੀ।" "ਅਮਰੀਕਾ ਪਹੁੰਚਣ ਤੋਂ ਬਾਅਦ ਕੁਝ ਰਕਮ ਅਦਾ ਕੀਤੀ ਜਾਣੀ ਸੀ। ਇਸ ਬਾਰੇ ਵੀਡੀਓ ਕਾਲ 'ਤੇ ਚਰਚਾ ਹੋਈ। ਪਰ ਜਦੋਂ ਜਨਵਰੀ ਦੇ ਅੰਤ 'ਚ ਅਸੀਂ ਪ੍ਰਿਅੰਕਾ ਨਾਲ ਗੱਲ ਕੀਤੀ ਤਾਂ ਉਹ ਹਸਪਤਾਲ 'ਚ ਸੀ। ਉਸ ਦੀਆਂ ਉਂਗਲਾਂ 'ਚ ਖ਼ੂਨ ਦਾ ਥੱਕਾ ਹੋਣ ਕਾਰਨ ਉਸ ਦਾ ਆਪਰੇਸ਼ਨ ਕਰਨਾ ਪਿਆ।" "ਹਸਪਤਾਲ ਲੈ ਕੇ ਜਾਣ ਵੇਲੇ ਉਸ ਨੂੰ ਸਾਹ ਲੈਣ ਵਿੱਚ ਦਿੱਕਤ ਆ ਰਹੀ ਸੀ ਅਤੇ ਆਕਸੀਜਨ ਸਪੋਰਟ 'ਤੇ ਸੀ। ਖ਼ੂਨ ਦੇ ਥੱਕੇ ਹੋਣ ਕਾਰਨ ਪ੍ਰਿੰਸ ਨੂੰ ਪੈਰਾਂ ਦੀਆਂ ਉਂਗਲਾਂ ਦਾ ਇਲਾਜ ਕਰਵਾਉਣਾ ਪਿਆ।"

ਗ਼ੈਰ-ਕਾਨੂੰਨੀ ਢੰਗ ਨਾਲ ਅਮਰੀਕਾ ਭੇਜਣ ਵਾਲੇ ਇਕ ਏਜੰਟ ਨੇ ਕਿਹਾ, "ਜਨਵਰੀ 2022 ਵਿੱਚ, ਜਦੋਂ ਕੋਵਿਡ-19 ਦੇ ਮਾਮਲੇ ਸਾਹਮਣੇ ਆਏ ਤਾਂ ਯੋਗੇਸ਼ ਪਟੇਲ ਮੁੜ ਸਰਗਰਮ ਹੋ ਗਿਆ। ਇਮਾਰਤ ਨਿਰਮਾਣ ਦੀ ਆੜ ਵਿੱਚ ਉਹ ਕੈਨੇਡਾ ਤੋਂ ਅਮਰੀਕਾ ਵਿੱਚ ਲੋਕਾਂ ਦੀ ਤਸਕਰੀ ਕਰ ਰਿਹਾ ਹੈ। ਉਹ ਪਿਛਲੇ 10 ਸਾਲਾਂ ਤੋਂ ਅਜਿਹਾ ਕਰ ਰਿਹਾ ਹੈ।" "ਯੋਗੇਸ਼ ਨੇ 11 ਲੋਕਾਂ ਨੂੰ ਗ਼ੈਰ-ਕਾਨੂੰਨੀ ਤਰੀਕੇ ਨਾਲ ਅਮਰੀਕਾ ਭੇਜਣ ਦੀ ਯੋਜਨਾ ਬਣਾਈ ਸੀ। ਕਲੋਲ-ਮਾਨਸਾ ਦੇ ਸਬ-ਏਜੰਟ ਭਾਵੇਸ਼ ਅਤੇ ਅਹਿਮਦਾਬਾਦ ਦੇ ਯੋਗੇਸ਼ ਨੇ ਕੁਝ ਲੋਕਾਂ ਨੂੰ ਤਿਆਰ ਕੀਤਾ ਜੋ ਅਮਰੀਕਾ ਜਾਣਾ ਚਾਹੁੰਦੇ ਸਨ।" ਅਹਿਮਦਾਬਾਦ ਦੇ ਮੇਮਨਗਰ ਇਲਾਕੇ 'ਚ ਰਹਿਣ ਵਾਲੇ ਯੋਗੇਸ਼ ਦੇ ਗੁਆਂਢੀ ਉਸ ਬਾਰੇ ਗੱਲ ਕਰਨ ਲਈ ਤਿਆਰ ਨਹੀਂ ਹਨ।

ਉਸ ਦੇ ਨਾਲ ਕੰਮ ਕਰਨ ਵਾਲੇ ਇਲੈਕਟ੍ਰੀਸ਼ੀਅਨ ਜਯੇਸ਼ ਠਾਕੋਰ ਨੇ ਕਿਹਾ, "ਅਸੀਂ ਯੋਗੇਸ਼ ਪਟੇਲ ਨੂੰ ਇਕ ਠੇਕੇਦਾਰ ਵਜੋਂ ਜਾਣਦੇ ਹਾਂ। ਸਾਨੂੰ ਨਹੀਂ ਪਤਾ ਕਿ ਉਹ ਲੋਕਾਂ ਨੂੰ ਗ਼ੈਰ-ਕਾਨੂੰਨੀ ਢੰਗ ਨਾਲ ਵਿਦੇਸ਼ ਭੇਜਦਾ ਹੈ ਜਾਂ ਨਹੀਂ।" ਕਲੋਲ ਦੇ ਪਲਸਾਨਾ ਇਲਾਕੇ 'ਚ ਰਹਿਣ ਵਾਲੇ ਭਾਵੇਸ਼ ਪਟੇਲ ਦੇ ਦੋਸਤ ਜਿਗਨੇਸ਼ ਨੇ ਬੀਬੀਸੀ ਨੂੰ ਦੱਸਿਆ, "ਭਾਵੇਸ਼ ਛੋਟੇ ਪੱਧਰ 'ਤੇ ਵਪਾਰ ਕਰਦਾ ਸੀ, ਪਰ ਸਾਨੂੰ ਨਹੀਂ ਪਤਾ ਕਿ ਉਹ ਮਨੁੱਖੀ ਤਸਕਰੀ ਦਾ ਨੈੱਟਵਰਕ ਵੀ ਚਲਾ ਰਿਹਾ ਸੀ।"

ਬੀਐੱਚ ਰਾਠੌੜ, ਜੋ ਕਿ ਅਹਿਮਦਾਬਾਦ ਦਿਹਾਤੀ ਪੁਲਿਸ ਵਿੱਚ ਪੁਲਿਸ ਇੰਸਪੈਕਟਰ ਵਜੋਂ ਤੈਨਾਤ, ਮੇਹਸਾਣਾ ਵਿੱਚ ਸਥਾਨਕ ਅਪਰਾਧ ਸ਼ਾਖਾ (ਐੱਲਸੀਬੀ) ਵਿੱਚ ਤਾਇਨਾਤ ਸੀ। "ਮੈਕਸੀਕਨ ਰੂਟ ਅਤੁਲ ਚੌਧਰੀ ਅਤੇ ਬੌਬੀ ਪਟੇਲ ਵੱਲੋਂ ਚਲਾਇਆ ਜਾਂਦਾ ਹੈ। ਕੈਨੇਡਾ ਤੋਂ, ਲੋਕਾਂ ਦੀ ਤਸਕਰੀ ਅਮਰੀਕਾ ਵਿੱਚ ਕੀਤੀ ਜਾਂਦੀ ਹੈ।"

"ਜੇਕਰ ਕੋਈ ਵਿਅਕਤੀ ਅੰਗਰੇਜ਼ੀ ਨਹੀਂ ਜਾਣਦਾ ਸੀ, ਤਾਂ ਉਹ ਚੰਗੇ ਗ੍ਰੇਡਾਂ ਵਾਲੇ ਸਰਟੀਫਿਕੇਟਾਂ ਦਾ ਪ੍ਰਬੰਧ ਕਰਦੇ ਸਨ। ਅਤੁਲ ਅਤੇ ਬੌਬੀ ਆਈਲੈਟਸ ਦੀ ਪ੍ਰੀਖਿਆ ਪਾਸ ਕਰਨ ਲਈ ਡੰਮੀ ਉਮੀਦਵਾਰਾਂ ਦੀ ਮਦਦ ਲੈਂਦੇ ਸਨ ਅਤੇ ਦਿੱਲੀ ਸਥਿਤ ਇਕ ਸੰਸਥਾ ਉਨ੍ਹਾਂ ਦੀ ਮਦਦ ਕਰਦੀ ਸੀ।" "ਹਾਲ ਹੀ ਵਿੱਚ, ਕੁਝ ਮੁੰਡਿਆਂ ਨੂੰ ਗੁਜਰਾਤ 'ਚ ਗ਼ੈਰ-ਕਾਨੂੰਨੀ ਤਰੀਕੇ ਨਾਲ ਅਮਰੀਕਾ 'ਚ ਦਾਖ਼ਲ ਹੋਣ ਦੇ ਇਲਜ਼ਾਮ 'ਚ ਗ੍ਰਿਫਤਾਰ ਕੀਤਾ ਗਿਆ ਸੀ। "ਜਾਂਚ ਵਿੱਚ ਸਾਹਮਣੇ ਆਇਆ ਕਿ ਉੱਤਰੀ ਗੁਜਰਾਤ ਦੇ ਪੇਂਡੂ ਜਾਂ ਤਾਲੁਕਾ ਖੇਤਰਾਂ ਵਿੱਚ ਕੰਮ ਕਰਨ ਵਾਲੇ ਏਜੰਟ ਅਹਿਮਦਾਬਾਦ ਵਿੱਚ ਏਜੰਟਾਂ ਦੇ ਸੰਪਰਕ ਵਿੱਚ ਰਹਿੰਦੇ ਹਨ। ਵਿਜ਼ਟਰ ਵੀਜ਼ੇ 'ਤੇ ਲੋਕਾਂ ਨੂੰ ਦਿੱਲੀ ਤੋਂ ਕੈਨੇਡਾ ਅਤੇ ਮੈਕਸੀਕੋ ਪਹੁੰਚਾਇਆ ਜਾਂਦਾ ਹੈ।"

"ਗ਼ੈਰ-ਕਾਨੂੰਨੀ ਢੰਗ ਨਾਲ ਮੈਕਸੀਕਨ ਸਰਹੱਦ ਪਾਰ ਕਰਦੇ ਫੜੇ ਗਏ ਲੋਕਾਂ ਨੂੰ ਸ਼ਰਨਾਰਥੀ ਕੈਂਪਾਂ ਵਿੱਚ ਰੱਖਿਆ ਜਾਂਦਾ ਹੈ।" "ਉਨ੍ਹਾਂ ਦੇ ਮੋਬਾਈਲ ਫੋਨ 'ਤੇ ਇੱਕ ਐਪਲੀਕੇਸ਼ਨ ਡਾਊਨਲੋਡ ਕੀਤੀ ਜਾਂਦੀ ਹੈ ਅਤੇ ਉਨ੍ਹਾਂ ਨੂੰ ਪੈਦਲ ਯਾਤਰਾ ਕਰਨ ਲਈ ਕਿਹਾ ਜਾਂਦਾ ਹੈ। ਗੁਜਰਾਤ ਏਜੰਟ ਦੀ ਭੂਮਿਕਾ ਵਿਅਕਤੀ ਦੇ ਮੈਕਸੀਕੋ ਜਾਂ ਕੈਨੇਡਾ ਪਹੁੰਚਣ ਤੋਂ ਬਾਅਦ ਖ਼ਤਮ ਹੋ ਜਾਂਦੀ ਹੈ।"

"ਗੁਜਰਾਤੀ ਏਜੰਟ ਉਨ੍ਹਾਂ ਨੂੰ ਮੈਕਸੀਕਨ ਏਜੰਟ ਦੇ ਹਵਾਲੇ ਕਰ ਦਿੰਦਾ ਹੈ, ਜੋ ਬਾਅਦ ਵਿੱਚ ਉਨ੍ਹਾਂ ਨੂੰ ਯੂਐੱਸਏ ਏਜੰਟ ਦੇ ਹਵਾਲੇ ਕਰਦਾ ਹੈ। ਯੂਐੱਸਏ ਏਜੰਟ, ਦੇਸ਼ ਵਿੱਚ ਸੁਰੱਖਿਅਤ ਪ੍ਰਵੇਸ਼ ਅਤੇ ਬਾਅਦ ਵਿੱਚ ਨੌਕਰੀ ਦਾ ਪ੍ਰਬੰਧ ਕਰਨ ਵਿੱਚ ਸਹਾਇਕ ਹੁੰਦੇ ਹਨ।" "ਕੈਨੇਡਾ ਤੋਂ ਅਮਰੀਕਾ ਵਿੱਚ ਦਾਖ਼ਲ ਹੋਣ ਦੀ ਕੋਸ਼ਿਸ਼ ਕਰਨ ਵਾਲਿਆਂ ਨੂੰ ਮੋਟਲਾਂ ਵਿੱਚ ਰੱਖਿਆ ਜਾਂਦਾ ਹੈ। ਕੈਨੇਡੀਅਨ ਅਤੇ ਯੂਐੱਸ ਏਜੰਟ ਵੱਖੋ-ਵੱਖਰੇ ਹੁੰਦੇ ਹਨ। ਜਦੋਂ ਕੋਈ ਘੁਸਪੈਠੀਏ ਨੂੰ ਅਮਰੀਕਾ ਵਿੱਚ ਫੜਿਆ ਜਾਂਦਾ ਹੈ, ਤਾਂ ਉਹਨਾਂ ਦੀਆਂ ਗਤੀਵਿਧੀਆਂ ਨੂੰ ਟਰੈਕ ਕਰਨ ਲਈ ਉਹਨਾਂ ਦੇ ਗੁੱਟ ਨਾਲ ਇੱਕ ਜੀਪੀਐੱਸ (ਗਲੋਬਲ ਪੋਜੀਸ਼ਨਿੰਗ ਸਿਸਟਮ) ਬੈਂਡ ਲਗਾਇਆ ਜਾਂਦਾ ਹੈ।"

"ਜੇਕਰ ਇਹ ਲੋਕ ਕਿਸੇ ਗ਼ੈਰ-ਕਾਨੂੰਨੀ ਗਤੀਵਿਧੀ ਵਿੱਚ ਸ਼ਾਮਲ ਨਹੀਂ ਹੁੰਦੇ ਹਨ, ਤਾਂ ਕੋਈ ਵੀ ਉਹਨਾਂ ਨੂੰ ਪਰੇਸ਼ਾਨ ਨਹੀਂ ਕਰਦਾ ਜਦੋਂ ਤੱਕ ਕੇਸ ਚੱਲਦੇ ਹਨ। ਯੂਐੱਸਏ ਏਜੰਟਾਂ ਦੇ ਵਕੀਲ ਉਹਨਾਂ ਲੋਕਾਂ ਦੇ ਕੇਸ ਲੜਦੇ ਹਨ ਜੋ ਗ਼ੈਰ-ਕਾਨੂੰਨੀ ਢੰਗ ਨਾਲ ਦਾਖ਼ਲ ਹੋਏ ਹਨ। ਜ਼ਿਆਦਾਤਰ ਲੋਕ ਜੇ ਕੋਈ ਗ਼ੈਰ-ਕਾਨੂੰਨੀ ਕੰਮ ਨਹੀਂ ਕਰਦੇ ਹਨ ਤਾਂ ਉਹ ਸੈਟਲ ਹੋ ਜਾਂਦੇ ਹਨ।" "66 ਤੋਂ 75 ਲੱਖ ਰੁਪਏ ਵਸੂਲਣ ਵਾਲਾ ਏਜੰਟ ਇਹ ਸਾਰੀ ਜ਼ਿੰਮੇਵਾਰੀ ਲੈਂਦਾ ਹੈ।" ਬੌਬੀ ਪਟੇਲ ਨੂੰ ਹਾਲ ਹੀ 'ਚ ਗ੍ਰਿਫ਼ਤਾਰ ਕੀਤਾ ਗਿਆ ਹੈ, ਜਦਕਿ ਅਤੁਲ ਚੌਧਰੀ ਨੇ ਰੂਸੀ ਕੁੜੀ ਨਾਲ ਵਿਆਹ ਕੀਤਾ ਹੈ। ਮੰਨਿਆ ਜਾ ਰਿਹਾ ਹੈ ਕਿ ਰੂਸ ਅਤੇ ਯੂਕਰੇਨ ਵਿਚਾਲੇ ਜੰਗ ਸ਼ੁਰੂ ਹੋਣ ਤੋਂ ਬਾਅਦ ਅਤੁਲ ਆਪਣੀ ਪਤਨੀ ਨਾਲ ਕੈਨੇਡਾ 'ਚ ਸੀ। ਡੀਜੀਪੀ ਭਾਟੀਆ ਦੇ ਮੁਤਾਬਕ, "ਅਸੀਂ ਗ਼ੈਰ-ਕਾਨੂੰਨੀ ਢੰਗ ਨਾਲ ਅਮਰੀਕਾ ਵਿੱਚ ਲੋਕਾਂ ਨੂੰ ਭੇਜਣ ਦੇ ਰੈਕੇਟ ਦੇ ਬਹੁਤ ਨੇੜੇ ਪਹੁੰਚ ਗਏ ਹਾਂ। ਦੋ ਏਜੰਟਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਅਸੀਂ ਵਿਦੇਸ਼ੀ ਏਜੰਸੀਆਂ ਦੇ ਸੰਪਰਕ ਵਿੱਚ ਹਾਂ ਅਤੇ ਅਸੀਂ ਵਿਦੇਸ਼ਾਂ ਵਿੱਚ ਲੁਕੇ ਹੋਏ ਏਜੰਟਾਂ ਨੂੰ ਫੜਾਂਗੇ।"

# Lohri celebrated at the Sri Guru Ravidass Temple Pittsburg

Ramesh Suman
Former President / Chairman- Shri Guru Ravidass Sabha, Pittsburg (CA)

Lohri was celebrated on January 13, 2023 at Sri Guru Ravidass temple in Pittsburg, California. Ramesh Suman and Gyan Suman hosted the Path and Langar Sewa. Inspite of rain and very cold weather Sangat came in large number.

Langer of SAGG and MAKKI DI ROTI was served in addition to Punjabi Kari for Lohri. After the Sukhmani Sahib path, peanuts, GAJAK, and REWARI were shared and thrown into the flames of the bonfire by sangat. Giani Balwinder Singh, Giani Satinder Singh and Giani Karmjit Singh did path sewa and ARDAS. Prayers were offered to the bonfire seeking abudance & prosperity.

Anil Sharma and Asha Sharma , Dass Sweets, distributed sweets (LADOO and JALEBI) to celebrate their granddaughter's first Lohri. Bhagwan Dass and Kashmir Kaur, Gurdial Chand and Lakshmi, distributed Peanuts and Rewari to celebrate their grandchildren's first Lohri. We thank Gurughar Jatha, Committee and sangat for helping with cooking and contributing for this event in the Gurdwara Sahib.






















ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮ ਤੁਮ੍ਹਾਰੇ ਲੇਖੇ । ਕਹਿ ਰਵਿਦਾਸ ਆਸ ਲਗਿ ਜੀਵਉ ਚਿਰ ਭਇਓ ਦਰਸਨ ਦੇਖੇ ॥

# ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ)

**31252 Veasy Street, Union City, California 94587**




ਗੁਰੂ ਪਿਆਰੀ ਸਾਧ ਸੰਗਤ ਜੀਓ,
ਗੁਰੂ ਘਰ ਦੀ ਪ੍ਰਬੰਧਕ ਕਮੇਟੀ ਅਤੇ ਸੰਗਤ ਵੱਲੋਂ ਭਾਰਤ ਦੀ ਆਜ਼ਾਦੀ ਲਈ ਸੰਘਰਸ਼ ਕਰਨ ਵਾਲੇ ਆਜ਼ਾਦੀ ਘੁਲਾਟੀਏ ਅਤੇ ਆਦਿ ਧਰਮ ਮੰਡਲ ਦੇ ਬਾਨੀ ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਦਾ 138ਵਾਂ ਜਨਮ ਦਿਹਾੜਾ 29 ਜਨਵਰੀ 2023 ਦਿਨ ਐਤਵਾਰ ਨੂੰ ਮਨਾਇਆ ਜਾਵੇਗਾ। ਇਸ ਮੌਕੇ ਰਸਭਿੰਨਾ ਸ਼ਬਦ ਗਾਇਨ ਹੋਵੇਗਾ ਅਤੇ ਇਸ ਮੌਕੇ ਬੁਲਾਰੇ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਦੇ ਜੀਵਨ ਅਤੇ ਸੰਘਰਸ਼ 'ਤੇ ਚਾਨਣਾ ਪਾਉਣਗੇ।

ਵਿਨੋਦ ਕੁਮਾਰ ਚੁੰਬਰ (ਚੇਅਰਮੈਨ) 510-953-9800
ਰਾਮ ਲੁਭਾਇਆ (ਪ੍ਰਧਾਨ) 408-449-1105
ਨਰੇਸ਼ ਕੁਮਾਰ (ਜਨਰਲ ਸਕੱਤਰ) 510-857-4551
ਸੋਹਨ ਲਾਲ (ਖਜਾਨਚੀ) 510-200-6649

# ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੋਫਰਨੀਆ)

ਜਿਵੇਂ ਕਿ ਆਪ ਜਾਣਦੇ ਹੋ ਕਿ ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਦੀ ਸਮੂਹ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਟੈਂਪਲ ਬੇ-ਏਰੀਆ ਦੀ ਉਸਾਰੀ ਦਾ ਕੰਮ ਆਰੰਭ ਹੋ ਚੁੱਕਾ ਹੈ। ਅਸੀਂ ਉਹਨਾਂ ਸਾਰੇ ਦਾਨੀ ਪਰਿਵਾਰਾਂ ਦੇ ਬਹੁਤ ਦਿਲੀ ਧੰਨਵਾਦੀ ਹਾਂ, ਜਿਹਨਾਂ ਨੇ ਗੁਰੂ ਘਰ ਦੀ ਬਿਲਡਿੰਗ ਦੀ ਉਸਾਰੀ ਵਾਸਤੇ ਮਾਇਆ ਦਾ ਸਹਿਯੋਗ ਕੀਤਾ ਅਤੇ ਕਰ ਰਹੇ ਹਨ। ਇੱਥੇ ਅਸੀਂ ਵਿਸ਼ੇਸ਼ ਤੌਰ ਤੇ ਕੁਝ ਪਰਿਵਾਰਾਂ ਦਾ ਜ਼ਿਕਰ ਅਤੇ ਧੰਨਵਾਦ ਕਰਦੇ ਹਾਂ, ਜਿਹਨਾਂ ਨੇ ਬਿਨਾਂ ਕਿਸੇ ਵਿਆਜ ਦੇ ਮਾਇਆ ਦਾ ਸਹਿਯੋਗ ਕੀਤਾ ਹੈ। ਉਹਨਾਂ ਵਿਚ –

| | | | |
|---|---|---|---|
| Sukhraj Singh Chopra | **$ 250,000.00** | Vinod Kumar Chumber | **$ 175,000.00** |
| Sukhdev Singh Chopra | **$ 100,000.00** | Gurmail Singh Maman | **$ 100,000.00** |
| Ram Lubhaya | **$ 50,000.00** | Harmesh Modhara | **$ 50,000.00** |
| Malkit Singh Bangar | **$ 10,000.00.** | | |





ਪ੍ਰਬੰਧਕ ਕਮੇਟੀ, ਗੁਰੂ ਪਿਆਰੀ ਸਾਧ ਸੰਗਤ ਦੀ ਅਤੀ ਧੰਨਵਾਦੀ ਹੈ, ਜਿਹਨਾਂ ਨੇ ਮਾਇਕ ਤੌਰ ਤੇ ਇਸ ਸ਼ੁਭ ਕਾਰਜ ਲਈ ਸੇਵਾ ਕੀਤੀ ਹੈ। ਵਾਹਿਗੁਰੂ ਉਹਨਾਂ ਸਾਰੇ ਪਰਿਵਾਰਾਂ ਨੂੰ ਤੰਦਰੁਸਤੀ ਅਤੇ ਖੁਸ਼ਹਾਲੀ ਬਖਸ਼ਣ, ਜਿਹਨਾਂ ਖਜਾਨਿਆਂ 'ਚੋਂ ਇਹ ਮਾਇਆ ਆਈ ਹੈ, ਵਾਹਿਗੁਰੂ ਉਹਨਾਂ ਨੂੰ ਹੋਰ ਪ੍ਰਫੁੱਲਿਤ ਕਰੇ। ਇਸ ਦੇ ਨਾਲ ਹੀ ਅਸੀਂ ਬਾਕੀ ਸਾਰੀ ਗੁਰੂ ਪਿਆਰੀ ਸਾਧ ਸੰਗਤ ਨੂੰ ਸਨਿਮਰ ਬੇਨਤੀ ਕਰਦੇ ਹਾਂ ਕਿ ਆਪ ਜੀ ਵੀ ਆਪਣੀ ਸ਼ਰਧਾ ਅਤੇ ਵਿੱਤ ਅਨੁਸਾਰ ਇਸ ਸ਼ੁਭ ਕਾਰਜ ਲਈ ਜ਼ਰੂਰ ਯੋਗਦਾਨ ਪਾਓ ਜੀ।

ਧੰਨਵਾਦ ਸਹਿਤ ਸਮੂਹ ਪ੍ਰਬੰਧਕ ਕਮੇਟੀ

**ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੋਫਰਨੀਆ)**



Vinod Kumar Chumber (Chairman) 510-953-9800



Ram Lubhaya (President) 408-449-1105



Naresh Kumar (Secretary) 510-857-4551



Sohan Singh Dhanda (Treasurer) 510-200-6649


Raja
SWEETS & CATERING
AUTHORIZED CATERER FOR MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
rajasweetsandcatering
rajasweets


INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow Threading Now Open
Eyebrow Threading & Henna Tattoo
7 times, Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell : 916-798-8142
Email: IndiaMarketRoseville@gmail.com


HAPPY BAZAAR
HAPPY BAZAAR
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
CALL US
Ph: (209) 478-0285
Fax: (209) 477-3206
We sell Air Tickets
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304 E Hammer Lane # 7 Stockton CA 95212
EMAIL: indiabazaar08@yahoo.com


Kash FABRICS
ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
ਸਾੜੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜ੍ਹੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਵ ਵੀਵ ਡੀਵ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਵ ਪੀਵ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138

# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

## AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149

ਚਾਈਨੀਜ਼ 749 (ਦੋ ਟਾਇਰ) $749



Call:
530-824-5134

**ਪੁਰਾਣੇ ਟਾਇਰਾਂ ਦੀ ਸੇਲ**

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

**NEW & USED TIRES**
**WASH, LUBE, BRAKES**

Call:
650-642-0697

## 3525 Highway 99, West Corning, CA 96021
Across the Street from TA Truck Stop



# KB USED AUTO SALES



## 8655 B Monterey Street Gilroy, CA 95020

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

**ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ**



Kashmiri Bhatia & his wife

# K&K AUTO REPAIR
## and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust